Punjabi Parwaz

# ਪੰਜਾਬੀ ਪਰਵਾਜ਼

ਅੰਕ 32ਵਾਂ (ਸ਼ਿਕਾਗੋ): 3 ਅਗਸਤ ਤੋਂ 16 ਅਗਸਤ 2024 ਤੱਕ

ਲੋਕ-ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ

e-mail: punjabiparwaz@gmail.com www.punjabiparwaz.com

Address: 827 E. Kings Row, Unit# 7, Palatine, IL 60074 - Ph: 224-386-4548

## ਅਕਾਲੀ ਧੜਿਆਂ ਦਾ ਕਲੇਸ਼ ਵਧਿਆ

***ਪ੍ਰਦੀਪ ਕਲੇਰ ਵੱਲੋਂ ਸੁਖਬੀਰ ਬਾਦਲ ‘ਤੇ ਸੌਦਾ ਸਾਧ ਨਾਲ ਮੇਲ-ਜੋਲ ਰੱਖਣ ਦੇ ਖੁਲਾਸੇ**

***ਵਿਰੋਧੀ ਪੰਜਾਬ ਸਰਕਾਰ ਅਤੇ ਕੇਂਦਰ ਦੇ ਏਜੰਟ: ਅਕਾਲੀ ਦਲ ਬਾਦਲ**

**ਜਸਵੀਰ ਸਿੰਘ ਸ਼ੀਰੀ**

ਅਕਾਲੀ ਸਿਆਸਤ ਵਿੱਚ ਫੁੱਟ ਦਾ ਰੇੜਕਾ ਸੁਲਝਣ ਵਾਲੇ ਸੰਦਰਭ ਤੋਂ ਅਗਾਂਹ ਵਧਦਾ ਨਜ਼ਰ ਆ ਰਿਹਾ ਹੈ। ਲਗਦਾ ਇੰਝ ਹੈ ਕੇ ਨਾ ਤਾਂ ਬਾਗੀ ਗੁੱਟ ਪਿਛਾਂਹ ਪੈਰ ਪੁੱਟਣ ਲਈ ਤਿਆਰ ਹੈ ਅਤੇ ਨਾ ਹੀ ਸੁਖਬੀਰ ਸਿੰਘ ਬਾਦਲ ਪ੍ਰਧਾਨਗੀ ਤਿਆਗਣ ਦੇ ਮੂਡ ਵਿੱਚ ਹਨ। ਮਸਲਾ ਸੁਲਾਹ ਸਫਾਈ ਵਾਲੇ ਦੌਰ ਤੋਂ ਅਗਾਂਹ ਨਿਕਲ ਗਿਆ ਹੈ। ਇੱਕ ਪਾਸੇ ਤਾਂ ਗੁਰਪ੍ਰਤਾਪ ਸਿੰਘ ਵਡਾਲਾ ਨੇ ਕੁਝ ਦਿਨ ਪਹਿਲਾਂ ਬਾਗੀ ਗੁੱਟ ਵੱਲੋਂ ਇੱਕ 13 ਮੈਂਬਰੀ ਪ੍ਰਜ਼ੀਡੀਅਮ ਦਾ ਐਲਾਨ ਕਰ ਦਿੱਤਾ, ਦੂਜੇ ਪਾਸੇ ਸੁਖਬੀਰ ਸਿੰਘ ਬਾਦਲ ਵਾਲੇ ਅਕਾਲੀ ਗੁੱਟ ਨੇ ਬਾਗੀ ਧਿਰ ਦੇ ਅੱਠ ਆਗੂਆਂ- ਪ੍ਰੇਮ ਸਿੰਘ ਚੰਦੂਮਾਜਰਾ, ਗੁਰਪ੍ਰਤਾਪ ਸਿੰਘ ਵਡਾਲਾ, ਸਿਕੰਦਰ ਸਿੰਘ ਮਲੂਕਾ, ਬੀਬੀ ਜਗੀਰ ਕੌਰ, ਪਰਮਿੰਦਰ ਸਿੰਘ ਢੀਂਡਸਾ, ਸੁਰਜੀਤ ਸਿੰਘ ਰੱਖੜਾ, ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ ਅਤੇ ਚਰਨਜੀਤ ਸਿੰਘ ਬਰਾੜ ਨੂੰ ਪਾਰਟੀ ਵਿੱਚੋਂ ਕੱਢਣ ਦਾ ਐਲਾਨ ਕਰ ਦਿੱਤਾ ਹੈ। ਇਸ ਕਾਰਵਾਈ ਨੂੰ ਪ੍ਰਦੀਪ ਕਲੇਰ ਦੇ ਉਸ ਬਿਆਨ ਦੀ ਪਿੱਠਭੂਮੀ ਵਿੱਚ ਵੇਖਿਆ ਜਾ ਰਿਹਾ ਹੈ, ਜਿਸ ਵਿੱਚ ਉਸ ਨੇ ਕਿਹਾ ਕਿ ਅਕਾਲ ਤਖਤ ਸਾਹਿਬ ਤੋਂ ਛੇਕੇ ਹੋਣ ਦੇ ਬਾਵਜੂਦ ਸੁਖਬੀਰ ਸਿੰਘ ਬਾਦਲ ਡੇਰਾ ਸੱਚਾ ਸੌਦਾ ਦੇ ਮੁਖੀ ਰਾਮ ਰਹੀਮ ਨੂੰ ਮਿਲਦੇ ਰਹੇ ਹਨ।

ਬੇਅਦਬੀ ਦੇ ਦੋਸ਼ੀ ਅਤੇ ਹੁਣ ਵਾਅਦਾ ਮੁਆਫ ਗਵਾਹ ਬਣ ਚੁੱਕੇ ਪ੍ਰਦੀਪ ਕਲੇਰ ਨੇ ਹਾਲ ਹੀ ਵਿੱਚ ਸੁਖਬੀਰ ਸਿੰਘ ਬਾਦਲ ‘ਤੇ ਦੋਸ਼ ਲਾਇਆ ਕਿ ਉਹ ਰਾਮ ਰਹੀਮ ਨੂੰ ਅਕਾਲ ਤਖਤ ਸਾਹਿਬ ਤੋਂ ਛੇਕੇ ਹੋਣ ਦੇ ਬਾਵਜੂਦ ਚੋਰੀ ਛਿੱਪੇ ਮਿਲਦੇ ਰਹੇ। ਉਸ ਨੇ ਦਾਅਵਾ ਕੀਤਾ ਕਿ 12 ਜੁਲਾਈ 2015 ਨੂੰ ਦਿੱਲੀ ਦੇ 12 ਸਫਦਰਗੰਜ ਸਥਿਤ ਕੋਠੀ ਵਿੱਚ ਸੁਖਬੀਰ ਨੇ ਆਪਣੇ ਇੱਕ ਸਾਥੀ ਨਾਲ ਪੰਜਾਬ ਵਿੱਚ ਸੌਦਾ ਸਾਧ ਦੀ ਫਿਲਮ (ਐਮ.ਐਸ.ਜੀ.) ਨੂੰ ਚਲਾਉਣ ਦੇ ਮਾਮਲੇ ‘ਤੇ ਕਿਹਾ ਸੀ ਕਿ ਬਾਬਾ (ਸੌਦਾ ਸਾਧ) ਲਿਖਤੀ ਰੂਪ ਵਿੱਚ ਮੁਆਫੀ ਮੰਗੇ; ਬਾਕੀ ਉਹ ਸੰਭਾਲ ਲੈਣਗੇ। ਪ੍ਰਦੀਪ ਮੁਤਾਬਕ ਸੁਖਬੀਰ ਸਿੰਘ ਬਾਦਲ ਨੇ ਕਿਹਾ, ‘ਜੇ ਉਹ ਤੁਹਾਡਾ ਬਾਬਾ ਹੈ ਤਾਂ ਮੈਂ ਇੱਥੇ ਪੰਜਾਬ ਦਾ ਬਾਬਾ ਹਾਂ।’ ਪ੍ਰਦੀਪ ਅਨੁਸਾਰ ਬਾਬੇ ਵੱਲੋਂ ਸਪਸ਼ਟੀਕਰਨ ਦਿੱਤਾ ਗਿਆ ਸੀ, ‘ਮੁਆਫੀ’ ਵਾਲਾ ਸ਼ਬਦ ਬਾਦਲ ਧਿਰ ਦੀ ਮਿਲੀਭੁਗਤ ਨਾਲ ਬਾਬੇ ਦੀ ਸਹਿਮਤੀ ਬਗੈਰ ਪਾਇਆ ਗਿਆ।

ਦੂਜੇ ਪਾਸੇ ਸੁਖਬੀਰ ਬਾਦਲ ਨੇ ਇਨ੍ਹਾਂ ਦੋਸ਼ਾਂ ਨੂੰ ਬੇਬੁਨਿਆਦ ਦੱਸਦਿਆਂ ਕਿਹਾ ਹੈ ਕਿ ‘ਮੈਂ ਪਹਿਲਾਂ ਹੀ ਖ਼ਾਲਸਾ ਪੰਥ ਦੇ ਸਰਬਉੱਚ ਸਥਾਨ ਅਕਾਲ ਤਖਤ ਸਾਹਿਬ ਦੇ ਜਥੇਦਾਰ ਕੋਲ ਪੇਸ਼ ਹੋ ਕੇ ਆਪਣਾ ਪੱਖ ਦੱਸ ਚੁੱਕਾ ਹਾਂ।’ ਪ੍ਰਦੀਪ ਨੇ ਹੋਰ ਕਿਹਾ ਕਿ ਬਠਿੰਡਾ ਵਿੱਚ ਹਰਸਿਮਰਤ ਕੌਰ ਬਾਦਲ ਦੀ ਚੋਣ ਜਿੱਤਣ ਲਈ ਵੀ ਡੇਰਾ ਸੱਚਾ ਸੌਦਾ ਦੀ ਮਦਦ ਲਈ ਗਈ ਸੀ। ਅਕਾਲੀ ਦਲ ਨੇ ਪ੍ਰਦੀਪ ਕਲੇਰ ਦੇ ਬਿਆਨ ਦੀ ਟਾਈਮਿੰਗ ‘ਤੇ ਸਵਾਲ ਚੁੱਕਦਿਆਂ ਕਿਹਾ ਕਿ ਇਹ ਸਾਰਾ ਕੁਝ ਕੇਂਦਰ ਸਰਕਾਰ, ਪੰਜਾਬ ਦੀ ‘ਆਪ’ ਸਰਕਾਰ ਅਤੇ ਬਾਗੀ ਅਕਾਲੀਆਂ ਦੀ ਸ਼ਹਿ ‘ਤੇ ਹੋ ਰਿਹਾ ਹੈ।

ਉਂਝ ਇਹ ਗੱਲਾਂ ਨਵੀਂਆਂ ਨਹੀਂ ਹਨ, ਪਹਿਲਾਂ ਵੀ ਮੀਡੀਏ ਵਿੱਚ ਆ ਚੁੱਕੀਆਂ ਹਨ; ਪਰ ਜਿਸ ਮੌਕੇ ਕਹੀਆਂ ਜਾ ਰਹੀਆਂ ਹਨ, ਉਸ ਨਾਲ ਇਨ੍ਹਾਂ ਦਾ ਮੁੜ ਮਹੱਤਵ ਬਣ ਗਿਆ ਹੈ। ਇਸ ਸਾਰੇ ਕੁਝ ਨੂੰ ਉਸ ਪਿੱਠ ਭੂਮੀ ਵਿੱਚ ਰੱਖ ਕੇ ਵੇਖਣ ਦੀ ਲੋੜ ਹੈ, ਜਿਸ ਵਿੱਚ ਸਿੱਖ ਪੰਥ ਅੰਦਰ ਰਾਜਨੀਤਿਕ ਘਟਨਾਵਾਂ ਚੱਲ ਰਹੀਆਂ ਹਨ। ਧਿਆਨ ਰਹੇ, ਪਹਿਲੀ ਜੁਲਾਈ ਨੂੰ ਗੁਰਪ੍ਰਤਾਪ ਸਿੰਘ ਵਡਾਲਾ ਦੀ ਅਗਵਾਈ ਵਿੱਚ ਬਾਗੀ ਗੁੱਟ ਅਕਾਲ ਤਖਤ ਸਾਹਿਬ ‘ਤੇ ਪੇਸ਼ ਹੋਇਆ ਅਤੇ ਉਨ੍ਹਾਂ ਨੇ ਬੇਅਦਬੀਆਂ, ਸੌਦਾ ਸਾਧ ਨੂੰ

⇒ ਬਾਕੀ ਸਫਾ 7 ਉਤੇ ਪੜ੍ਹੋ

## ਪੈਰਿਸ ਓਲੰਪਿਕ: ਭਾਰਤੀ ਹਾਕੀ ਟੀਮ ਕੁਆਰਟਰ ਫਾਈਨਲ ਵਿੱਚ

***ਨਿਊਜ਼ੀਲੈਂਡ ਅਤੇ ਆਇਰਲੈਂਡ ਨੂੰ ਹਰਾਇਆ, ਅਰਜਨਟੀਨਾ ਨਾਲ ਬਰਾਬਰੀ**

---

***ਸ਼ੂਟਰ ਮਨੂ ਭਾਕਰ ਅਤੇ ਸਰਬਜੋਤ ਸਿੰਘ ਨੇ ਸ਼ੂਟਿੰਗ ਵਿੱਚ ਦੋ ਕਾਂਸੀ ਦੇ ਤਮਗੇ ਜਿੱਤੇ**



ਮਨੂੰ ਭਾਕਰ ਅਤੇ ਸਰਬਜੋਤ ਸਿੰਘ

ਪੈਰਿਸ ਓਲੰਪਿਕ ਖੇਡਾਂ ਵਿੱਚ ਭਾਰਤੀ ਹਾਕੀ ਟੀਮ ਹੁਣ ਤੱਕ ਆਪਣੇ ਤਿੰਨ ਲੀਗ ਮੈਚ ਨਿਊਜ਼ੀਲੈਂਡ, ਅਰਜਨਟੀਨਾ ਅਤੇ ਆਇਰਲੈਂਡ ਦੇ ਖਿਲਾਫ ਖੇਡ ਚੁੱਕੀ ਹੈ। ਅਰਜਨਟੀਨਾ ਖਿਲਾਫ ਭਾਰਤ ਦਾ ਮੁਕਾਬਲਾ 1-1 ਨਾਲ ਬਰਾਬਰ ਰਿਹਾ ਹੈ ਅਤੇ ਬਾਕੀ ਦੋ ਮੁਕਾਬਲੇ ਭਾਰਤੀ ਟੀਮ ਨੇ ਜਿੱਤ ਲਏ ਹਨ। ਭਾਰਤ ਨੇ ਨਿਊਜ਼ੀਲੈਂਡ ਨੂੰ 3-2 ਅਤੇ ਆਇਰਲੈਂਡ ਦੀ ਟੀਮ ਨੂੰ 2-0 ਦੇ ਫਰਕ ਨਾਲ ਹਰਾਇਆ। ਇਸ ਤਰ੍ਹਾਂ ਭਾਰਤੀ ਹਾਕੀ ਟੀਮ ਕੁਆਰਟਰ ਫਾਈਨਲ ਵਿੱਚ ਪ੍ਰਵੇਸ਼ ਕਰ ਗਈ ਹੈ।

ਭਾਰਤੀ ਹਾਕੀ ਟੀਮ ਨੇ ਬੈਲਜੀਅਮ ਅਤੇ ਆਸਟਰੇਲੀਆ, ਦੋ ਹੋਰ ਟੀਮਾਂ ਦੇ ਖਿਲਾਫ ਲੀਗ ਮੁਕਾਬਲੇ ਖੇਡਣੇ ਹਨ। ਇਨ੍ਹਾਂ ਮੁਲਕਾਂ ਦੇ ਖਿਲਾਫ ਜੇ ਭਾਰਤੀ ਹਾਕੀ ਟੀਮ ਮੁਕਾਬਲੇ ਬਰਾਬਰ ਰੱਖਣ ਵਿੱਚ ਵੀ ਕਾਮਯਾਬ ਹੋ ਜਾਂਦੀ ਹੈ ਤਾਂ ਉਸ ਦਾ ਕੁਆਰਟਰ ਫਾਈਨਲ ਆਸਾਨ ਟੀਮ ਨਾਲ ਹੋ ਸਕਦਾ ਹੈ। ਭਾਰਤ ਦੀ ਇੱਕ ਸ਼ੂਟਰ ਮਨੂੰ ਭਾਕਰ ਨੇ 10 ਮੀਟਰ ਏਅਰ ਪਿਸਟਲ ਮਿਕਸਡ ਅਤੇ 10 ਮੀਟਰ ਏਅਰ ਪਿਸਟਲ ਸਿੰਗਲ ਮੁਕਾਬਲੇ ਵਿੱਚ ਦੋ ਕਾਂਸੀ ਦੇ ਤਮਗੇ ਜਿੱਤੇ ਹਨ। ਮਿਕਸਡ ਮੁਕਾਬਲੇ ਵਿੱਚ ਸਰਬਜੋਤ ਸਿੰਘ ਉਨ੍ਹਾਂ ਨਾਲ ਜੋੜੀਦਾਰ ਸਨ। ਸਰਬਜੋਤ ਹਰਿਆਣਾ ਨਾਲ ਸੰਬੰਧਤ ਖਿਡਾਰੀ ਹਨ। ਇਸ ਦੇ ਉਲਟ ਅਰਜਨ ਬਬੂਟਾ ਵੀ 10 ਮੀਟਰ ਏਅਰ ਪਿਸਟਲ ਮੁਕਾਬਲੇ ਵਿੱਚ ਤਮਗੇ ਦੇ ਦਾਅਵੇਦਾਰ ਸਨ, ਪਰ ਫਾਈਨਲ ਮੁਕਾਬਲੇ ਵਿੱਚ ਮਾਮੂਲੀ ਫਰਕ ਨਾਲ ਖੁੰਝ ਗਏ ਅਤੇ ਚੌਥੇ ਨੰਬਰ ‘ਤੇ ਰਹੇ। ਇਸ ਤੋਂ ਇਲਾਵਾ ਭਾਰਤ ਦੇ ਬੈਡਮਿੰਟਨ ਖਿਡਾਰੀਆਂ ਅਤੇ ਐਥਲੀਟਾਂ ਨੇ ਵੀ ਆਪੋ ਆਪਣੇ ਮੁਢਲੇ ਮੁਕਾਬਲਿਆਂ ਵਿੱਚ ਚੰਗਾ ਪ੍ਰਦਰਸ਼ਨ ਕੀਤਾ। 400 ਮੀਟਰ ਰਿਲੇਅ ਰੇਸ ਵਿੱਚ ਵੀ ਭਾਰਤੀ ਟੀਮ ਅਗਲੇ ਗੇੜ ਵਿੱਚ ਪੁੱਜ ਗਈ ਹੈ। ਇਸ ਰਿਪੋਰਟ ਦੇ ਛਪਣ ਤੱਕ ਕੁਝ ਹੋਰ ਮੁਕਾਬਲਿਆਂ ਦੇ ਨਤੀਜੇ ਵੀ ਆ ਚੁੱਕੇ ਹੋਣਗੇ।

ਟੋਕੀਓ ਓਲੰਪਿਕ ਵਿੱਚ ਭਾਰਤ ਦੇ ਨੀਰਜ ਚੋਪੜਾ ਨੇ ਜੈਵਲਿਨ ਥਰੋਅ ਵਿੱਚ ਸੋਨ ਤਮਗਾ ਹਾਸਲ ਕੀਤਾ ਸੀ। ਉਸ ਕੋਲੋਂ ਇਸ ਵਾਰ ਵੀ ਸੋਨ ਤਮਗੇ ਦੀ ਆਸ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਬੈਡਮਿੰਟਨ ਵਿੱਚ ਪੀ.ਵੀ. ਸੰਧੂ,

⇒ ਬਾਕੀ ਸਫਾ 6 ਉਤੇ ਪੜ੍ਹੋ









# ਪੰਜਾਬ ਵਿੱਚ ਨਵੇਂ ਰਾਜਪਾਲ ਦੀ ਨਿਯੁਕਤੀ ਚਰਚਾ 'ਚ

**ਜੇ.ਐਸ. ਮਾਂਗਟ**

***ਕੇਂਦਰ ਦਾ ਪੰਜਾਬ ਸਰਕਾਰ ਪ੍ਰਤੀ ਰੁਖ ਨਰਮ ਹੋਇਆ?***
***ਸਿੱਖ ਸਿਆਸਤ ਦੀ ਨਵੀਂ ਕਰਵਟ ਅਹਿਮ ਮਸਲਾ ਬਣੀ***

ਪਿਛਲੇ ਕੁਝ ਦਿਨਾਂ ਦੀ ਸਭ ਤੋਂ ਅਹਿਮ ਰਾਜਨੀਤਿਕ ਤੇ ਪ੍ਰਸ਼ਾਸਨਿਕ ਘਟਨਾ ਇਹ ਹੈ ਕਿ ਭਾਰਤ ਦੀ ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪ੍ਰੋਹਿਤ ਦਾ ਅਸਤੀਫਾ ਪ੍ਰਵਾਨ ਕਰ ਲਿਆ ਹੈ। ਉਨ੍ਹਾਂ ਦੀ ਥਾਂ ਹੰਢੇ ਵਰਤੇ ਸਿਆਸਤਦਾਨ ਗੁਲਾਬ ਚੰਦ ਕਟਾਰੀਆ ਨੂੰ ਪੰਜਾਬ ਦਾ ਗਵਰਨਰ ਨਿਯੁਕਤ ਕਰ ਦਿੱਤਾ ਗਿਆ ਹੈ। ਉਹ ਭਾਜਪਾ ਜਮ੍ਹਾਂ ਆਰ.ਐਸ.ਐਸ. ਵਿੱਚ ਡੂੰਘੀਆਂ ਜੜ੍ਹਾਂ ਰੱਖਣ ਵਾਲੇ ਸਿਆਸਤਦਾਨ ਮੰਨੇ ਜਾਂਦੇ ਹਨ ਅਤੇ ਗੁਆਂਢੀ ਸੂਬੇ ਰਾਜਸਥਾਨ ਨਾਲ ਸੰਬੰਧਤ ਹਨ। ਕਟਾਰੀਆ ਪਹਿਲੀ ਵਾਰੀ 1977 ਵਿੱਚ ਰਾਜ ਅਸੈਂਬਲੀ ਲਈ ਚੁਣੇ ਗਏ ਸਨ ਅਤੇ ਹਾਲੇ ਪਿਛੇ ਜਿਹੇ ਤੱਕ ਆਸਾਮ ਦੇ ਗਵਰਨਰ ਰਹਿ ਚੁੱਕੇ ਹਨ।

ਯਾਦ ਰਹੇ, ਪੰਜਾਬ ਦੇ ਸਾਬਕਾ ਗਵਰਨਰ ਬਨਵਾਰੀ ਲਾਲ ਪ੍ਰੋਹਿਤ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵਿਚਾਲੇ ਕੁਝ ਦਿਨ ਪਹਿਲਾਂ ਆਪਸੀ ਵਿਵਾਦ ਮੁੜ ਫੁੱਟ ਆਇਆ ਸੀ। ਮਾਨ ਸਰਕਾਰ ਬਣਨ ਤੋਂ ਬਾਅਦ ਦੋਹਾਂ ਧਿਰਾਂ ਵਿਚਕਾਰ ਪ੍ਰਸ਼ਾਸਨਿਕ ਜ਼ਿੰਮੇਵਾਰੀ ਦੇ ਸੰਵਿਧਾਨਕ ਦਾਇਰਿਆਂ ਨੂੰ ਲੈ ਕੇ ਇਹ ਵਿਵਾਦ ਪਹਿਲਾਂ ਵੀ ਚਲਦਾ ਰਿਹਾ ਹੈ ਅਤੇ ਸਿਖਰਲੀ ਅਦਾਲਤ ਤੱਕ ਵੀ ਪਹੁੰਚ ਗਿਆ ਸੀ। ਸਰਬਉਚ ਅਦਾਲਤ ਨੇ ਰਾਜਪਾਲ ਨੂੰ ਚੁਣੀ ਹੋਈ ਸਰਕਾਰ ਦੇ ਕੰਮ-ਕਾਜ ਵਿੱਚ ਦਖ਼ਲ ਨਾ ਦੇਣ ਦੀ ਹਦਾਇਤ ਕੀਤੀ ਸੀ। ਜ਼ਿਕਰਯੋਗ ਹੈ ਕਿ ਪ੍ਰੋਹਿਤ ਨੇ ਇਸੇ ਸਾਲ 3 ਫਰਵਰੀ (2024) ਨੂੰ ਆਪਣਾ ਅਸਤੀਫਾ ਰਾਸ਼ਟਰਪਤੀ ਨੂੰ ਭੇਜ ਦਿੱਤਾ ਸੀ। ਪੰਜਾਬ ਦੇ ਮੁੱਖ ਮੰਤਰੀ ਨਾਲ ਮੁੜ ਇੱਟ ਖੜੱਕਾ ਹੋਣ ਤੋਂ ਬਾਅਦ ਰਾਸ਼ਟਰਪਤੀ ਨੇ ਉਨ੍ਹਾਂ ਦਾ ਅਸਤੀਫਾ ਪ੍ਰਵਾਨ ਕਰ ਲਿਆ।

ਕੁਝ ਦਿਨ ਪਹਿਲਾਂ ਜਦੋਂ ਲੋਕਾਂ ਨਾਲ ਕੀਤੇ ਆਪਣੇ ਵਾਅਦੇ ਅਨੁਸਾਰ ਮੁੱਖ ਮੰਤਰੀ ਦੋ ਦਿਨ ਲਈ ਜਲੰਧਰ ਵਿੱਚ ਸਨ ਤਾਂ ਪੰਜਾਬ ਪੁਲਿਸ ਦੇ ਡਾਇਰੈਕਟਰ ਜਨਰਲ ਅਤੇ ਮੁੱਖ ਸਕੱਤਰ ਨੂੰ ਨਾਲ ਲੈ ਕੇ ਬਨਵਾਰੀ ਲਾਲ ਪ੍ਰੋਹਿਤ ਰਾਜ ਦੇ ਸਰਹੱਦੀ ਇਲਾਕੇ ਦੇ ਦੌਰੇ 'ਤੇ ਨਿਕਲ ਗਏ ਸਨ। ਇਸ ਮਾਮਲੇ 'ਤੇ ਜਦੋਂ ਪੱਤਰਕਾਰਾਂ ਨੇ ਮੁੱਖ ਮੰਤਰੀ ਨੂੰ ਗਵਰਨਰ ਦੀਆਂ ਸਰਗਰਮੀਆਂ ਬਾਰੇ ਪੁੱਛਿਆ ਤਾਂ ਉਨ੍ਹਾਂ ਕਿਹਾ ਕਿ ਗਵਰਨਰ ਸਾਹਿਬ ਜਦੋਂ ਅਜਿਹੇ ਦੌਰੇ 'ਤੇ ਜਾਂਦੇ ਹਨ ਤਾਂ ਉਨ੍ਹਾਂ ਦੀ ਅੱਧੀ ਸਰਕਾਰ ਨਾਲ ਲੈ ਜਾਂਦੇ ਹਨ। ਉਨ੍ਹਾਂ ਕਿਹਾ ਕਿ ਅਜਿਹਾ ਕਰ ਕੇ ਰਾਜਪਾਲ ਸਾਹਿਬ ਉਨ੍ਹਾਂ ਨੂੰ ਤੰਗ ਕਰਨ ਦਾ ਯਤਨ ਕਰ ਰਹੇ ਹਨ, ਪਰ ਉਹ ਤੰਗ ਹੋਣ ਵਾਲਿਆਂ ਵਿੱਚੋਂ ਨਹੀਂ ਹਨ। ਨਵੇਂ ਗਵਰਨਰ ਦੀ ਨਿਯੁਕਤੀ ਨੂੰ ਲੈ ਕੇ ਪੰਜਾਬ ਦੇ ਮੁੱਖ ਮੰਤਰੀ ਨੇ ਕਿਹਾ ਕਿ ਉਹ ਕੇਂਦਰ ਵੱਲੋਂ ਨਵੇਂ ਗਵਰਨਰ ਦੀ ਨਿਯੁਕਤੀ ਦਾ ਸਵਾਗਤ ਕਰਦੇ ਹਨ। ਉਨ੍ਹਾਂ ਕਿਹਾ ਕਿ ਜੇ ਨਵੇਂ ਰਾਜਪਾਲ ਸਾਹਿਬ ਆਪਣੇ ਸੰਵਿਧਾਨਕ ਦਾਇਰੇ ਦੇ ਪਾਬੰਦ ਰਹਿ ਕੇ ਕੰਮ ਕਰਦੇ ਹਨ ਤਾਂ ਪੰਜਾਬ ਸਰਕਾਰ ਉਨ੍ਹਾਂ ਦਾ ਸਹਿਯੋਗ ਕਰੇਗੀ। ਮੁੱਖ ਮੰਤਰੀ ਨੇ ਕਿਹਾ, "ਅਸੀਂ ਮਿਲ ਕੇ ਕੰਮ ਕਰਾਂਗੇ।" ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਪੰਜਾਬ ਦੇ ਲੋਕ ਅਤੇ ਵਿਰਾਸਤ, ਮਹਿਮਾਨਨਿਵਾਜੀ ਲਈ ਮਸ਼ਹੂਰ ਹੈ। ਇਸ ਲਈ ਅਸੀਂ ਨਵੇਂ ਰਾਜਪਾਲ ਨੂੰ ਪੁਰਖਲੂਸ ਜੀ ਆਇਆਂ ਕਹਿਣ ਵਿੱਚ ਕੋਈ ਕੁਤਾਹੀ ਨਹੀਂ ਕਰਾਂਗੇ। 58 ਨਵੀਆਂ ਐਂਬੂਲੈਂਸਾਂ ਪੰਜਾਬ ਦੇ ਸਿਹਤ ਵਿਭਾਗ ਨੂੰ ਸੌਂਪਦਿਆਂ ਇੱਕ ਪ੍ਰੈੱਸ ਮੀਟਿੰਗ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਸਾਬਕਾ ਗਵਰਨਰ ਸ੍ਰੀ ਪ੍ਰੋਹਿਤ ਸਮਾਨੰਤਰ ਸਰਕਾਰ ਚਲਾਉਣ ਦਾ ਯਤਨ ਕਰ ਰਹੇ ਸਨ, ਇਸ ਤਰ੍ਹਾਂ ਪ੍ਰਸ਼ਾਸਨ ਕਿਵੇਂ ਚੱਲ ਸਕਦਾ ਹੈ? ਉਨ੍ਹਾਂ ਸਾਬਕਾ ਗਵਰਨਰ ਨਾਲ ਕਿਸੇ ਕਿਸਮ ਦੀ ਨਿੱਜੀ ਰੰਜਿਸ਼ ਤੋਂ ਇਨਕਾਰ ਕੀਤਾ।



*ਗੁਲਾਬ ਚੰਦ ਕਟਾਰੀਆ*

ਇਹ ਪਿਛਲੇ ਦਿਨਾਂ ਵਿੱਚ ਮੁੱਖ ਮੰਤਰੀ ਵੱਲੋਂ ਦਿੱਤਾ ਗਿਆ, 'ਤੰਗ ਕਰਨ' ਵਾਲਾ ਬਿਆਨ ਹੀ ਸੀ, ਜਿਸ ਤੋਂ ਬਾਅਦ ਰਾਸ਼ਟਰਪਤੀ ਨੇ ਤਕਰੀਬਨ ਛੇ ਮਹੀਨੇ ਤੋਂ ਆਪਣੇ ਕੋਲ ਪਿਆ ਬਨਵਾਰੀ ਲਾਲ ਪ੍ਰੋਹਿਤ ਦਾ ਅਸਤੀਫਾ ਪ੍ਰਵਾਨ ਕਰ ਲਿਆ। ਕੇਂਦਰ ਅਤੇ ਪੰਜਾਬ ਦੀ ਰਾਜਨੀਤੀ 'ਤੇ ਨੇੜਿਉਂ ਨਜ਼ਰ ਰੱਖਣ ਵਾਲੇ ਵਿਸ਼ਲੇਸ਼ਕ ਇਹ ਸਵਾਲ ਵੀ ਉਠਾ ਰਹੇ ਹਨ ਕਿ ਦਿੱਲੀ ਦੀ 'ਆਪ' ਸਰਕਾਰ ਨੂੰ ਪੜ੍ਹਨੇ ਪਾਉਣ ਵਾਲੀ ਕੇਂਦਰ ਦੀ ਐਨ.ਡੀ.ਏ. ਸਰਕਾਰ ਭਗਵੰਤ ਮਾਨ ਪ੍ਰਤੀ ਹੁਣ ਸੁਹਿਰਦ ਕਿਉਂ ਨਜ਼ਰ ਆ ਰਹੀ ਹੈ? ਇਸ ਦੇ ਨਾਲ ਹੀ ਹਿੰਦੂਤਵੀ ਸਿਆਸਤ ਵਿੱਚ 'ਡੂੰਘੀਆਂ ਜੜ੍ਹਾਂ' ਵਾਲਾ ਸਿਆਸਤਾਨ ਪੰਜਾਬ ਵਿੱਚ ਰਾਜਪਾਲ ਬਣਾ ਕੇ ਕਿਉਂ ਭੇਜਿਆ ਗਿਆ ਹੈ, ਜਿਸ ਨਾਲ ਮੁੱਖ ਮੰਤਰੀ 'ਰਲ ਕੇ ਚੱਲਣ' ਦੀ ਗੱਲ ਕਰ ਰਹੇ ਹਨ? ਇਸ ਤੋਂ ਇਹ ਅੰਦਾਜ਼ੇ ਵੀ ਲਗਾਏ ਜਾ ਰਹੇ ਹਨ ਕਿ ਕੇਂਦਰ ਸਰਕਾਰ ਪੰਜਾਬ ਅਤੇ ਦਿੱਲੀ ਦੇ 'ਆਪ' ਆਗੂਆਂ ਵਿਚਕਾਰ ਦੁਫੈੜ ਖੜ੍ਹੀ ਕਰਨ ਦਾ ਯਤਨ ਕਰੇਗੀ, ਜਿਸ ਵਿੱਚ ਹੁਣ ਤੱਕ ਭਾਜਪਾ ਅਤੇ ਉਸ ਦੇ ਸੰਗੀ ਸਾਥੀ ਅਸਫਲ ਰਹੇ ਹਨ। ਆਮ ਆਦਮੀ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਸਮੇਤ ਪਾਰਟੀ ਦੇ ਕਈ ਸੀਨੀਅਰ ਆਗੂਆਂ ਨੂੰ ਗ੍ਰਿਫਤਾਰ ਕਰਕੇ ਇੱਕ ਪਾਸੇ ਤਾਂ ਇਸ ਪਾਰਟੀ ਨੂੰ ਲੀਡਰਹੀਣ ਕਰਨ ਦਾ ਯਤਨ ਹੋ ਰਿਹਾ ਹੈ। ਦੂਜੇ ਪਾਸੇ ਇਸ ਪਾਰਟੀ ਦੀ ਵੱਡੀ ਓਟ, ਪੰਜਾਬ ਸਰਕਾਰ ਅਤੇ ਪੰਜਾਬ 'ਆਪ' ਦੇ ਪਾਰਟੀ ਯੂਨਿਟ ਨੂੰ ਕੇਂਦਰੀ ਲੀਡਰਸ਼ਿੱਪ ਦੇ ਪੈਰਾਂ ਹੇਠੋਂ ਕੱਢਣ ਦਾ ਯਤਨ ਹੋ ਸਕਦਾ ਹੈ। ਮੋਦੀ ਸਰਕਾਰ ਦੀ ਭਗਵੰਤ ਮਾਨ ਦੀ ਸਰਕਾਰ ਪ੍ਰਤੀ ਸਵੱਲੀ ਨਜ਼ਰ ਪਿੱਛੇ ਇਹ ਰਾਜ ਵੀ ਛਿਪਿਆ ਹੋ ਸਕਦਾ ਹੈ। ਇੱਕ ਸੀਨੀਅਰ ਪੱਤਰਕਾਰ ਨੇ ਟਿੱਪਣੀ ਕਰਦਿਆਂ ਕਿਹਾ, 'ਕੋਈ ਵੀ ਪੁਲਿਟਕਲ ਮੂਵ ਬੇਅਰਥਾ ਨਹੀਂ ਹੋ ਸਕਦਾ।'

ਇੱਥੇ ਇਹ ਜ਼ਿਕਰ ਕਰਨਾ ਕੁਥਾਂ ਨਹੀਂ ਹੋਵੇਗਾ ਕਿ ਇੱਕ ਪਾਸੇ ਤਾਂ ਕੇਂਦਰੀ ਗ੍ਰਹਿ ਮੰਤਰੀ ਨੇ ਅੰਮ੍ਰਿਤਪਾਲ ਸਿੰਘ ਦੀ ਰਿਹਾਈ ਨੂੰ ਲੈ ਕੇ ਐਮ.ਪੀ. ਸਰਬਜੀਤ ਸਿੰਘ ਨਾਲ ਮਿਲਣ ਤੋਂ ਇਨਕਾਰ ਕਰ ਦਿੱਤਾ ਹੈ ਅਤੇ ਦੂਜੇ ਪਾਸੇ ਭਗਵੰਤ ਮਾਨ ਸਰਕਾਰ ਪ੍ਰਤੀ ਕੇਂਦਰ ਨਰਮ ਗੋਸ਼ਾ ਵਿਖਾਈ ਦੇ ਰਿਹਾ ਹੈ। ਇਸ ਤੋਂ ਇਹ ਨਹੀਂ ਜਾਪਦਾ ਕਿ ਕੇਂਦਰ ਪੰਜਾਬ ਵਿੱਚ ਕਿਸੇ ਨਵੀਂ ਸਿੱਖ ਸਫਬੰਦੀ ਜਾਂ ਕਿਸੇ ਨਵੀਂ/ਪੁਰਾਣੀ ਸਿੱਖ ਰਾਜਨੀਤਿਕ ਧਿਰ ਦੇ ਉਭਾਰ ਨੂੰ ਨੱਪਣ ਦਾ ਯਤਨ ਕਰ ਰਿਹਾ ਹੈ? ਹਾਲ ਹੀ ਵਿੱਚ ਹੋਈਆਂ ਲੋਕ ਸਭਾ ਚੋਣਾਂ ਵਿਚ, ਜਿਸ ਵੱਡੇ ਫਰਕ ਨਾਲ ਲੋਕਾਂ ਨੇ ਫਰੀਦਕੋਟ ਅਤੇ ਖਡੂਰ ਸਾਹਿਬ ਦੇ ਆਜ਼ਾਦ ਪੰਥਕ ਉਮੀਦਵਾਰਾਂ ਨੂੰ ਜਿਤਾਇਆ ਹੈ, ਉਸ ਤੋਂ ਕੇਂਦਰ ਅਤੇ ਪੰਜਾਬ ਸਰਕਾਰ ਸਤਰਕ ਹੋ ਗਈਆਂ ਲਗਦੀਆਂ ਹਨ। ਨਵੀਂ ਸਿੱਖ ਸਫਬੰਦੀ ਦੇ ਉਭਾਰ ਨੂੰ ਰੋਕਣ ਲਈ ਦੋਨੋ ਧਿਰਾਂ ਇੱਕ ਦੂਜੇ ਨਾਲ ਸਹਿਯੋਗ ਕਰਨ ਦੇ ਯਤਨ ਵਿੱਚ ਹਨ। ਇਸ ਦ੍ਰਿਸ਼ਟੀ ਤੋਂ ਵੇਖਿਆਂ ਆਉਣ ਵਾਲੇ ਕੁਝ ਮਹੀਨੇ ਪੰਜਾਬ ਸਿਆਸਤ ਲਈ ਘਟਨਾਵਾਂ ਭਰਪੂਰ ਹੋਣਗੇ, ਪਰ ਕੇਂਦਰ ਅਤੇ ਪੰਜਾਬ 'ਆਪ' ਦੀ ਖਟਪਟ ਕਰਕੇ ਨਹੀਂ, ਸਗੋਂ ਸਿੱਖ ਸਿਆਸਤ ਦੀ ਕਿਸੇ ਨਵੀਂ ਕਰਵਟ ਕਰਕੇ। ਇਸ ਹਾਲਤ ਵਿੱਚ ਸਿੱਖ ਰਾਜਨੀਤੀ ਨੂੰ ਅੱਗੇ ਵਧਾਉਣ ਲਈ ਬੇਹੱਦ ਸਲੀਕੇ ਅਤੇ ਸੂਝ ਭਰਪੂਰ ਸਿਆਸੀ ਅਗਵਾਈ ਦੀ ਲੋੜ ਪਏਗੀ। ਸਿੱਖ ਲੀਡਰਸ਼ਿੱਪ ਇੱਥੇ ਤਦ ਹੀ ਸਫਲ ਹੋ ਸਕਦੀ ਹੈ, ਜੇ ਉਸ ਨੇ ਇਤਿਹਾਸ ਤੋਂ ਲੋੜੀਂਦੇ ਸਬਕ ਸਿੱਖ ਲਏ ਹੋਣਗੇ।

ਪੰਜਾਬ ਗਵਰਨਰ ਅਤੇ ਮੁੱਖ ਮੰਤਰੀ ਦੇ ਰੱਟੇ ਵਾਲੀ ਸਿਆਸਤ ਦੇ ਸੰਦਰਭ ਵਿੱਚ ਇੱਥੇ ਇਹ ਵੀ ਜ਼ਿਕਰ ਕਰਨਾ ਕੁਥਾਂ ਨਹੀਂ ਹੋਵੇਗਾ ਕਿ ਦੋਹਾਂ ਵਿਚਕਾਰ ਕਸ਼ਮਕਸ਼ ਸਾਲ 2022 ਤੋਂ ਚਲਦੀ ਰਹੀ ਹੈ। ਇਸ ਵਰ੍ਹੇ ਦੇ ਸਤੰਬਰ ਮਹੀਨੇ ਵਿੱਚ ਜਦੋਂ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਪੰਜਾਬ ਦੇ ਕਈ ਅਸੈਂਬਲੀ ਮੈਂਬਰ ਉਧਾਲ ਲੈਣ ਦੀ ਗੱਲ ਚੱਲੀ ਸੀ ਤਾਂ ਪੰਜਾਬ ਸਰਕਾਰ ਨੇ ਵਿਸ਼ਵਾਸ ਮੱਤ ਪ੍ਰਾਪਤ ਕਰਨ ਲਈ ਇੱਕ ਦੋ ਰੋਜ਼ਾ ਵਿਸ਼ੇਸ਼ ਸੈਸ਼ਨ ਬੁਲਾਇਆ ਸੀ। ਸਾਬਕਾ ਰਾਜਪਾਲ ਬਨਵਾਰੀ ਲਾਲ ਪ੍ਰੋਹਿਤ ਨੇ ਇਸ ਸੈਸ਼ਨ ਦੀ ਆਗਿਆ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਸਤੰਬਰ-ਅਕਤੂਬਰ 2022 ਵਿੱਚ ਵੀ ਰਾਜਪਾਲ ਨੇ ਪੰਜਾਬ ਦੇ ਸਰਹੱਦੀ ਜਿਲ੍ਹਿਆਂ ਦਾ ਦੌਰਾ ਕੀਤਾ ਸੀ ਅਤੇ ਗੈਰ-ਕਾਨੂੰਨੀ ਖਣਨ ਅਤੇ ਨਸ਼ਿਆਂ ਆਦਿ ਦੇ ਮੁੱਦੇ ਉਠਾਏ ਸਨ। ਇਸ ਤੋਂ ਇਲਾਵਾ ਰਾਜਪਾਲ ਨੇ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ਼ ਅਤੇ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਦੇ ਵੀ.ਸੀ. ਲਾਉਣ ਸੰਬੰਧੀ ਪੰਜਾਬ ਸਰਕਾਰ ਦੀ ਸਿਫਾਰਸ਼ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ। ਇਸੇ ਤਰ੍ਹਾਂ ਜੁਲਾਈ 2023 ਵਿੱਚ ਪੰਜਾਬ ਦੇ ਮੁੱਖ ਮੰਤਰੀ ਦੀਆਂ ਕਥਿੱਤ ਅਭੱਦਰ ਟਿੱਪਣੀਆਂ ਦੇ ਚਲਦਿਆਂ ਪੰਜਾਬ ਅਸੈਂਬਲੀ ਦਾ ਬਜਟ ਸੈਸ਼ਨ ਕਰਵਾਉਣ ਤੋਂ ਇਨਕਾਰ ਕਰ ਦਿੱਤਾ ਗਿਆ ਸੀ। ਇਸ 'ਤੇ ਪੰਜਾਬ ਸਰਕਾਰ ਸੁਪਰੀਮ ਕੋਰਟ ਵਿੱਚ ਚਲੀ ਗਈ ਸੀ। ਸੁਪਰੀਮ ਕੋਰਟ ਨੇ ਰਾਜਪਾਲ ਨੂੰ ਇਹ ਬਜਟ ਸੈਸ਼ਨ ਕਰਵਾਉਣ ਅਤੇ ਯੂਨੀਵਰਸਿਟੀਆਂ ਦੇ ਵਾਈਸ ਚਾਂਸਲਰਾਂ ਦੀ ਨਿਯੁਕਤੀਆਂ ਸੰਬੰਧੀ ਵਿਵਾਦਗ੍ਰਸਤ ਬਿਲ ਸਮੇਤ ਚਾਰ ਬਿਲਾਂ 'ਤੇ ਫੈਸਲਾ ਲੈਣ ਲਈ ਕਿਹਾ ਸੀ। ਯਾਦ ਰਹੇ, ਵਾਈਸ ਚਾਂਸਲਰਾਂ ਦੀ ਨਿਯੁਕਤੀ ਮੁੱਖ ਮੰਤਰੀ ਨੂੰ ਸੌਂਪਣ ਸੰਬੰਧੀ ਇਹ ਬਿਲ 'ਤੇ ਕੁਝ ਦਿਨ ਪਹਿਲਾਂ ਰਾਸ਼ਟਰਪਤੀ ਨੇ ਮੋਹਰ ਲਾਉਣ ਤੋਂ ਇਨਕਾਰ ਕਰ ਦਿੱਤਾ ਹੈ। ਦਸੰਬਰ 2023 ਵਿੱਚ ਸਾਬਕਾ ਰਾਜਪਾਲ ਨੇ 'ਦ ਸਿੱਖ ਗੁਰਦੁਆਰਾ ਅਮੈਂਡਮੈਂਟ ਬਿਲ-2023, ਪੰਜਾਬ ਯੂਨੀਵਰਸਿਟੀਜ਼ ਲਾਅਜ਼ ਸੋਧ ਬਿਲ-2023, ਦ ਪੰਜਾਬ ਪੁਲਿਸ ਅਮੈਂਡਮੈਂਟ ਬਿਲ ਰਾਸ਼ਟਰਪਤੀ ਕੋਲ ਵਿਚਾਰ ਲਈ ਭੇਜ ਦਿੱਤੇ ਸਨ। ਇਹ ਬਿਲ ਜੂਨ-2023 ਵਿੱਚ ਰਾਜ ਅਸੈਂਬਲੀ ਵੱਲੋਂ ਪਾਸ ਕੀਤੇ ਗਏ ਸਨ।


Prepare for Tomorrow Now With Comprehensive Retirement Planning

■Annuities ■Life Insurance ■Long-Term Care
■Medicare Planning ■Disability Income



Call Gurpreet Singh
*Retirement and Insurance Advisor*
Cell: 630-677-6144
Email: Preetisingh@ffig.com

FUTURITY FIRST
Retirement | Life | Health

Futurity First Insurance Group



Hiring Local & Midwest Drivers and Dedicated Lanes & Owner Operators



NT corp
4800 Vernon Ave,
Ste. C,
McCook, IL 60525
Ph: 847-562-5860 ext. 1003
Fax: 847-897-2660



Premium Truck & Trailer Tires
We also provide installation services
ਅਸੀਂ ਇੰਸਟਾਲੇਸ਼ਨ ਸੇਵਾਵਾਂ ਵੀ ਪ੍ਰਦਾਨ ਕਰਦੇ ਹਾਂ

HT
HAMPSHIRE TIRES

ਟਰੱਕਾਂ ਅਤੇ ਟਰਾਲਿਆਂ ਲਈ
ਵਧੀਆ ਕਿਸਮ ਦੇ ਟਾਇਰ
ਲੈਣ ਲਈ ਸੰਪਰਕ ਕਰੋ



*ਹੈਂਪਸ਼ਾਇਰ ਟਾਇਰਜ਼* *ਭਰੋਸੇਮੰਦ ਅਤੇ ਹੰਢਣਸਾਰ*

Hampshire Tires
235 Industrial Dr., Hampshire, IL 60140
Ph: 847-556-9996
Email: info@hampshiretires.com www.hampshiretires.com

# ਬੇਸਮੈਂਟ ਵਿੱਚ ਵਿਦਿਆਰਥੀਆਂ ਦੇ ਡੁੱਬਣ ਨੇ ਹਿਲਾਈ ਦਿੱਲੀ

***ਇਨਸਾਫ ਅਤੇ ਮੁਆਵਜ਼ੇ ਲਈ ਵਿਦਿਆਰਥੀਆਂ ਵੱਲੋਂ ਪ੍ਰਦਰਸ਼ਨ**
***ਪਾਰਟੀਆਂ ਲੱਗੀਆਂ ਸਿਆਸੀ ਰੋਟੀਆਂ ਸੇਕਣ**

**ਪੰਜਾਬੀ ਪਰਵਾਜ਼ ਬਿਊਰੋ**

ਕੇਂਦਰੀ ਦਿੱਲੀ ਦੇ ਇੱਕ ਕੋਚਿੰਗ ਸੈਂਟਰ ਦੀ ਬੇਸਮੈਂਟ ਵਿੱਚ ਪਾਣੀ ਭਰ ਜਾਣ ਕਾਰਨ ਹੋਈ ਤਿੰਨ ਵਿਦਿਆਰਥੀਆਂ ਦੀ ਮੌਤ ਨੇ ਇੱਕ ਵਾਰ ਫਿਰ ਸਾਰੇ ਦੇਸ਼ ਨੂੰ ਹਲੂਣ ਕੇ ਰੱਖ ਦਿੱਤਾ ਹੈ। ਕੇਂਦਰੀ ਦਿੱਲੀ ਦੇ ਪੁਰਾਣੇ ਰਾਜਿੰਦਰ ਨਗਰ ਇਲਾਕੇ ਵਿੱਚ ਭਾਰੀ ਮੀਂਹ ਪੈਣ ਕਾਰਨ ਲੰਘੇ ਸ਼ਨੀਵਾਰ ਦੀ ਰਾਤ ਨੂੰ ਇਹ ਘਟਨਾ ਵਾਪਰੀ। ਪੁਰਾਣੇ ਰਾਜਿੰਦਰ ਨਗਰ ਦੇ ਰਾਓ ਆਈ.ਏ.ਐਸ. ਕੋਚਿੰਗ ਸੈਂਟਰ ਵਿੱਚ ਭਰਵੀਂ ਬਾਰਸ਼ ਤੋਂ ਬਾਅਦ ਗਲੀਆਂ ਵਿੱਚ ਜਮ੍ਹਾਂ ਹੋਇਆ ਪਾਣੀ ਮਕਾਨ ਦੇ ਬੂਹੇ ਤੋੜ ਕੇ ਬੇਸਮੈਂਟ ਵਿੱਚ ਭਰ ਗਿਆ। ਕਿਹਾ ਜਾ ਰਿਹਾ ਹੈ ਕਿ ਜਦੋਂ ਸੜਕ ਪਾਣੀ ਨਾਲ ਭਰੀ ਹੋਈ ਸੀ ਤਾਂ ਇਸ ਸੈਂਟਰ ਦੇ ਅੱਗੋਂ ਤੇਜ਼ੀ ਨਾਲ ਲੰਘੀ ਇੱਕ ਐਸ.ਯੂ.ਵੀ. ਨੇ ਪਾਣੀ ਦੀਆਂ ਤੇਜ਼ ਛੱਲਾਂ ਪੈਦਾ ਕੀਤੀਆਂ, ਇਹਦੇ ਨਾਲ ਰਾਓ ਕੋਚਿੰਗ ਸੈਂਟਰ ਦਾ ਦਰਵਾਜ਼ਾ ਭੰਨ ਕੇ ਪਾਣੀ ਤੇਜ਼ੀ ਨਾਲ ਬੇਸਮੈਂਟ ਵਿੱਚ ਵੜ ਗਿਆ। ਇਹ ਬੇਸਮੈਂਟ ਰਾਓ ਸੈਂਟਰ ਵੱਲੋਂ ਲਾਇਬਰੇਰੀ ਵਜੋਂ ਵਰਤੀ ਜਾ ਰਹੀ ਸੀ, ਜਦੋਂਕਿ ਇਸ ਦੀ ਮਨਜ਼ੂਰੀ ਇੱਕ ਸਟੋਰ ਵਜੋਂ ਲਈ ਗਈ ਸੀ। ਪਾਣੀ ਦੀ ਆਮਦ ਇੰਨੀ ਤੇਜ਼ ਸੀ ਕਿ ਕੁਝ ਹੀ ਮਿੰਟਾਂ ਵਿੱਚ ਬੇਸਮੈਂਟ ਵਿੱਚ 9-10 ਫੁੱਟ ਪਾਣੀ ਭਰ ਗਿਆ। ਇਸ ਨਾਲ ਪਾਣੀ ਤੋਂ ਬਾਹਰ ਨਾ ਨਿਕਲ ਸਕਣ ਵਾਲੇ ਤਿੰਨ ਵਿਦਿਆਰਥੀਆਂ (ਇੱਕ ਲੜਕਾ ਤੇ ਦੋ ਲੜਕੀਆਂ) ਦੀ ਮੌਤ ਹੋ ਗਈ। ਰਿਪੋਰਟ ਅਨੁਸਾਰ ਕੁਝ ਵਿਦਿਆਰਥੀ ਬਾਹਰੋਂ ਮਿਲੀ ਮੱਦਦ ਕਾਰਨ ਡੁੱਬਣੋਂ ਬਚ ਗਏ। ਮ੍ਰਿਤਕਾਂ ਦੀ ਪਛਾਣ ਸ਼੍ਰੇਆ ਯਾਦਵ ਵਾਸੀ ਅੰਬੇਦਕਰ ਨਗਰ ਉੱਤਰ ਪ੍ਰਦੇਸ਼, ਤਾਨੀਆ ਸੋਨੀ ਵਾਸੀ ਤਿਲੰਗਾਨਾ, ਕੇਰਲ ਦੇ ਏਰਨਕੁਲਮ ਦੇ ਵਸਨੀਕ ਦਾਲਵਿਨ ਵਜੋਂ ਹੋਈ ਹੈ।

ਇਸ ਘਟਨਾ ਵਿੱਚ ਹੁਣ ਤੱਕ ਸੱਤ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਯਾਦ ਰਹੇ, ਦਿੱਲੀ ਦੀ ਮਿਊਂਸਿਪਲ ਕਾਰਪੋਰੇਸ਼ਨ ਅਤੇ ਦਿੱਲੀ ਰਾਜ ਦੀ ਸਰਕਾਰ 'ਤੇ ਆਮ ਆਦਮੀ ਪਾਰਟੀ ਦਾ ਕਬਜਾ ਹੈ, ਜਦੋਂਕਿ ਦਿੱਲੀ ਪੁਲਿਸ ਅਤੇ ਪ੍ਰਸ਼ਾਸਨ ਦਾ ਮੁੱਖ ਕੰਟੋਰਲ ਇੱਕ ਆਰਡੀਨੈਂਸ ਰਾਹੀਂ ਕੇਂਦਰ ਸਰਕਾਰ ਨੇ ਆਪਣੇ ਹੱਥ ਵਿੱਚ ਲੈ ਲਿਆ ਸੀ। ਹੁਣ ਜਦੋਂ ਹਾਦਸਾ ਸਾਹਮਣੇ ਆਇਆ ਹੈ ਤਾਂ ਕੇਂਦਰ ਸਰਕਾਰ ਸਾਰੀ ਜ਼ਿੰਮੇਵਾਰੀ ਦਿੱਲੀ ਸਰਕਾਰ ਅਤੇ ਦਿੱਲੀ ਨਗਰ ਨਿਗਮ 'ਤੇ ਸੁੱਟ ਕੇ ਆਪਣਾ ਬਚਾਅ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਉਧਰ ਦਿੱਲੀ ਦੀ 'ਆਪ' ਸਰਕਾਰ ਅਤੇ ਦਿੱਲੀ ਮਿਊਂਸਿਪਲ ਕਾਰਪੋਰੇਸ਼ਨ ਦੇ ਅਧਿਕਾਰੀ ਸਾਰੀ ਜ਼ਿੰਮੇਵਾਰੀ ਕੇਂਦਰ ਅਧੀਨ ਚਲੇ ਗਏ ਪ੍ਰਸ਼ਾਸਨ 'ਤੇ ਸੁੱਟਣ ਦਾ ਯਤਨ ਕਰ ਰਹੇ ਹਨ। 'ਆਪ' ਆਗੂ ਸੰਜੇ ਸਿੰਘ ਨੇ ਇੱਕ ਬਿਆਨ ਵਿੱਚ ਕਿਹਾ ਕਿ ਇਸ ਹਾਦਸੇ ਲਈ ਦਿੱਲੀ ਨਗਰ ਨਿਗਮ 'ਤੇ ਲੰਮੀ ਦੇਰ ਤੱਕ ਕਾਬਜ਼ ਰਹੀ ਭਾਰਤੀ ਜਨਤਾ ਪਾਰਟੀ ਜ਼ਿੰਮੇਵਾਰ ਹੈ। ਉਂਝ ਦਿੱਲੀ ਦੀ ਮੇਅਰ ਸ਼ੈਲੀ ਓਬਰਾਏ ਨੇ ਐਮ.ਸੀ.ਡੀ. ਕਮਿਸ਼ਨਰ ਨੂੰ ਹਾਦਸੇ ਲਈ ਜ਼ਿੰਮੇਵਾਰ ਵਿਅਕਤੀਆਂ ਖਿਲਾਫ ਸਖਤ ਕਾਰਵਾਈ ਕਰਨ ਦੇ ਹੁਕਮ ਦਿੱਤੇ ਹਨ। ਪੁਲਿਸ ਨੇ ਹੁਣ ਤੱਕ 7 ਵਿਅਕਤੀਆਂ ਨੂੰ ਹਿਰਾਸਤ ਵਿੱਚ ਲਿਆ ਹੈ। ਇਸ ਵਿੱਚ ਐਸ.ਯੂ.ਵੀ. ਦੇ ਡਰਾਈਵਰ ਮਨੁਜ ਕਥੂਰੀਆ ਤੋਂ ਇਲਾਵਾ ਬੇਸਮੈਂਟ ਦੇ ਸਹਿ ਮਾਲਕ ਤੇਜਿੰਦਰ ਸਿੰਘ, ਪਲਵਿੰਦਰ ਸਿੰਘ, ਹਰਵਿੰਦਰ ਸਿੰਘ ਅਤੇ ਸਰਬਜੀਤ ਸਿੰਘ ਸ਼ਾਮਲ ਹਨ। ਇਸ ਤੋਂ ਇਲਾਵਾ ਰਾਓ ਕੋਚਿੰਗ ਸੈਂਟਰ ਦੇ ਮਾਲਕ ਅਭਿਸ਼ੇਕ ਗੁਪਤਾ ਅਤੇ ਕੋਆਰਡੀਨੇਟਰ ਦੇਸ਼ਪਾਲ ਸਿੰਘ ਨੂੰ ਪਹਿਲਾਂ ਹੀ ਪੁਲਿਸ ਵੱਲੋਂ ਗ੍ਰਿਫਤਾਰ ਕਰ ਲਿਆ ਗਿਆ ਹੈ।

ਯਾਦ ਰਹੇ, ਹਾਲ ਹੀ ਵਿੱਚ ਨੀਟ ਦੇ ਇਮਤਿਹਾਨ ਵਿੱਚ ਹੋਈਆਂ ਬੇਨਿਯਮੀਆਂ, ਪੇਪਰ ਲੀਕ ਅਤੇ ਹੁਣ ਦਿੱਲੀ ਵਿੱਚ ਹੜ੍ਹ ਦਾ ਪਾਣੀ ਬੇਸਮੈਂਟ ਵਿੱਚ ਵੜਨ ਕਾਰਨ ਮਾਰੇ ਗਏ ਵਿਦਿਆਰਥੀਆਂ ਦੀ ਘਟਨਾ ਨੇ ਦੇਸ਼ ਦੇ ਸ਼ਹਿਰੀ ਅਤੇ ਵਿਦਿਅਕ ਕੁਪ੍ਰਬੰਧ ਤੋਂ ਪਰਦਾ ਚੁੱਕ ਦਿੱਤਾ ਹੈ। ਇਸ ਨੇ ਸਾਫ ਕਰ ਦਿੱਤਾ ਹੈ ਕਿ ਮਹੱਤਵਪੂਰਨ ਮਹਾਂਨਗਰਾਂ ਦੀ ਹਾਲਤ ਵੀ ਦੇਸ਼ ਦੇ ਆਮ ਸ਼ਹਿਰਾਂ ਤੋਂ ਵੱਖਰੀ ਨਹੀਂ ਹੈ, ਜਿੱਥੇ ਥੋੜ੍ਹਾ ਜਿਹਾ ਸਮਾਂ ਦੱਬ ਕੇ ਮੀਂਹ ਪੈਣ ਨਾਲ ਅਕਸਰ ਹੀ ਜਲਥਲ ਹੋ ਜਾਂਦੀ ਹੈ। ਅਸੀਂ ਹੁਣ ਤੱਕ ਮੁੱਖ ਤੌਰ 'ਤੇ ਦੇਸ਼ ਦੇ ਪੇਂਡੂ ਅਤੇ ਗਰੀਬ ਇਲਾਕਿਆਂ ਵਿੱਚ ਹੀ ਹੜ੍ਹਾਂ ਦੀ ਮਾਰ ਵੇਖਦੇ ਆਏ ਹਾਂ, ਪਰ ਹੁਣ ਇਹ ਵੀ ਸਾਹਮਣੇ ਆਉਣ ਲੱਗਾ ਹੈ ਕਿ ਬੇਤਰਤੀਬ, ਗੈਰ-ਯੋਜਨਾਬੱਧ ਅਤੇ ਪਾਣੀ ਦੇ ਕੁਦਰਤੀ ਵਹਾ ਦੇ ਉਲਟ ਬਣੇ ਸ਼ਹਿਰਾਂ ਨੂੰ ਵੱਡੀ ਮਾਰ ਪੈ ਸਕਦੀ ਹੈ। ਖਾਸ ਕਰਕੇ ਜਦੋਂ ਕਦੀ ਮੋਹਲੇਧਾਰ ਬਾਰਸ਼ ਹੋ ਗਈ। ਵਿਸ਼ਾਲ ਇਲਾਕੇ ਵਿੱਚ ਇੱਕੋ ਵਾਰ ਜ਼ਿਆਦਾ ਮੀਂਹ ਪੈਣ ਨਾਲ ਬਹੁਤ ਸਾਰੇ ਸ਼ਹਿਰ ਇਕੱਠੇ ਵੀ ਇਸ ਦੀ ਲਪੇਟ ਵਿੱਚ ਆ ਸਕਦੇ ਹਨ। ਪਿਛਲੇ ਸਾਲ ਵੀ ਜਮਨਾ ਦਰਿਆ ਵਿੱਚ ਹੜ੍ਹ ਆਉਣ ਨਾਲ ਦਿੱਲੀ ਦੇ ਕਾਫੀ ਅੰਦਰ ਤੱਕ ਪਾਣੀ ਆ ਗਿਆ ਸੀ ਅਤੇ ਹਜ਼ਾਰਾਂ ਲੋਕ ਪ੍ਰਭਾਵਿਤ ਹੋਏ ਸਨ। ਇਸ ਤੋਂ ਇਲਾਵਾ ਪੰਜਾਬ, ਹਿਮਾਚਲ ਅਤੇ ਉਤਰਾਖੰਡ ਵਿੱਚ ਵੀ ਹੜ੍ਹਾਂ ਦੀ ਵੱਡੀ ਮਾਰ ਪਈ ਸੀ। ਦਿੱਲੀ ਵਿੱਚ ਜਮਨਾ ਦਾ ਪਾਣੀ ਵੜਨ ਵੇਲੇ ਇਹ ਤੱਥ ਵੀ ਸਾਹਮਣੇ ਆਇਆ ਸੀ ਕਿ ਪ੍ਰਾਪਰਟੀ ਖਰੀਦ-ਵੇਚ ਅਤੇ ਕਲੋਨੀਆ ਕੱਟਣ ਦੇ ਮਾਮਲੇ ਵਿੱਚ ਕੰਮ ਕਰਦੇ ਮਾਫੀਆ ਨੇ ਜਮਨਾ ਦਰਿਆ ਦੇ ਵਹਿਣ ਵਿੱਚ ਵੀ ਕਲੋਨੀਆ ਵਸਾ ਦਿੱਤੀਆਂ ਹਨ।

ਇਹ ਹਾਲ ਇਕੱਲੀ ਦਿੱਲੀ ਦਾ ਨਹੀਂ, ਸਾਰੇ ਦੇਸ਼ ਵਿੱਚ ਹੀ ਸ਼ਹਿਰੀ ਵਿਕਾਸ ਗੈਰ-ਯੋਜਨਾਬੱਧ ਅਤੇ ਬੇਤਰਤੀਬਾ ਹੈ। ਸਾਡੇ ਸ਼ਹਿਰਾਂ ਵਿੱਚ ਬਾਰਸ਼ ਦੇ ਪਾਣੀ ਦੇ ਵਹਾਓ ਲਈ ਵੱਖਰੇ ਡਰੇਨੇਜ ਸਿਸਟਮ ਬਹੁਤ ਘੱਟ ਹਨ। ਜੇ ਹੈ ਵੀ ਤਾਂ ਇਸ ਦੀ ਸਾਫ-ਸਫਾਈ ਵਿੱਚ ਅਣਗਹਿਲੀ ਵਰਤੀ ਜਾਂਦੀ ਹੈ। ਹਿਮਾਚਲ ਪ੍ਰਦੇਸ਼ ਵਿੱਚ ਦਰਿਆਵਾਂ ਦੇ ਕੰਢਿਆਂ 'ਤੇ ਬਣਾਈਆਂ ਗਈਆਂ ਇਮਾਰਤਾਂ ਅਤੇ ਹੋਟਲਾਂ ਆਦਿ ਦੇ ਨੁਕਸਾਨੇ ਜਾਣ ਦਾ ਮਾਮਲਾ ਪਿਛਲੇ ਸਾਲ ਸਾਹਮਣੇ ਆ ਹੀ ਚੁੱਕਾ ਹੈ। ਸੋ ਕੁੱਲ ਮਿਲਾ ਕੇ ਹਾਲਤ ਇਹ ਹੈ ਕਿ ਭਰਵੀਂ ਬਾਰਸ਼ ਹੋਣ ਬਾਅਦ ਸਥਿਤੀ ਕਦੀ ਵੀ ਅਤੇ ਕਿਤੇ ਵੀ ਵਿਸਫੋਟਕ ਹੋ ਸਕਦੀ ਹੈ। ਪੰਜਾਬ ਦੇ ਦਰਿਆਵਾਂ ਵਿੱਚ ਖਣਨ ਸਾਰਾ ਸਾਲ ਜਾਰੀ ਰਹਿੰਦਾ ਹੈ ਅਤੇ ਜਦੋਂ ਦਰਿਆਵਾਂ ਵਿੱਚ ਹੜ੍ਹ ਆਉਂਦਾ ਹੈ ਤਾਂ ਟਰੈਕਟਰਾਂ ਟਰਾਲੀਆਂ ਅਤੇ ਟਰਕਾਂ ਵਾਲਿਆਂ ਵੱਲੋਂ ਤੋੜੇ ਗਏ ਦਰਿਆ ਦੇ ਕੰਢਿਆਂ ਤੋਂ ਪਾਣੀ ਅਸਾਨੀ ਨਾਲ ਖੇਤਾਂ ਅਤੇ ਪਿੰਡਾਂ ਵਗੈਰਾ ਵਿੱਚ ਜਾ ਵੜਦਾ ਹੈ। ਗੈਰ-ਕਾਨੂੰਨੀ ਖਣਨ ਆਮ ਤੌਰ 'ਤੇ ਸੱਤਾਧਾਰੀ ਪਾਰਟੀ ਦੀ ਛਤਰ ਛਾਇਆ ਹੇਠ ਹੀ ਹੁੰਦਾ ਹੈ। ਅਜੀਬ ਨਹੀਂ ਲਗਦਾ ਕਿ ਕਾਨੂਨ ਬਣਾਉਣ ਵਾਲੇ ਹੀ ਕਾਨੂੰਨ ਤੋੜਨ ਦੇ ਸਭ ਤੋਂ ਵੱਡੇ ਦੋਸ਼ੀ ਹਨ?

ਇਸ ਮਸਲੇ 'ਤੇ ਹੁਣ ਵੱਖ-ਵੱਖ ਪਾਰਟੀਆਂ ਨੇ ਆਪਣੀ ਰਾਜਨੀਤਿਕ ਰੋਟੀਆਂ ਵੀ ਸੇਕਣੀਆਂ ਸ਼ੁਰੂ ਕਰ ਦਿੱਤੀਆਂ ਹਨ। ਦਿੱਲੀ ਵਿੱਚ ਰਾਜ ਕਰ ਰਹੀ ਆਮ ਆਦਮੀ ਪਾਰਟੀ, ਕੇਂਦਰੀ ਸੱਤਾ ਦੀ ਅਗਵਾਈ ਕਰਨ ਵਾਲੀ ਭਾਰਤੀ ਜਨਤਾ ਪਾਰਟੀ ਅਤੇ ਸਥਾਨਕ ਮਿਊਂਸਿਪਲ ਕਾਰਪੋਰੇਸ਼ਨ ਦੇ ਅਧਿਕਾਰੀ- ਸਾਰੇ ਇੱਕ ਦੂਜੇ ਵੱਲ ਜ਼ਿੰਮੇਵਾਰੀ ਖਿਸਕਾ ਕੇ ਆਪਾ ਬਚਾਉਣ ਦਾ ਯਤਨ ਕਰ ਰਹੇ ਹਨ। ਦਿੱਲੀ ਵਰਗੇ ਸ਼ਹਿਰ, ਜਿੱਥੇ ਪੂਰੇ ਮੁਲਕ ਦੀ ਸੱਤਾ ਕੇਂਦਰਿਤ ਹੈ, ਵਿੱਚ ਇਸ ਕਿਸਮ ਦੇ ਹਾਦਸੇ ਦਾ ਵਾਪਰ ਜਾਣਾ ਇੱਕ ਵੱਡੇ ਕਲੰਕ ਤੋਂ ਘੱਟ ਨਹੀਂ ਹੈ। ਰਾਜਨੀਤਿਕ ਪਾਰਟੀਆਂ ਹਾਦਸੇ ਦੇ ਅਸਲ ਕਾਰਨਾਂ ਨੂੰ ਜਾਨਣ, ਟਿੱਕਣ ਅਤੇ ਅਗਾਂਹ ਤੋਂ ਇਸ ਕਿਸਮ ਦੀਆਂ ਘਟਨਾਵਾਂ ਵਾਪਰਨ ਤੋਂ ਰੋਕਣ ਦਾ ਕੋਈ ਹੀਲਾ-ਵਸੀਲਾ ਸੋਚਣ ਦੀ ਥਾਂ ਇੱਕ-ਦੂਜੇ 'ਤੇ ਇਲਜ਼ਾਮ ਤਰਾਸ਼ੀ ਕਰ ਰਹੀਆਂ ਹਨ।

ਦੂਜੇ ਪਾਸੇ ਇਨ੍ਹਾਂ ਕੋਚਿੰਗ ਸੈਂਟਰਾਂ ਵਿੱਚ ਸਿੱਖਿਆ ਹਾਸਲ ਕਰ ਰਹੇ ਵਿਦਿਅਰਥੀ ਸੜਕਾਂ 'ਤੇ ਆ ਗਏ ਹਨ ਅਤੇ ਉਨ੍ਹਾਂ ਨੇ ਪ੍ਰਦਰਸ਼ਨ ਕਰਨੇ ਸ਼ੁਰੂ ਕਰ ਦਿੱਤੇ ਹਨ। ਉਹ ਮਾਰੇ ਗਏ ਵਿਦਿਆਰਥੀਆਂ ਲਈ ਇਨਸਾਫ ਅਤੇ ਤਿੰਨ ਕਰੋੜ ਰੁਪਏ ਦੇ ਮੁਆਵਜ਼ੇ ਦੀ ਮੰਗ ਕਰ ਰਹੇ ਹਨ। ਰਾਜ ਸਭਾ ਅਤੇ ਲੋਕ ਸਭਾ- ਦੋਹਾਂ ਵਿੱਚ ਇਸ ਮਸਲੇ ਦੀ ਗੂੰਜ ਪਈ ਹੈ। ਭਾਰਤੀ ਜਨਤਾ ਪਾਰਟੀ ਵਿਰੋਧੀ ਪਾਰਟੀਆਂ ਨੂੰ ਇਸ ਮਸਲੇ 'ਤੇ ਰਾਜਨੀਤੀ ਨਾ ਕਰਨ ਦੀਆਂ ਮੱਤਾਂ ਦੇ ਰਹੀ ਹੈ। ਰਾਜ ਸਭਾ ਦੇ ਚੇਅਰਮੈਨ ਜਗਦੀਪ ਧਨਖੜ ਨੇ ਕੋਚਿੰਗ ਸੈਂਟਰਾਂ ਦੀ 'ਗੈਸ ਚੈਂਬਰਾਂ' ਨਾਲ ਤੁਲਨਾ ਕੀਤੀ ਅਤੇ ਕਿਹਾ ਕਿ ਇਹ ਇੱਕ ਮਾਫੀਆ ਬਣ ਗਿਆ ਹੈ। ਕੇਂਦਰੀ ਸ਼ਹਿਰੀ ਵਿਕਾਸ ਮੰਤਰੀ ਮਨੋਹਰ ਲਾਲ ਖੱਟਰ ਨੇ ਕਿਹਾ ਕਿ 1120 ਸੰਸਥਾਵਾਂ ਨੂੰ ਨੋਟਿਸ ਜਾਰੀ ਕੀਤੀ ਗਏ ਸਨ, ਪਰ ਕੋਈ ਕਾਰਵਾਈ ਨਹੀਂ ਹੋਈ। ਇਸ ਤੋਂ ਇਲਾਵਾ ਰਾਜਾਂ ਨੂੰ ਇੱਕ ਅਡਵਾਇਜ਼ਰੀ ਵੀ ਜਾਰੀ ਕੀਤੀ ਗਈ ਸੀ। ਉਨ੍ਹਾਂ ਕਿਹਾ ਕਿ ਸਮੇਂ ਸਿਰ ਕਾਰਵਾਈ ਹੁੰਦੀ ਤਾਂ ਅਜਿਹੇ ਹਾਦਸਿਆਂ ਤੋਂ ਬਚਾਅ ਹੋ ਸਕਦਾ ਸੀ।

'ਆਪ' ਆਗੂ ਸੰਜੇ ਸਿੰਘ ਨੇ ਆਪਣੀ ਸਰਕਾਰ ਦਾ ਬਚਾਅ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਕੋਚਿੰਗ ਸੈਂਟਰਾਂ ਨੂੰ ਰੈਗੂਲੇਟ ਕਰਦੀ ਹੈ। ਦਿੱਲੀ ਸਰਕਾਰ ਦੇ ਮੰਤਰੀਆਂ ਨੇ ਡਰੇਨਾਂ ਦੀ ਸਫਾਈ ਦੀ ਮੰਗ ਕੀਤੀ ਸੀ, ਪਰ ਅਧਿਕਾਰੀਆਂ ਨੇ ਇਸ ਪਾਸੇ ਕੋਈ ਧਿਆਨ ਨਹੀਂ ਦਿੱਤਾ। ਇਹ ਘਟਨਾ ਦਿੱਲੀ ਵਿੱਚ ਭਾਜਪਾ ਦੇ ਐਮ.ਸੀ.ਡੀ. 'ਤੇ 15 ਸਾਲ ਦੇ ਰਾਜ ਦਾ ਨਤੀਜਾ ਹੈ। ਦਿੱਲੀ ਤੋਂ ਭਾਜਪਾ ਦੇ ਲੋਕ ਸਭਾ ਐਮ.ਪੀ. ਬਾਂਸੁਰੀ ਸਵਰਾਜ ਨੇ ਘਟਨਾ ਲਈ ਆਮ ਆਦਮੀ ਪਾਰਟੀ ਨੂੰ ਜ਼ਿੰਮੇਵਾਰ ਠਹਿਰਾਇਆ। ਇਸ ਦੌਰਾਨ ਕੇਂਦਰੀ ਗ੍ਰਹਿ ਮੰਤਰੀ ਨੇ ਮਾਮਲੇ ਦੀ ਪੜਤਾਲ ਲਈ ਕਮੇਟੀ ਬਣਾ ਦਿੱਤੀ ਹੈ।



## ਗੁਰੂ ਅੰਗਦ ਦੇਵ ਵੈਟਰਨਰੀ ਅਤੇ ਐਨੀਮਲ ਸਾਇੰਸਿਜ਼ ਯੂਨੀਵਰਸਿਟੀ, ਲੁਧਿਆਣਾ

# ਕਾਲਜ ਆਫ਼ ਵੈਟਰਨਰੀ ਸਾਇੰਸ ਦਾ ਪੈਰਾ ਕਲਿਨਿਕਲ ਬਲਾਕ ਡਾ. ਰਛਪਾਲ ਸਿੰਘ ਬਾਜਵਾ ਨੂੰ ਸਮਰਪਿਤ

**ਕੁਲਜੀਤ ਦਿਆਲਪੁਰੀ**

**ਸ਼ਿਕਾਗੋ:** ਗੁਰੂ ਅੰਗਦ ਦੇਵ ਵੈਟਰਨਰੀ ਅਤੇ ਐਨੀਮਲ ਸਾਇੰਸਿਜ਼ ਯੂਨੀਵਰਸਿਟੀ, ਲੁਧਿਆਣਾ ਨੇ ਕਾਲਜ ਆਫ਼ ਵੈਟਰਨਰੀ ਸਾਇੰਸ ਦਾ ਪੈਰਾ ਕਲਿਨਿਕਲ ਬਲਾਕ ਸ਼ਿਕਾਗੋ ਰਹਿੰਦੇ ਪਰਵਾਸੀ ਭਾਰਤੀ ਯੂਨੀਵਰਸਿਟੀ ਦੇ ਸਾਬਕਾ ਤਕਨੀਕੀ ਸਲਾਹਕਾਰ ਅਤੇ ਬੋਰਡ ਆਫ਼ ਮੈਨੇਜਮੈਂਟ ਦੇ ਸੰਸਥਾਪਕ ਮੈਂਬਰ ਡਾ. ਰਛਪਾਲ ਸਿੰਘ ਬਾਜਵਾ ਨੂੰ ਸਮਰਪਿਤ ਕੀਤਾ ਹੈ। ਹਾਲ ਹੀ ਵਿੱਚ ਇਸ ਸਬੰਧੀ ਯੂਨੀਵਰਸਿਟੀ ਵਿੱਚ ਇੱਕ ਸਮਾਰੋਹ ਕੀਤਾ ਗਿਆ ਸੀ, ਜਿਸ ਦੌਰਾਨ ਡਾ. ਬਾਜਵਾ ਵੱਲੋਂ ਸਮਰਪਣ ਦੀ ਭਾਵਨਾ ਨਾਲ ਕੀਤੇ ਗਏ ਕੰਮਾਂ ਦੀ ਸ਼ਲਾਘਾ ਵਜੋਂ ਇਹ ਬਲਾਕ ਉਨ੍ਹਾਂ ਨੂੰ ਸਮਰਪਿਤ ਕੀਤਾ ਗਿਆ ਹੈ। ਯੂਨੀਵਰਸਿਟੀ ਦੇ ਪ੍ਰਬੰਧਕੀ ਬੋਰਡ ਅਤੇ ਵਾਈਸ ਚਾਂਸਲਰ ਵੱਲੋਂ ਬਲਾਕ ਦਾ ਨਾਮ "ਡਾ. ਰਛਪਾਲ ਸਿੰਘ ਬਾਜਵਾ ਅਮਰ-ਗਿਆਨ ਬਲਾਕ" ਰੱਖਣ ਨੂੰ ਮਾਨਤਾ ਦਿੱਤੀ ਗਈ ਹੈ।

ਦੱਸਣਯੋਗ ਹੈ ਕਿ 'ਅਮਰ-ਗਿਆਨ ਬਲਾਕ' ਡਾ. ਬਾਜਵਾ ਦੇ ਸਵਰਗਵਾਸੀ ਮਾਤਾ ਬੀਬੀ ਅਮਰ ਕੌਰ ਤੇ ਸਵਰਗਵਾਸੀ ਪਿਤਾ ਸ. ਗਿਆਨ ਸਿੰਘ ਬਾਜਵਾ ਦੀ ਯਾਦ ਵਿੱਚ ਉਨ੍ਹਾਂ ਦੇ ਨਾਂ 'ਤੇ ਰੱਖਿਆ ਗਿਆ ਹੈ। ਇਸ ਸਬੰਧੀ ਹੋਏ ਸਮਾਗਮ ਦਾ ਉਦਘਾਟਨ ਡਾ. ਬਾਜਵਾ ਦੇ ਭੈਣ ਜੀ ਡਾ. ਸੁਰਿੰਦਰ ਕੌਰ ਤੇ ਜੀਜਾ ਜੀ ਡਾ. ਅਮਰੀਕ ਸਿੰਘ ਬਸਰਾ ਨੇ ਕੀਤਾ। ਇਸ ਮੌਕੇ ਡਾ. ਬਾਜਵਾ ਦੇ ਯੋਗਦਾਨ ਦੀ ਚਰਚਾ ਕਰਦਿਆਂ ਉਨ੍ਹਾਂ ਦੀਆਂ ਪ੍ਰਾਪਤੀਆਂ ਦੀ ਸ਼ਲਾਘਾ ਕੀਤੀ ਗਈ। ਡਾ. ਬਾਜਵਾ ਸਮਾਗਮ ਵਿੱਚ ਸ਼ਾਮਲ ਨਹੀਂ ਹੋ ਸਕੇ, ਪਰ ਉਨ੍ਹਾਂ ਵੀਡੀਓ ਕਾਨਫਰੰਸ ਰਾਹੀਂ ਯੂਨੀਵਰਸਿਟੀ ਦੇ ਪ੍ਰਬੰਧਕੀ ਅਮਲੇ ਅਤੇ ਮਹਿਮਾਨਾਂ ਨੂੰ ਸੰਬੋਧਨ ਕਰਦਿਆਂ ਯੂਨੀਵਰਸਿਟੀ ਤੇ ਆਪਣੇ ਖੇਤਰ ਸਬੰਧੀ ਵਿਚਾਰਾਂ ਦੀ ਸਾਂਝ ਪਾਈ।

ਯਾਦ ਰਹੇ, ਡਾ. ਰਛਪਾਲ ਸਿੰਘ ਬਾਜਵਾ ਬੀ.ਵੀ.ਐਸਸੀ. ਐਂਡ ਏ.ਐਚ. (ਗੋਲਡ ਮੈਡਲ), ਐਮ.ਵੀ.ਐਸਸੀ. (ਆਨਰਜ਼), ਪੀਐਚ.ਡੀ. ਐਚ.ਏ.ਯੂ. ਹਿਸਾਰ ਅਤੇ ਪੀ.ਏ.ਯੂ. ਲੁਧਿਆਣਾ ਤੋਂ ਕ੍ਰਮਵਾਰ ਯੂਨੀਵਰਸਿਟੀ ਮੈਰਿਟ ਸਕਾਲਰਸ਼ਿਪ, ਆਈ.ਸੀ.ਏ.ਆਰ. ਫੈਲੋਸ਼ਿਪ, ਕਾਮਨਵੈਲਥ ਬਿਊਰੋ ਆਫ਼ ਐਨੀਮਲ ਹੈਲਥ ਅਵਾਰਡ ਅਤੇ ਵਿਸਕਾਨਸਿਨ (ਯੂ.ਐਸ.ਏ.) ਤੋਂ ਪੋਸਟ-ਡਾਕਟੋਰਲ ਫੈਲੋਸ਼ਿਪ ਹਨ। ਡਾ. ਬਾਜਵਾ ਨੇ ਪੋਲਟਰੀ ਨਿਊਟ੍ਰੀਸ਼ਨਿਸਟ ਪੰਜਾਬ (1974), ਰਿਸਰਚ ਸਾਇੰਟਿਸਟ ਤੇ ਕਾਲਜ ਆਫ਼ ਵੈਟਰਨਰੀ ਸਾਇੰਸਜ਼, ਲੁਧਿਆਣਾ ਵਿਖੇ ਅਧਿਆਪਕ ਵਜੋਂ ਸੇਵਾ ਨਿਭਾਈ ਅਤੇ ਸਰਵੋਤਮ ਅਧਿਆਪਕ ਪੁਰਸਕਾਰ (1976-77) ਪ੍ਰਾਪਤ ਕੀਤਾ। ਫਾਰਮਾਕੋਲੋਜੀ, ਟੌਕਸੀਕੋਲੋਜੀ, ਪੈਰਾਸਿਟੋਲੋਜੀ, ਪਸ਼ੂ ਧਨ ਅਤੇ ਪੋਲਟਰੀ ਕੋਕਸੀਡਿਓਸਿਸ ਵਿੱਚ ਉਨ੍ਹਾਂ ਦਾ ਖੋਜ ਕਾਰਜ ਨਾਮਵਰ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਰਸਾਲਿਆਂ ਵਿੱਚ ਵੀ ਪ੍ਰਕਾਸ਼ਤ ਹੋਇਆ ਹੈ।

ਡਾ. ਬਾਜਵਾ 1979 ਵਿੱਚ ਅਮਰੀਕਾ ਆ ਗਏ ਸਨ ਅਤੇ ਆਪਣੇ ਪਰਿਵਾਰ ਨਾਲ ਸ਼ਿਕਾਗੋ ਵਿੱਚ ਵਸ ਗਏ। ਉਨ੍ਹਾਂ ਦੇ ਬੱਚੇ ਮੈਡੀਸਨ, ਟੀਚਿੰਗ/ਖੋਜ ਅਤੇ ਕਾਰਪੋਰੇਟ ਲਾਅ ਦੇ ਅਭਿਆਸ ਵਿੱਚ ਹਨ। ਉਨ੍ਹਾਂ ਦਾ ਇੱਕ ਪੁੱਤਰ ਅਮਰੀਕੀ ਫੌਜ ਵਿੱਚ ਕੈਪਟਨ ਹੈ। ਡਾ. ਬਾਜਵਾ ਸਰਗਰਮੀ ਨਾਲ ਸਮਾਜ ਦੀ ਉੱਨਤੀ, ਅਲਮਾ ਮੈਟਰ ਅਤੇ ਵੈਟਰਨਰੀ ਪੇਸ਼ੇ ਲਈ ਆਪਣਾ ਸਮਾਂ ਸਮਰਪਿਤ ਕਰਦੇ ਹਨ। ਉਹ ਖੇਤੀਬਾੜੀ, ਪਸ਼ੂ ਧਨ, ਵੈਟਰਨਰੀ ਪੇਸ਼ੇ ਅਤੇ ਵਾਤਾਵਰਣ ਦੇ ਖੇਤਰਾਂ ਵਿੱਚ ਇੱਕ ਫ੍ਰੀਲਾਂਸ ਟੀ.ਵੀ. ਬੁਲਾਰੇ ਵੀ ਹਨ। ਉਹ ਵਿਭਿੰਨ ਫਸਲਾਂ ਦੀ ਮਿਸ਼ਰਤ ਖੇਤੀ ਦੀ ਵਕਾਲਤ ਕਰਦੇ ਹਨ ਅਤੇ ਬਿਹਤਰ ਆਮਦਨ ਹਾਸਲ ਕਰਨ ਲਈ ਛੋਟੇ ਪੱਧਰ ਦੇ ਪਸ਼ੂ ਪਾਲਣ ਦੀ ਵਕਾਲਤ ਵੀ ਕਰਦੇ ਹਨ।


ਆਪਣੇ ਨਾਂ 'ਤੇ ਬਲਾਕ ਸਥਾਪਿਤ ਹੋਣ ਉਪਰੰਤ ਮਾਣ ਮਹਿਸੂਸ ਕਰਦਿਆਂ ਡਾ. ਬਾਜਵਾ ਨੇ ਕਿਹਾ ਕਿ "ਇਹ ਮੇਰੇ ਲਈ ਕਿਸੇ ਵੱਡੇ ਸਨਮਾਨ ਵਾਂਗ ਹੈ।... 2006 ਵਿੱਚ ਮੇਰੇ ਯੋਗਦਾਨ ਨੂੰ ਧਿਆਨ ਵਿੱਚ ਰੱਖਦੇ ਹੋਏ ਮੈਨੂੰ 'ਤਕਨੀਕੀ ਸਲਾਹਕਾਰ' ਅਤੇ 'ਯੂਨੀਵਰਸਿਟੀ ਦੇ ਬੋਰਡ ਆਫ਼ ਮੈਨੇਜਮੈਂਟ ਦਾ ਸੰਸਥਾਪਕ ਮੈਂਬਰ' ਨਿਯੁਕਤ ਕੀਤਾ ਗਿਆ ਸੀ। ਮੈਂ ਯੂਨੀਵਰਸਿਟੀ ਦੇ ਸ਼ੁਰੂਆਤੀ ਬਲੂ ਪ੍ਰਿੰਟ ਦੇ ਵਿਕਾਸ ਵਿੱਚ ਵੀ ਸ਼ਾਮਲ ਸਾਂ, ਜੋ 2006 ਵਿੱਚ ਇੱਕ ਕਾਲਜ ਵਜੋਂ ਅਤੇ 130 ਸਟਾਫ ਮੈਂਬਰਾਂ ਨਾਲ ਸ਼ੁਰੂ ਹੋਇਆ ਸੀ।"

ਯੂਨੀਵਰਸਿਟੀ ਦੇ ਪਹਿਲੇ ਵਾਈਸ ਚਾਂਸਲਰ ਆਈ.ਏ.ਐਸ. (ਹੁਣ ਰਿਟਾਇਰਡ) ਅਫਸਰ ਧੰਨਬੀਰ ਸਿੰਘ ਬੈਂਸ ਮੁਤਾਬਕ ਡਾ. ਬਾਜਵਾ ਦਾ ਉਸ ਸਮੇਂ ਦੇ ਮੁੱਖ


ਡਾ. ਰਛਪਾਲ ਸਿੰਘ ਬਾਜਵਾ

ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਲਿਖਿਆ ਪੱਤਰ ਯੂਨੀਵਰਸਿਟੀ ਖੋਲ੍ਹਣ ਦਾ ਆਧਾਰ ਬਣਿਆ। ਡਾ. ਬਾਜਵਾ ਨੇ ਦੱਸਿਆ ਕਿ ਇਹ ਯੂਨੀਵਰਸਿਟੀ ਕੈਪਟਨ ਅਮਰਿੰਦਰ ਸਿੰਘ ਦਾ 'ਬਰੇਨ ਚਾਈਲਡ' ਸੀ ਅਤੇ ਮੇਰਾ ਪੱਤਰ ਮਿਲਣ 'ਤੇ ਕੈਪਟਨ ਅਮਰਿੰਦਰ ਸਿੰਘ ਨੇ ਧੰਨਬੀਰ ਸਿੰਘ ਬੈਂਸ, ਜੋ ਕਿ ਉਸ ਵਕਤ ਐਨੀਮਲ ਹਸਬੈਂਡਰੀ ਸੈਕਰੇਟਰੀ ਸਨ, ਨੂੰ ਬੁਲਾਇਆ ਅਤੇ ਕਾਰਵਾਈ ਸ਼ੁਰੂ ਕਰਨ ਦੇ ਹੁਕਮ ਦਿੱਤੇ। ਧੰਨਬੀਰ ਸਿੰਘ ਬੈਂਸ ਦੇ 2005-06 ਵਿੱਚ ਵਾਈਸ ਚਾਂਸਲਰ ਹੁੰਦਿਆਂ ਪਾਏ ਮੁਢਲੇ ਯੋਗਦਾਨ ਦਾ ਸਦਕਾ ਅੱਜ ਇਹ ਯੂਨੀਵਰਸਿਟੀ ਪੰਜਾਬ ਸਟੇਟ ਦੇ ਪਸ਼ੂ ਧਨ, ਉਸ ਦੀ ਸਿਹਤ ਸੰਭਾਲ ਤੇ ਡੇਅਰੀ, ਪੋਲਟਰੀ, ਫਿਸ਼ਰੀ, ਸੂਰ ਪਾਲਣ ਅਤੇ ਡੇਅਰੀ ਟੈਕਨਾਲੋਜੀ ਦੇ ਕਾਰਜਕਾਰ ਨੂੰ ਪ੍ਰਫੁਲਤ ਕਰਨ ਵਿੱਚ ਅਤੀ ਸਹਿਯੋਗੀ ਸਿੱਧ ਹੋਈ ਹੈ। ਡਾ. ਬਾਜਵਾ ਨੇ ਯੂਨੀਵਰਸਿਟੀ ਦੇ ਫਾਊਂਡਰ ਵਾਈਸ ਚਾਂਸਲਰ ਧੰਨਬੀਰ ਸਿੰਘ ਬੈਂਸ ਅਤੇ ਪਸ਼ੂ ਪਾਲਣ ਮੰਤਰੀ ਸ. ਜਗਮੋਹਨ ਸਿੰਘ ਕੰਗ ਦਾ ਸਹਿਯੋਗ ਲਈ ਧੰਨਵਾਦ ਕੀਤਾ ਹੈ।

ਡਾ. ਬਾਜਵਾ ਦੇ ਸ਼ਬਦਾਂ ਵਿੱਚ: ਕਿਸੇ ਨੇ ਕਿਹਾ ਹੈ, 'ਜਦੋਂ ਵੀ ਤੁਸੀਂ ਕਿਸੇ ਸੰਸਥਾ ਦੀ ਇਮਾਰਤ ਦੀ ਛੱਤ 'ਤੇ ਕਦਮ ਰੱਖਦੇ ਹੋ, ਤਾਂ ਜ਼ਰਾ ਉਨ੍ਹਾਂ ਬਾਰੇ ਸੋਚੋ ਜਿਨ੍ਹਾਂ ਨੇ ਨੀਂਹ ਰੱਖੀ ਹੈ।' ਮੈਂ ਆਪਣੇ ਨਿਮਰ ਤੋਹਫ਼ੇ ਵਜੋਂ ਆਪਣੀ ਯੂਨੀਵਰਸਿਟੀ ਨੂੰ 50 ਲੱਖ ਰੁਪਏ ਦਾਨ ਕੀਤੇ ਹਨ। ਅਲਮਾ ਮੈਟਰ ਅਲੂਮਨੀ ਨੂੰ ਸਮਰੱਥ ਬਣਾਉਂਦਾ ਹੈ ਅਤੇ ਐਲੂਮਨੀ


ਧੰਨਬੀਰ ਸਿੰਘ ਬੈਂਸ




ਸੁਪੋਰਟ ਅਲਮਾ ਮੈਟਰ ਨੂੰ ਠੋਸ ਅਤੇ ਮਜਬੂਤ ਬਣਾਉਂਦਾ ਹੈ। ਇਹ ਯੂਨੀਵਰਸਿਟੀ ਏਸ਼ੀਆ ਵਿੱਚ ਅਤੇ ਵਿਸ਼ਵ ਵਿੱਚ ਵੈਟਰਨਰੀ ਤੇ ਪਸ਼ੂ ਵਿਗਿਆਨ ਦੀ ਚੋਟੀ ਦੀ ਸੰਸਥਾ ਹੈ। ਇਸਦੇ ਗ੍ਰੈਜੂਏਟ ਪੂਰੀ ਦੁਨੀਆ ਵਿੱਚ ਨੌਕਰੀ ਕਰਦੇ ਹਨ।

ਡਾ. ਬਾਜਵਾ ਨੇ ਯੂਨੀਵਰਸਿਟੀ ਦੀ ਤਰੱਕੀ ਲਈ ਆਪਣੇ ਵੱਲੋਂ ਪਾਏ ਯੋਗਦਾਨ ਦਾ ਵੇਰਵਾ ਇਉਂ ਸਾਂਝਾ ਕੀਤਾ:

-ਦ੍ਰਿੜ ਵਚਨਬੱਧਤਾ ਤਹਿਤ ਵੈਟਰਨਰੀ ਸਾਇੰਸਿਜ਼ ਕਾਲਜ ਦੀ ਉੱਨਤੀ ਵਿੱਚ ਯੋਗਦਾਨ।

-ਬਾਅਦ ਵਿੱਚ ਇੱਕ ਸੁਤੰਤਰ ਯੂਨੀਵਰਸਿਟੀ- ਗੁਰੂ ਅੰਗਦ ਦੇਵ ਵੈਟਰਨਰੀ ਅਤੇ ਪਸ਼ੂ ਵਿਗਿਆਨ ਯੂਨੀਵਰਸਿਟੀ ਦੀ ਸਿਰਜਣਾ। ਯੂਨੀਵਰਸਿਟੀ ਵਿੱਚ 8 ਕਾਲਜ (ਜਿਸ 'ਚ 2 ਐਫੀਲੀਏਅਡ ਕਾਲਜ ਹਨ), 2600 ਵਿਦਿਆਰਥੀ ਤੇ 263 ਟੀਚਰ/ਵਿਗਿਆਨੀ ਅਤੇ 437 ਗੈਰ-ਅਧਿਆਪਕ ਸਟਾਫ ਹੈ।

-ਕਾਲਜ ਆਫ ਵੈਟਰਨਰੀ ਸਾਇੰਸ ਲੁਧਿਆਣਾ ਭਾਰਤ ਦਾ ਪਹਿਲਾ ਕਾਲਜ ਹੈ, ਜਿਸ ਵਿੱਚ ਐਨ.ਆਰ.ਆਈ. ਵਿਦਿਆਰਥੀ ਦਾਖਲਾ ਪ੍ਰੋਗਰਾਮ ਦੀ ਸ਼ੁਰੂਆਤ 1994 ਵਿੱਚ ਹੋਈ। ਡਾ. ਬਾਜਵਾ ਨੇ ਇਸ ਸਬੰਧ ਵਿੱਚ 13 ਅਕਤੂਬਰ 1993 ਨੂੰ ਪੀ.ਏ.ਯੂ. ਦੇ ਵਾਈਸ ਚਾਂਸਲਰ ਡਾ. ਖੇਮ ਸਿੰਘ ਗਿੱਲ ਪਦਮ ਸ੍ਰੀ ਨੂੰ ਪੱਤਰ ਲਿਖਿਆ ਜਿਸ ਵਿੱਚ ਬੇਨਤੀ ਕੀਤੀ ਗਈ ਕਿ ਜੇਕਰ ਦਿਆਨੰਦ ਮੈਡੀਕਲ ਕਾਲਜ ਲੁਧਿਆਣਾ, ਜੋ ਇੱਕ ਪ੍ਰਾਈਵੇਟ ਸੰਸਥਾ ਹੈ, ਵਿੱਚ ਐਨ.ਆਰ.ਆਈ. ਪ੍ਰੋਗਰਾਮ ਚੱਲਦਾ ਹੈ ਤਾਂ ਕਾਲਜ ਆਫ ਵੈਟਰਨਰੀ ਕਾਲਜ ਲੁਧਿਆਣਾ ਵਿੱਚ ਵੀ ਇਹ ਪ੍ਰੋਗਰਾਮ ਸ਼ੁਰੂ ਕੀਤਾ ਜਾਵੇ। ਇਸ ਦੀ ਪ੍ਰਵਾਨਗੀ ਡਾ. ਖੇਮ ਸਿੰਘ ਗਿੱਲ ਨੇ ਦੇ ਦਿੱਤੀ। (30 ਸਾਲਾਂ 'ਚ ਲਗਭਗ 600 ਗ੍ਰੈਜੂਏਟ ਇਸ ਪ੍ਰੋਗਰਾਮ ਵਿੱਚੋਂ ਪਾਸ ਹੋ ਚੁੱਕੇ ਹਨ। ਉਨ੍ਹਾਂ ਵਿੱਚੋਂ ਹੁਣ ਹਰ ਇੱਕ ਕਰੋੜਪਤੀ ਹੈ। ਯੂਨੀਵਰਸਿਟੀ ਨੇ ਵੀ ਕਰੋੜਾਂ ਰੁਪਏ ਦੀ ਕਮਾਈ ਕੀਤੀ ਹੈ।)

-ਪੰਜਾਬ ਵਿੱਚ 1983 ਤੋਂ ਬਾਅਦ ਕਈ ਵੈਟਰਨਰੀ ਡਾਕਟਰਾਂ ਨੂੰ ਆਪਣੀ ਪ੍ਰੈਕਟਿਸ ਸ਼ੁਰੂ ਕਰਨ ਅਤੇ ਸਰਕਾਰੀ ਨੌਕਰੀਆਂ 'ਤੇ ਨਿਰਭਰ ਨਾ ਹੋਣ ਲਈ ਪ੍ਰੇਰਿਆ।

-ਹਮੇਸ਼ਾ ਨਵੇਂ ਗ੍ਰੈਜੂਏਟਾਂ ਨੂੰ ਆਪਣੀ ਦੂਰ-ਅੰਦੇਸ਼ੀ ਅਗਵਾਈ ਅਤੇ ਇੱਕ ਸੁਤੰਤਰ ਸਲਾਹਕਾਰ ਉੱਦਮੀ ਵਜੋਂ ਛੋਟੇ ਜਾਨਵਰਾਂ ਦੇ ਅਭਿਆਸ ਵਿੱਚ ਸ਼ਾਮਲ ਹੋਣ ਲਈ ਉਤਸ਼ਾਹਿਤ ਕੀਤਾ ਤੇ ਸਲਾਹ ਦਿੱਤੀ। ਨੌਜਵਾਨ ਪਸ਼ੂ-ਡਾਕਟਰਾਂ ਨੂੰ ਨਿਰੰਤਰ ਸਲਾਹ।

-ਪਹਿਲਾ ਪ੍ਰਾਈਵੇਟ ਵੈਟਰਨਰੀ ਕਲਿਨਿਕ 1985 ਵਿੱਚ ਘੁਮਾਰ ਮੰਡੀ, ਲੁਧਿਆਣਾ ਵਿੱਚ ਸਵਰਗਵਾਸੀ ਡਾ. ਸਤਨਾਮ ਸਿੰਘ ਵੱਲੋਂ ਸ਼ੁਰੂ ਕੀਤਾ ਗਿਆ ਸੀ।

ਜ਼ਿਕਰਯੋਗ ਹੈ ਕਿ ਡਾ. ਬਾਜਵਾ 1963 ਤੋਂ 1974 ਤੱਕ ਪੀ.ਏ.ਯੂ. ਵਿੱਚ ਵਿਦਿਆਰਥੀ ਰਹੇ ਅਤੇ ਗ੍ਰੈਜੂਏਸ਼ਨ (ਗੋਲਡ ਮੈਡਲ), ਐਮ.ਐਸਸੀ. ਤੇ ਪੀਐਚ.ਡੀ. ਕੀਤੀ। ਕਾਲਜ ਅਤੇ ਕਿੱਤੇ ਦੀ ਉੱਨਤੀ ਲਈ ਬਹੁਤ ਸਾਰੇ ਵਿਦਿਆਰਥੀ ਅੰਦੋਲਨਾਂ ਵਿੱਚੋਂ ਸਫਲਤਾਪੂਰਵਕ ਲੰਘੇ। ਫਿਰ ਉਨ੍ਹਾਂ ਪੀ.ਏ.ਯੂ. ਵਿੱਚ ਚਾਰ ਸਾਲ ਕੰਮ ਕੀਤਾ ਅਤੇ ਜਦੋਂ 1978 ਵਿੱਚ ਛੱਡ ਕੇ ਅਮਰੀਕਾ ਆਏ ਤਾਂ ਉਹ ਐਸੋਸੀਏਟ ਪ੍ਰੋਫੈਸਰ ਸਨ। ਉਪਰੰਤ ਪਰਵਾਸੀ ਭਾਰਤੀ ਹੋਣ ਦੇ ਨਾਤੇ ਉਨ੍ਹਾਂ ਨਾ ਸਿਰਫ਼ ਪੰਜਾਬ ਵਿੱਚ, ਸਗੋਂ ਭਾਰਤ ਭਰ ਵਿੱਚ ਆਪਣੇ ਅਲਮਾ ਮੈਟਰ ਅਤੇ ਪੇਸ਼ੇ ਨਾਲ ਸੰਪਰਕ ਵਿੱਚ ਰਹੇ। ਉਨ੍ਹਾਂ ਦੱਸਿਆ ਕਿ 2012 ਵਿੱਚ ਪੰਚਕੂਲਾ ਵਿੱਚ 1100 ਵੈਟਰਨਰੀ ਅਫਸਰਾਂ ਨੂੰ ਸੰਬੋਧਨ ਕਰਨ ਅਤੇ ਭਾਸ਼ਣ ਦੇਣ ਲਈ ਹਰਿਆਣਾ ਸਰਕਾਰ ਨੇ ਉਨ੍ਹਾਂ ਨੂੰ ਰਾਜ ਮਹਿਮਾਨ ਵਜੋਂ ਬੁਲਾਇਆ ਸੀ। ਉਸ ਸਮੇਂ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਆਪਣੇ ਸਕੱਤਰ ਅਤੇ ਪਸ਼ੂ ਪਾਲਣ ਮੰਤਰੀ ਦੇ ਨਾਲ ਮੌਜੂਦ ਸਨ। ਇਸ ਖੇਤਰ ਨਾਲ ਸਬੰਧਤ ਮੇਰੇ ਲੈਕਚਰ ਦੀ ਭਰਪੂਰ ਸ਼ਲਾਘਾ ਹੋਈ ਅਤੇ ਉਪਰੰਤ ਮੇਰੀ ਸਲਾਹ ਹਿਸਾਰ (ਹਰਿਆਣਾ) ਵਿੱਚ ਲਾਲਾ ਲਾਜਪਤ ਰਾਏ ਵੈਟਰਨਰੀ ਐਂਡ ਐਨੀਮਲ ਸਾਇੰਸਿਜ਼ ਯੂਨੀਵਰਸਿਟੀ ਦੀ ਸਥਾਪਨਾ ਵਿੱਚ ਸਹਾਈ ਹੋਈ।

ਕਾਲਜ ਆਫ਼ ਵੈਟਰਨਰੀ ਸਾਇੰਸ, ਲੁਧਿਆਣਾ ਦੀ ਸਥਾਪਨਾ (1969), ਵੈਟਰਨਰੀ ਕਾਲਜ (1994) ਵਿੱਚ ਐਨ.ਆਰ.ਆਈ. ਵਿਦਿਆਰਥੀ ਦਾਖਲਾ ਪ੍ਰੋਗਰਾਮ ਸ਼ੁਰੂ ਕਰਨ ਅਤੇ ਗੁਰੂ ਅੰਗਦ ਦੇਵ ਵੈਟਰਨਰੀ ਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ ਦੀ ਸਥਾਪਨਾ (2005-06) ਵਿੱਚ ਡਾ. ਬਾਜਵਾ ਨੇ ਮੋਹਰੀ ਭੂਮਿਕਾ ਨਿਭਾਈ। ਪੀ.ਏ.ਯੂ. ਦੇ ਡਾਇਰੈਕਟਰ ਪਸਾਰ ਡਾ. ਨਛੱਤਰ ਸਿੰਘ ਮੱਲ੍ਹੀ ਦੇ ਸ਼ਬਦਾਂ ਵਿੱਚ: "ਵਧਾਈਆਂ ਡਾ. ਬਾਜਵਾ ਸਾਹਿਬ। ਯੂਨੀਵਰਸਿਟੀ ਦੀ ਸਥਾਪਨਾ ਤੇ ਵਿਕਾਸ ਅਤੇ ਇਸ ਤੋਂ ਵੀ ਵੱਧ ਤਰੱਕੀ ਲਈ ਯੋਗਦਾਨ ਪਾਉਣ ਲਈ ਮੈਂ ਤੁਹਾਨੂੰ ਇਸ ਸ਼ਾਨਦਾਰ ਪ੍ਰਾਪਤੀ ਲਈ ਸਲਾਮ ਕਰਦਾ ਹਾਂ। ਵਾਹਿਗੁਰੂ ਤੁਹਾਨੂੰ ਇਸ ਯੂਨੀਵਰਸਿਟੀ ਦਾ ਪਾਲਣ-ਪੋਸ਼ਣ ਕਰਨ ਅਤੇ ਚੰਗੀ ਸਿਹਤ ਤੇ ਲੰਬੀ ਉਤਪਾਦਕ ਜ਼ਿੰਦਗੀ ਦੇਣ ਲਈ ਹੋਰ ਬਲ ਬਖਸ਼ਣ। ਡੂੰਘੇ ਸਤਿਕਾਰ ਨਾਲ।" ਹਰਿਆਣਾ ਵੈਟਰਨਰੀ ਐਸੋਸੀਏਸ਼ਨ ਦੇ ਪ੍ਰਧਾਨ ਗੁਰਿੰਦਰ ਸਿੰਘ ਤੂਰ ਵੱਲੋਂ ਵੀ ਡਾ. ਬਾਜਵਾ ਨੂੰ ਪ੍ਰਸ਼ੰਸਾ ਪੱਤਰ ਦਿੱਤਾ ਗਿਆ ਹੈ।

ਪਰਵਾਸੀ ਪੰਜਾਬੀ ਵਿਦਿਆਰਥੀ ਜੋ ਕਿ ਇੰਗਲਿਸ਼, ਕੈਮਿਸਟਰੀ, ਫਿਜ਼ਿਕਸ ਅਤੇ ਬਾਇਓਲੌਜੀ ਦੇ ਵਿਸ਼ਿਆਂ ਨਾਲ ਹਾਈ ਸਕੂਲ ਪਾਸ ਕਰ ਕੇ ਗੁਰੂ ਅੰਗਦ ਦੇਵ ਵੈਟਰਨਰੀ ਅਤੇ ਐਨੀਮਲ ਸਾਇੰਸਿਜ਼ ਯੂਨੀਵਰਸਿਟੀ ਦੇ ਕਾਲਜ ਆਫ ਵੈਟਰਨਰੀ ਐਂਡ ਐਨੀਮਲ ਸਾਇੰਸਿਜ਼ ਵਿੱਚ ਦਾਖਲਾ ਲੈ ਸਕਦੇ ਹਨ। ਕੁਲ ਪੰਜ ਸਾਲ ਤੇ ਛੇ ਮਹੀਨੇ ਦਾ ਡਿਗਰੀ ਕੋਰਸ ਹੈ, ਜੋ ਕਿ ਅਮੈਰਿਕਨ ਵੈਟਰਨਰੀ ਮੈਡੀਕਲ ਐਸੋਸੀਏਸ਼ਨ (ਏ.ਵੀ.ਐਮ.ਏ.) ਵੱਲੋਂ ਮਾਨਤਾ ਪ੍ਰਾਪਤ ਡਿਗਰੀ ਹੈ। ਹੋਰ ਵੇਰਵਾ ਯੂਨੀਵਰਸਿਟੀ ਦੀ ਵੈਬਸਾਈਟ ਤੋਂ ਲਿਆ ਜਾ ਸਕਦਾ ਹੈ। ਵਿਦਿਆਰਥੀਆਂ ਨੂੰ ਅਜਿਹੇ ਐਨ.ਆਰ.ਆਈ. ਦਾਖਲਾ ਪ੍ਰੋਗਰਾਮ ਦਾ ਭਰਪੂਰ ਫਾਇਦਾ ਉਠਾਉਣਾ ਚਾਹੀਦਾ ਹੈ। ਡਾ. ਬਾਜਵਾ ਨਾਲ ਸੰਪਰਕ ਫੋਨ: 630-303-8330 ਰਾਹੀਂ ਕੀਤਾ ਜਾ ਸਕਦਾ ਹੈ।



ਡਾ. ਸੁਰਿੰਦਰ ਕੌਰ ਤੇ ਡਾ. ਅਮਰੀਕ ਸਿੰਘ ਬਸਰਾ ਯਾਦਗਾਰੀ ਚਿੰਨ੍ਹ ਪ੍ਰਾਪਤ ਕਰਦਿਆਂ

# ਪਹਿਲੀ ਸਤੰਬਰ ਨੂੰ ਹੋਣ ਵਾਲੇ ਕਬੱਡੀ ਕੱਪ ਨੂੰ ਲੈ ਕੇ ਸ਼ੇਰ-ਏ-ਪੰਜਾਬ ਸਪੋਰਟਸ ਕਲੱਬ (ਮਿਡਵੈਸਟ) ਸ਼ਿਕਾਗੋ 'ਚ ਭਾਰੀ ਉਤਸ਼ਾਹ

***ਹਰਜੀਤ ਹਰਮਨ ਲਾਇਗਾ ਗਾਇਕੀ ਦਾ ਅਖਾੜਾ** ***ਰੱਸਾਕਸ਼ੀ ਅਤੇ ਵਾਲੀਬਾਲ ਦੇ ਮੁਕਾਬਲੇ ਵੀ ਹੋਣਗੇ**

**ਸ਼ਿਕਾਗੋ (ਪੰਜਾਬੀ ਪਰਵਾਜ਼ ਬਿਊਰੋ):** ਸ਼ੇਰ-ਏ-ਪੰਜਾਬ ਸਪੋਰਟਸ ਕਲੱਬ (ਮਿਡਵੈਸਟ) ਸ਼ਿਕਾਗੋ ਦਾ ਸਾਲਾਨਾ ਖੇਡ ਤੇ ਸੱਭਿਆਚਾਰਕ ਮੇਲਾ ਲੇਬਰ ਡੇਅ ਵੀਕਐਂਡ 'ਤੇ ਪਹਿਲੀ ਸਤੰਬਰ 2024 (ਐਤਵਾਰ) ਨੂੰ ਬਸੀ ਵੁੱਡਜ਼



ਪ੍ਰਧਾਨ ਲਖਵਿੰਦਰ ਸਿੰਘ



ਗਾਇਕ ਹਰਜੀਤ ਹਰਮਨ

ਸਾਊਥ, ਗਰੋਵ 5, ਐਲਕ ਗਰੂਵ ਵਿਲੇਜ ਵਿਖੇ ਕਰਵਾਇਆ ਜਾ ਰਿਹਾ ਹੈ। ਇਸ ਮੌਕੇ ਕਬੱਡੀ ਦੇ ਨਾਮੀ ਖਿਡਾਰੀ ਆਪਣੀ ਖੇਡ ਦੇ ਜ਼ੌਹਰ ਨਾਲ ਕਬੱਡੀ ਮੈਚਾਂ ਨੂੰ ਦਿਲਚਸਪ ਬਣਾਉਣਗੇ।

ਇਸ ਸਬੰਧੀ ਬੀਤੇ ਐਤਵਾਰ ਕਲੱਬ ਦੇ ਪ੍ਰਧਾਨ ਲਖਵਿੰਦਰ ਸਿੰਘ ਵੱਲੋਂ ਕਲੱਬ ਦੀ ਮੀਟਿੰਗ ਦੌਰਾਨ ਤਿਆਰੀਆਂ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ। ਕਲੱਬ ਮੁਤਾਬਕ ਇਸ ਸਾਲ ਦਾ ਇਹ ਕਬੱਡੀ ਕੱਪ ਯਾਦਗਾਰੀ ਹੋ ਨਿਬੜੇਗਾ, ਕਿਉਂਕਿ ਇਸ ਵਿੱਚ ਨਾਮੀ ਕਬੱਡੀ ਟੀਮਾਂ ਆਪਣੀ ਜ਼ਬਰਦਸਤ ਖੇਡ ਦਾ ਪ੍ਰਦਰਸ਼ਨ ਕਰਨਗੀਆਂ। ਵਾਲੀਬਾਲ ਦੇ ਮੁਕਾਬਲਿਆਂ ਸਮੇਤ ਬੀਬੀਆਂ ਅਤੇ ਬੱਚਿਆਂ ਦੀਆਂ ਦੌੜਾਂ ਵੀ ਕਰਵਾਈਆਂ ਜਾਣਗੀਆਂ। ਇਸ ਤੋਂ ਇਲਾਵਾ ਭਾਈਚਾਰੇ ਵਿੱਚ ਖੇਡਾਂ ਪ੍ਰਤੀ ਦਿਲਚਸਪੀ ਤੇ ਮਨੋਰੰਜਨ ਦੇ ਮੱਦੇਨਜ਼ਰ ਰੱਸਾਕਸ਼ੀ ਦੇ ਮੁਕਾਬਲੇ ਵੀ ਕਰਵਾਏ ਜਾਣਗੇ। ਇੰਡੀਆਨਾ ਤੋਂ ਦੋ ਟੀਮਾਂ ਇਸ ਮੁਕਾਬਲੇ ਲਈ ਤਿਆਰ ਹਨ। ਕਲੱਬ ਅਨੁਸਾਰ ਸ਼ਿਕਾਗੋ ਅਤੇ ਮਿਲਵਾਕੀ ਵਾਲਿਆਂ ਦੀ ਟੀਮ ਨੂੰ ਵੀ ਹੁਣ ਰੱਸਾਕਸ਼ੀ ਮੁਕਾਬਲੇ ਲਈ ਤਿਆਰੀ ਅਰੰਭ ਕਰ ਲੈਣੀ ਚਾਹੀਦੀ ਹੈ। ਇਹ ਮੇਲਾ ਸਮੂਹ ਸੱਭਿਆਚਾਰਕ, ਧਾਰਮਿਕ ਅਤੇ ਖੇਡ ਸੰਸਥਾਵਾਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ, ਜੋ ਸਵੇਰੇ 10:30 ਵਜੇ ਸ਼ੁਰੂ ਹੋ ਕੇ ਦੇਰ ਸ਼ਾਮ ਤੱਕ ਚੱਲੇਗਾ।

ਖੇਡ ਮੁਕਾਬਲਿਆਂ ਉਪਰੰਤ ਨਾਮੀ ਪੰਜਾਬੀ ਗਾਇਕ ਹਰਜੀਤ ਹਰਮਨ ਆਪਣੀ ਉਮਦਾ ਗਾਇਕੀ ਦਾ ਖੁੱਲ੍ਹਾ ਅਖਾੜਾ ਲਾਵੇਗਾ। ਮੇਲੇ ਦੌਰਾਨ ਮੁੱਖ ਮਹਿਮਾਨ ਅਮਰਜੀਤ ਸਿੰਘ ਢੀਂਡਸਾ ਤੇ ਲਖਬੀਰ ਸਿੰਘ ਢੀਂਡਸਾ ਹੋਣਗੇ। ਮੇਲੇ ਦੇ ਚੇਅਰਮੈਨ ਬਲਦੇਵ ਸਿੰਘ ਸੱਲ੍ਹਾਂ ਹਨ, ਜਦਕਿ 'ਡਾਇਰੈਕਟਰ ਆਫ ਈਵੈਂਟ' ਗੁਰਜਤਿੰਦਰ ਸਿੰਘ ਗਰੇਵਾਲ ਹਨ। ਇਸ ਤੋਂ ਇਲਾਵਾ ਭਾਈਚਾਰੇ ਦੇ ਹੋਰ ਵੀ ਖਾਸ ਮਹਿਮਾਨ ਮੇਲੇ ਵਿੱਚ ਸ਼ਿਰਕਤ ਕਰਨਗੇ।

ਕਲੱਬ ਅਨੁਸਾਰ ਆਏ ਮਹਿਮਾਨਾਂ ਲਈ ਪਾਰਕਿੰਗ ਮੁਫਤ ਹੋਵੇਗੀ ਅਤੇ ਖਾਣ-ਪੀਣ ਦਾ ਖੁੱਲ੍ਹਾ ਤੇ ਵਧੀਆ ਪ੍ਰਬੰਧ ਹੋਵੇਗਾ। ਇਸ ਤੋਂ ਇਲਾਵਾ ਸੁਰੱਖਿਆ ਦਾ ਉਚੇਚਾ ਪ੍ਰਬੰਧ ਹੋਵੇਗਾ। ਕਲੱਬ ਨੇ ਸਮੂਹ ਭਾਈਚਾਰੇ, ਖਿਡਾਰੀਆਂ ਅਤੇ ਖੇਡ ਪ੍ਰੋਮੋਟਰਾਂ ਨੂੰ ਮੇਲੇ ਦੀ ਰੌਣਕ ਵਧਾਉਣ ਲਈ ਪਰਿਵਾਰਾਂ ਸਮੇਤ ਪਹੁੰਚਣ ਦਾ ਸੱਦਾ ਦਿੱਤਾ ਹੈ। ਇਸੇ ਦੌਰਾਨ ਕਲੱਬ ਨੇ ਅਪੀਲ ਕੀਤੀ ਹੈ ਕਿ ਦਰਸ਼ਕ ਪਾਰਕਿੰਗ ਲਾਟ ਵਿੱਚ ਆਪਣੀਆਂ ਗੱਡੀਆਂ ਤਰਤੀਬਬੱਧ ਹੀ ਖੜ੍ਹੀਆਂ ਕਰਨ, ਤਾਂ ਜੋ ਹੋਰ ਦਰਸ਼ਕਾਂ ਨੂੰ ਗੱਡੀਆਂ ਪਾਰਕ ਕਰਨ ਦੀ ਸਹੂਲਤ ਰਹੇ। ਕਲੱਬ ਨੇ ਸਭ ਨੂੰ ਮੇਲੇ ਦੇ ਮਿੱਥੇ ਸਮੇਂ ਮੁਤਾਬਕ ਪਹੁੰਚਣ ਦੀ ਅਪੀਲ ਕੀਤੀ ਹੈ ਤਾਂ ਜੋ ਮੇਲਾ ਸਮੇਂ ਸਿਰ ਸ਼ੁਰੂ ਕੀਤਾ ਜਾ ਸਕੇ ਅਤੇ ਵਿਲੇਜ ਵੱਲੋਂ ਦਿੱਤੀ ਪ੍ਰਵਾਨਗੀ ਤਹਿਤ ਮੇਲਾ ਸਮੇਂ ਸਿਰ ਸੰਪਨ ਹੋ ਸਕੇ।



ਕਲੱਬ ਦੇ ਨੁਮਾਇੰਦਿਆਂ ਮੁਤਾਬਕ ਇਸ ਮੇਲੇ ਦਾ ਮੁੱਖ ਮਕਸਦ ਖੇਡਾਂ ਤੇ ਸੱਭਿਆਚਾਰ ਨੂੰ ਪ੍ਰਫੁਲਤ ਕਰਨਾ ਹੈ। ਯਾਦ ਰਹੇ, ਇਹ ਕਲੱਬ ਪਿਛਲੇ ਕਈ ਸਾਲਾਂ ਤੋਂ ਖੇਡ ਤੇ ਸੱਭਿਆਚਾਰਕ ਮੇਲੇ ਕਰਵਾਉਂਦਾ ਆ ਰਿਹਾ ਹੈ ਅਤੇ ਹੁਣ ਤੱਕ ਕਈ ਕਬੱਡੀ ਖਿਡਾਰੀਆਂ ਤੇ ਗਾਇਕਾਂ ਨੂੰ ਪ੍ਰੋਮੋਟ ਕਰ ਚੁੱਕਾ ਹੈ। ਜ਼ਿਕਰਯੋਗ ਹੈ ਕਿ ਮਿਡਵੈਸਟ ਵਿੱਚ ਹੁੰਦੇ ਖੇਡ ਤੇ ਸੱਭਿਆਚਾਰਕ ਮੇਲਿਆਂ ਦੌਰਾਨ ਜਿੱਥੇ ਭਾਈਚਾਰਾ ਜੁੜ ਕੇ ਆਪਣੇ ਵਿਰਸੇ ਤੇ ਖੇਡਾਂ ਨੂੰ ਪ੍ਰਫੁਲਤ ਕਰਨ ਵਿੱਚ ਯੋਗਦਾਨ ਪਾਉਂਦਾ ਹੈ, ਉਥੇ ਇਹ ਮੇਲੇ ਮਨੋਰੰਜਨ ਦੇ ਮੌਕੇ ਵੀ ਹੋ ਨਿਬੜਦੇ ਹਨ। ਕਲੱਬ ਨੇ ਸਪਾਂਸਰਾਂ ਵੱਲੋਂ ਮਿਲ ਰਹੇ ਸਹਿਯੋਗ ਲਈ ਧੰਨਵਾਦ ਕੀਤਾ ਹੈ।

ਹੋਰ ਜਾਣਕਾਰੀ ਲਈ ਕਲੱਬ ਦੇ ਪ੍ਰਧਾਨ ਲਖਵਿੰਦਰ ਸਿੰਘ ਨਾਲ ਫੋਨ: 815-690-0941, ਮੀਤ ਪ੍ਰਧਾਨ ਜਸਰੂਪ ਸਿੰਘ ਫੋਨ: 224-578-2939, ਖਜ਼ਾਨਚੀ ਅੰਮ੍ਰਿਤਪਾਲ ਮਾਂਗਟ ਫੋਨ: 847-890-0704 ਜਾਂ ਹੋਰ ਕਲੱਬ ਮੈਂਬਰਾਂ- ਅੰਮ੍ਰਿਤਪਾਲ ਸਿੰਘ ਗਿੱਲ ਫੋਨ: 920-460-1001, ਹਰਦੀਪ ਸਿੰਘ ਬੰਦੇਸ਼ਾ ਫੋਨ: 815-546-0525, ਗੁਰਦੇਵ ਸਿੰਘ ਗਿੱਲ ਫੋਨ: 847-271-7451, ਪਰਮਿੰਦਰ ਸਿੰਘ ਵਾਲੀਆ ਫੋਨ: 847-477-1613, ਅਮਰਦੇਵ ਸਿੰਘ ਬੰਦੇਸ਼ਾ ਫੋਨ: 708-612-7963, ਬਲਵਿੰਦਰ ਸਿੰਘ ਚੱਠਾ ਫੋਨ: 630-523-3412, ਦਰਸ਼ਨ ਸਿੰਘ ਪੰਮਾਂ ਫੋਨ: 847-561-7101, ਅਮਰਜੀਤ ਸਿੰਘ ਬੰਦੇਸ਼ਾ ਫੋਨ: 815-474-5424 ਜਾਂ ਮਨਜਿੰਦਰ ਸਿੰਘ ਚੀਮਾ ਨਾਲ ਫੋਨ: 815-261-2148 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।





17115 W. Bluemound Rd, Suite D1, Brookfield, WI 53005

ਟੇਸਟ ਆਫ ਇੰਡੀਆ

ਮਸ਼ਹੂਰ ਨਾਮ ਅਤੇ ਮਸ਼ਹੂਰ ਖਾਣਾ



BOLLYWOOD Grill

Restaurant - Bar - Banquet

1038 N. Jackson St, Milwaukee, WI 53202

We Do Catering

ਅਸੀਂ ਕੇਟਰਿੰਗ ਵੀ ਕਰਦੇ ਹਾਂ

ਵਧੀਆ ਖਾਣਾ ਤੇ ਵਧੀਆ ਸਰਵਿਸ ਹੀ ਸਾਡੀ ਪਹਿਲ ਹੈ

ਵਿਆਹ ਸਮਾਗਮਾਂ, ਜਨਮ ਦਿਨ ਪਾਰਟੀਆਂ ਅਤੇ ਹੋਰ ਸਮਾਜਿਕ ਤੇ ਭਾਈਚਾਰਕ ਸਮਾਗਮਾਂ ਸਮੇਤ ਨਿੱਕੀਆਂ-ਵੱਡੀਆਂ ਪਾਰਟੀਆਂ ਮੌਕੇ ਸਵਾਦਿਸ਼ਟ ਤੇ ਤਾਜ਼ਾ ਖਾਣੇ ਲਈ ਸਾਨੂੰ ਸੇਵਾ ਦਾ ਮੌਕਾ ਦਿਓ

We Also Provide

Onsite Tandoor Service For Fresh Naan & KABABS and Onsite Fresh DOSA Service.

ਫੋਨ: 262-894-0913

ਜਾਂ 414-588-3325

# ਚੋਣ ਝਟਕੇ ਨੇ ਭਾਜਪਾ ਦੀਆਂ ਆਰਥਕ ਤਰਜੀਹਾਂ ਬਦਲੀਆਂ

## *ਟੈਕਸ ਘਟੇ, ਨੌਜਵਾਨਾਂ ਅਤੇ ਔਰਤਾਂ ਲਈ ਵਿਸ਼ੇਸ਼ ਸਕੀਮਾਂ ਦਾ ਐਲਾਨ *ਚੀਨੀ ਨਿਵੇਸ਼ ਵੱਲ ਝੁਕੀ ਕੇਂਦਰ ਸਰਕਾਰ

**ਜੇ.ਐਸ. ਮਾਂਗਟ**

ਭਾਰਤ ਦੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਵੱਲੋਂ ਬੀਤੀ 23 ਜੁਲਾਈ ਨੂੰ ਪੇਸ਼ ਕੀਤੇ ਗਏ ਬਜਟ ਨੇ ਦੇਸ਼ ਦੀਆਂ ਰਾਜਨੀਤਿਕ ਤਰਜੀਹਾਂ ਦਾ ਖੁਲਾਸਾ ਕੀਤਾ ਹੈ। ਬੀਤੀਆਂ ਲੋਕ ਸਭਾ ਚੋਣਾਂ ਵਿੱਚ ਭਾਰਤੀ ਜਨਤਾ ਪਾਰਟੀ ਨੂੰ ਜਿਨ੍ਹਾਂ ਤਬਕਿਆਂ ਵੱਲੋਂ ਮਾਰ ਪਈ ਹੈ, ਬੱਜਟ ਵਿੱਚ ਉਨ੍ਹਾਂ ਲਈ ਵਿਸ਼ੇਸ਼ ਵਿੱਤੀ ਸਕੀਮਾਂ ਦਾ ਐਲਾਨ ਕੀਤਾ ਗਿਆ ਹੈ। ਇਸ ਤੋਂ ਇਲਾਵਾ ਵਿੱਤ ਮੰਤਰੀ ਨੇ ਆਪਣੇ ਰਾਜਨੀਤਿਕ ਭਾਈਵਾਲਾਂ ਦੀ ਮੰਗ 'ਤੇ ਬਿਹਾਰ ਅਤੇ ਆਂਧਰਾ ਪ੍ਰਦੇਸ਼ ਲਈ ਵਿਸ਼ੇਸ਼ ਪੈਕੇਜ ਐਲਾਨੇ ਹਨ। ਨੌਜਵਾਨਾਂ ਵਿੱਚ ਰੁਜ਼ਗਾਰ ਦੀ ਸਮੱਸਿਆ ਨੂੰ ਹੱਲ ਕਰਨ ਲਈ ਸਰਕਾਰ ਵੱਲੋਂ 2 ਲੱਖ ਕਰੋੜ ਰੁਪਏ ਰੱਖੇ ਗਏ ਹਨ, ਜਦਕਿ ਖੇਤੀ ਲਈ 1.52 ਲੱਖ ਕਰੋੜ ਰੁਪਏ ਖਰਚਣ ਦਾ ਐਲਾਨ ਕੀਤਾ ਗਿਆ ਹੈ। ਇਸ ਤੋਂ ਇਲਾਵਾ ਪੇਂਡੂ ਵਿਕਾਸ ਲਈ 2.66 ਲੱਖ ਕਰੋੜ ਰੁਪਏ ਦਾ ਬਜਟ ਰੱਖਿਆ ਗਿਆ ਹੈ। ਇਵੇਂ ਹੀ ਬੁਨਿਆਦੀ ਢਾਂਚਾ ਪ੍ਰੋਜੈਕਟਾਂ ਲਈ 11.11 ਲੱਖ ਕਰੋੜ ਰੁਪਏ ਦਾ ਐਲਾਨ ਕੀਤਾ ਗਿਆ ਹੈ।

ਇਸ ਬਜਟ ਨੂੰ ਭਾਜਪਾ ਨੇ ਜਿੱਥੇ ਵਿਕਸਤ ਭਾਰਤ ਬਣਾਉਣ ਦੀ ਦਿਸ਼ਾ ਤੈਅ ਕਰਨ ਵਾਲਾ ਬਜਟ ਐਲਾਨਿਆ ਹੈ, ਉਥੇ ਭਾਜਪਾ ਦੇ ਭਾਈਵਾਲ ਚੰਦਰ ਬਾਬੂ ਨਾਇਡੂ ਅਤੇ ਨਿਤੀਸ਼ ਕੁਮਾਰ ਨੇ ਵੀ ਇਸ ਬਜਟ 'ਤੇ ਸੰਤੁਸ਼ਟੀ ਦਾ ਇਜ਼ਹਾਰ ਕੀਤਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵਿੱਤ ਮੰਤਰੀ ਵੱਲੋਂ ਪੇਸ਼ ਕੀਤੇ ਗਏ ਬਜਟ ਬਾਰੇ ਗੱਲ ਕਰਦਿਆਂ ਕਿਹਾ ਕਿ ਇਹ ਬਜਟ ਬਿਹਤਰ ਵਿਕਾਸ ਅਤੇ ਸੁਨਹਿਰੇ ਭਵਿੱਖ ਦੀ ਝਲਕ ਪੇਸ਼ ਕਰਦਾ ਹੈ। ਉਨ੍ਹਾਂ ਕਿਹਾ ਕਿ ਬਜਟ ਮੁਲਕ ਨੂੰ ਦੁਨੀਆਂ ਦਾ ਤੀਜਾ ਸਭ ਤੋਂ ਵੱਡਾ ਅਰਥਚਾਰਾ ਬਣਾਉਣ ਵਿੱਚ ਯੋਗਦਾਨ ਪਾਵੇਗਾ।

ਦੂਜੇ ਪਾਸੇ ਵਿਰੋਧੀ ਧਿਰ ਨੇ ਇਸ ਬਜਟ ਨੂੰ 'ਕੁਰਸੀ ਬਚਾਉ ਬਜਟ' ਦਾ ਨਾਂ ਦਿੱਤਾ ਹੈ। ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਨੇ ਇਸ ਬਜਟ ਨੂੰ ਕੁਰਸੀ ਬਚਾਉ ਬਜਟ ਦੱਸਦਿਆਂ ਕਿਹਾ ਕਿ ਬਜਟ ਵਿੱਚ ਆਪਣੇ ਭਾਈਵਾਲਾਂ ਨੂੰ ਖੁਸ਼ ਕਰਨ ਦਾ ਯਤਨ ਕੀਤਾ ਗਿਆ ਹੈ ਅਤੇ ਬਾਕੀ ਰਾਜਾਂ ਤੇ ਆਮ ਆਦਮੀ ਲਈ ਇਸ ਬਜਟ ਵਿੱਚ ਕੁਝ ਵੀ ਨਹੀਂ ਹੈ। ਆਮ ਆਦਮੀ ਪਾਰਟੀ ਅਤੇ ਮਮਤਾ ਬੈਨਰਜੀ ਵੱਲੋਂ ਵੀ ਲਗਪਗ ਇਸੇ ਕਿਸਮ ਦੇ ਵਿਚਾਰ ਪ੍ਰਗਟ ਕੀਤੇ ਗਏ ਹਨ। ਕਾਂਗਰਸ ਦੇ ਪ੍ਰਧਾਨ ਮਲਿਕਾਰਜੁਨ ਖੜਗੇ ਅਤੇ ਰਾਹੁਲ ਗਾਂਧੀ ਨੇ ਇਹ ਦੋਸ਼ ਵੀ ਲਾਇਆ ਕਿ ਨੌਜਵਾਨਾ ਲਈ ਐਲਾਨੀਆਂ ਗਈਆਂ ਪੰਜ ਵਿੱਚੋਂ ਤਿੰਨ ਸਕੀਮਾਂ ਲੋਕ ਸਭਾ ਚੋਣਾਂ ਦੌਰਾਨ ਕਾਂਗਰਸ ਵੱਲੋਂ ਜਨਤਕ ਕੀਤੇ ਗਏ ਚੋਣ ਮੈਨੀਫੈਸਟੇ ਵਿੱਚੋਂ ਚੁੱਕੀਆਂ ਗਈਆਂ ਹਨ। ਕਾਗਰਸੀਆਂ



ਅਨੁਸਾਰ ਇਹ ਪਿੱਕ ਐਂਡ ਪੇਸਟ ਵਾਲਾ ਬਜਟ ਹੈ। ਇਸ ਤੋਂ ਇਹ ਵੀ ਪਤਾ ਲਗਦਾ ਹੈ ਕਿ ਭਾਰਤੀ ਜਨਤਾ ਪਾਰਟੀ ਨੌਜੁਆਨਾਂ ਸਮੇਤ ਸਮਾਜ ਦੇ ਉਨ੍ਹਾਂ ਵਰਗਾਂ ਨੂੰ ਆਪਣੇ ਵੱਲ ਖਿੱਚਣ ਦਾ ਯਤਨ ਕਰ ਰਹੀ ਹੈ, ਜਿਹੜਾ ਪਿਛਲੀਆਂ ਚੋਣਾਂ ਵਿੱਚ ਕਾਂਗਰਸ ਪਾਰਟੀ ਦੀ ਅਗਵਾਈ ਵਾਲੇ 'ਇੰਡੀਆ ਗੱਠਜੋੜ' ਨੇ ਆਪਣੇ ਨੀਤੀ ਪੈਂਤੜਿਆਂ ਨਾਲ ਪ੍ਰਭਾਵਿਤ ਕਰ ਲਿਆ ਸੀ।

ਇਸ ਤਹਿਤ ਨੌਜਵਾਨਾਂ ਲਈ ਪੰਜ ਪ੍ਰਮੁੱਖ ਸਕੀਮਾਂ ਦਾ ਐਲਾਨ ਕੀਤਾ ਗਿਆ ਹੈ। ਵਿੱਤ ਮੰਤਰੀ ਨੇ ਇਨ੍ਹਾਂ ਨੂੰ 'ਪ੍ਰਧਾਨ ਮੰਤਰੀ ਪੈਕੇਜ ਦੀਆਂ ਪੰਜ ਸਕੀਮਾਂ ਅਤੇ ਪਹਿਲਕਦਮੀਆਂ' ਦਾ ਨਾਂ ਦਿੱਤਾ ਹੈ। ਵਿੱਤ ਮੰਤਰੀ ਅਨੁਸਾਰ ਇਨ੍ਹਾਂ ਸਕੀਮਾਂ ਰਾਹੀਂ 40.1 ਮਿਲੀਅਨ ਨੌਜੁਆਨ ਫਾਇਦਾ ਉਠਾ ਸਕਣਗੇ। ਨੌਜਵਾਨਾਂ ਲਈ ਐਲਾਨੀਆਂ ਗਈਆਂ ਇਨ੍ਹਾਂ ਪੰਜ ਸਕੀਮਾਂ ਵਿੱਚੋਂ ਤਿੰਨ ਈ.ਪੀ.ਐਫ.ਓ. ਆਧਾਰਤ ਹਨ। ਇੰਪਲਾਈਮੈਂਟ ਪ੍ਰਾਵੀਡੈਂਟ ਫੰਡ ਔਰਗੇਨਾਈਜੇਸ਼ਨ ਲਈ ਪਹਿਲੀ ਵਾਰ ਰਜਿਸਟਰ ਹੋਣ ਵਾਲੇ ਨੌਜਵਾਨਾਂ ਲਈ ਤਿੰਨ ਕਿਸ਼ਤਾਂ ਵਿੱਚ 15 ਹਜ਼ਾਰ ਰੁਪਏ ਮਹੀਨਾਂ ਦਿੱਤੇ ਜਾਣਗੇ। ਨਿਰਮਾਣਕਾਰੀ (ਮੈਨੂਫੈਕਚਰਿੰਗ) ਦੇ ਖੇਤਰ ਵਿੱਚ ਨੌਕਰੀਆਂ ਪੈਦਾ ਕਰਨ ਵਾਲੇ ਮਾਲਕਾਂ ਅਤੇ ਮੁਲਾਜ਼ਮਾਂ ਨੂੰ ਪਹਿਲੇ ਚਾਰ ਸਾਲ ਉਨ੍ਹਾਂ ਦੇ ਈ.ਪੀ.ਐਫ.ਓ. ਵਿੱਚ ਪਾਏ ਗਏ ਯੋਗਦਾਨ ਦੇ ਆਧਾਰ 'ਤੇ ਪਹਿਲੇ ਚਾਰ ਸਾਲ ਲਈ ਮਦਦ ਦਿੱਤੀ ਜਾਵੇਗੀ। ਹਰ ਨਵੇਂ ਵਰਕਰ ਦੀ ਨੌਕਰੀ ਬਦਲੇ ਮਾਲਕ ਨੂੰ ਹਰ ਮਹੀਨੇ ਤਿੰਨ ਹਜ਼ਾਰ ਰੁਪਏ ਦਿੱਤੇ ਜਾਣਗੇ। ਇਸ ਤੋਂ ਇਲਾਵਾ 500 ਪ੍ਰਮੁੱਖ ਫਰਮਾਂ ਵਿੱਚ ਇੱਕ ਕਰੋੜ ਨੌਜਵਾਨਾਂ ਲਈ 12 ਮਹੀਨੇ ਦੀ ਇੰਟਰਨਸ਼ਿੱਪ ਦੀ ਸਕੀਮ ਰੱਖੀ ਗਈ ਹੈ, ਜਿਸ 'ਚ 12 ਮਹੀਨੇ ਲਈ ਪੀ.ਐਮ. ਫੰਡ 'ਚੋਂ ਪੰਜ ਹਜ਼ਾਰ ਰੁਪਏ ਮਹੀਨਾ ਦਿੱਤੇ ਜਾਣਗੇ। ਪੰਜਵੀਂ ਸਕੀਮ ਅਨੁਸਾਰ ਇੱਕ ਕਰੋੜ ਨੌਜਵਾਨਾਂ ਨੂੰ ਸਕਿੱਲ ਟਰੇਨਿੰਗ ਦਿੱਤੀ ਜਾਣ ਦੀ ਤਜਵੀਜ਼ ਹੈ। ਇਸ ਮਕਸਦ ਲਈ 1000 ਟਰੇਨਿੰਗ ਇੰਸਟੀਚਿਊਟ 'ਹੱਬ ਐਂਡ ਸਪੋਕ' ਅਰੇਂਜਮੈਂਟ ਵਜੋਂ ਅੱਪਗਰੇਡ ਕੀਤੇ ਜਾਣੇ ਹਨ।

ਕਾਂਗਰਸ ਪਾਰਟੀ ਅਨੁਸਾਰ ਉਪਰੋਕਤ ਵਿੱਚੋਂ ਪਹਿਲੀਆਂ ਤਿੰਨ ਸਕੀਮਾਂ ਮੋਦੀ ਸਰਕਾਰ ਵੱਲੋਂ ਕਾਂਗਰਸ ਪਾਰਟੀ ਦੇ ਮੈਨੀਫੈਸਟੋ ਵਿੱਚੋਂ ਚੋਰੀ ਕੀਤੀਆਂ ਗਈਆਂ ਹਨ। ਇਸ ਸੰਬੰਧੀ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਜੈ ਰਾਮ ਰਮੇਸ਼ ਨੇ ਕਿਹਾ ਕਿ ਇਨ੍ਹਾਂ ਸਕੀਮਾਂ ਦਾ ਐਲਾਨ ਮੋਦੀ ਸਰਕਾਰ ਵੱਲੋਂ ਆਪਣੇ ਟਰੇਡਮਾਰਕ ਸਟਾਈਲ ਵਿੱਚ, ਮੀਡੀਆ ਹੈਡਲਾਈਨ ਮਨੇਜ ਕਰਨ ਲਈ ਕੀਤਾ ਗਿਆ ਹੈ। ਇਹ ਸਿਰਫ ਇੱਕ ਕਰੋੜ ਨੌਜਵਾਨਾਂ ਲਈ ਐਲਾਨੀ ਗਈ ਹੈ, ਜਦਕਿ ਕਾਂਗਰਸ ਨੇ ਆਪਣੇ ਮੈਨੀਫੈਸਟੋ ਵਿੱਚ ਸਾਰੇ ਡਿਪਲੋਮਾ ਹੋਲਡਰਾਂ ਅਤੇ ਗਰੈਜੂਏਟਾਂ ਲਈ ਰੁਜ਼ਗਾਰ ਗਾਰੰਟੀ ਸਕੀਮ ਦਾ ਐਲਾਨ ਕੀਤਾ ਸੀ।


ਇਸ ਤੋਂ ਇਲਾਵਾ ਔਰਤਾਂ ਨਾਲ ਸੰਬੰਧਤ ਯੋਜਨਾਵਾਂ ਲਈ 3 ਲੱਖ ਕਰੋੜ ਰੁਪਏ ਰੱਖੇ ਗਏ ਹਨ। ਵਿੱਤ ਮੰਤਰੀ ਦਾ ਕਹਿਣਾ ਹੈ ਕਿ ਨੌਕਰੀਆਂ ਵਿੱਚ ਔਰਤਾਂ ਦੀ ਭਾਈਵਾਲੀ ਵਧਾਉਣ ਲਈ ਸਰਕਾਰ ਕੰਮ-ਕਾਜੀ ਮਹਿਲਾ ਹੋਸਟਲ ਸਥਾਪਤ ਕਰੇਗੀ। ਕੰਮ-ਕਾਜੀ ਔਰਤਾਂ ਦੇ ਬੱਚਿਆਂ ਦੀ ਸਾਂਭ-ਸੰਭਾਲ ਲਈ ਕਰੈਚ ਸਥਾਪਤ ਕਰਨ ਦਾ ਐਲਾਨ ਵੀ ਕੀਤਾ ਗਿਆ ਹੈ। ਅਬਾਦੀ ਦੇ ਵੱਖ-ਵੱਖ ਵਰਗਾਂ ਲਈ ਸਕੀਮਾਂ, ਸਹੂਲਤਾਂ ਤੋਂ ਇਲਾਵਾ ਕੇਂਦਰ ਵੱਲੋਂ ਆਮਦਨ ਕਰ ਵਿੱਚ ਕੁਝ ਛੋਟਾਂ ਦਿੱਤੀ ਗਈਆਂ ਹਨ। ਨਵੀਆਂ ਆਮਦਨ ਟੈਕਸ ਦਰਾਂ ਅਨੁਸਾਰ ਤਿੰਨ ਲੱਖ ਦੀ ਆਮਦਨ ਤੱਕ ਕੋਈ ਆਮਦਨ ਕਰ ਨਹੀਂ ਦੇਣਾ ਪਵੇਗਾ। ਤਿੰਨ ਤੋਂ 7 ਲੱਖ ਤੱਕ ਦੀ ਸਾਲਾਨਾ ਆਮਦਨ 'ਤੇ 5 ਫੀਸਦੀ, 7-10 ਲੱਖ 'ਤੇ 10 ਫੀਸਦੀ, 10-12 ਲੱਖ 'ਤੇ 15 ਫੀਸਦੀ, 12-15 ਲੱਖ 'ਤੇ 20 ਫੀਸਦੀ ਅਤੇ 20 ਲੱਖ ਤੋਂ ਵੱਧ ਦੀ ਸਾਲਾਨਾ ਆਮਦਨ 'ਤੇ 30 ਫੀਸਦੀ ਟੈਕਸ ਲੱਗੇਗਾ। ਆਰਥਕ ਮਸਲਿਆਂ ਦੇ ਇੱਕ ਮਾਹਿਰ ਰੋਸ਼ਨ ਕਿਸ਼ੋਰ ਵੱਲੋਂ ਇੱਕ ਰੋਜ਼ਾਨਾ ਕੌਮੀ ਅਖਬਾਰ ਵਿੱਚ ਕੀਤੇ ਗਏ ਵਿਸ਼ਲੇਸ਼ਣ ਅਨੁਸਾਰ ਮੌਜੂਦਾ ਬਜਟ ਭਾਰਤੀ ਜਨਤਾ ਪਾਰਟੀ ਦੇ ਚੋਣ ਰਾਗ ਤੋਂ ਬਿਲਕੁਲ ਉਲਟ ਹੈ। ਇਸ ਦੇ ਦੋ ਪ੍ਰਮੁੱਖ ਨਿਸ਼ਾਨੇ ਵਿਖਾਈ ਦਿੰਦੇ ਹਨ: 1. ਗਲੋਬਲ ਅਤੇ ਘਰੇਲੂ ਵਿੱਤੀ ਮੰਡੀ ਦੀ ਉਥਲ-ਪੁਥਲ ਦੇ ਮੱਦੇ ਨਜ਼ਰ ਭਾਰਤੀ ਆਰਥਿਕਤਾ ਨੂੰ ਮਜਬੂਤ ਕਰਨਾ; 2. ਆਪਣੇ ਦੂਜੇ ਨਿਸ਼ਾਨੇ ਤਹਿਤ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਸੰਸਾਰ ਨੂੰ ਇਹ ਵੀ ਦਿਖਾਉਣਾ ਚਾਹੁੰਦੀ ਹੈ ਕਿ ਘੱਟਗਿਣਤੀ ਸਰਕਾਰ ਹੋਣ ਦੇ ਬਾਵਜੂਦ ਭਾਜਪਾ ਦੇ ਆਤਮ ਵਿਸ਼ਵਾਸ ਨੂੰ ਕੋਈ ਆਂਚ ਨਹੀਂ ਆਈ ਹੈ। ਇਸ ਲਈ ਭਾਜਪਾ ਦੇਸ਼ ਦੀ ਢਾਂਚਾਗਤ ਆਰਥਿਕ ਤਬਦੀਲੀ ਰਾਹੀ ਆਪਣੀ ਰਾਜਨੀਤਿਕ ਸਥਿਤੀ ਮਜਬੂਤ ਕਰਨ ਦੀ ਇੱਛੁਕ ਹੈ। ਇਸੇ ਕਰਕੇ ਸ਼ਾਇਦ ਇਸ ਸਾਲ ਵਿਧਾਨ ਸਭਾ ਚੋਣਾਂ ਵਾਲੇ ਰਾਜਾਂ, ਹਰਿਆਣਾ ਮਹਾਰਾਸ਼ਟਰਾ ਅਤੇ ਝਾਰਖੰਡ ਤੋਂ ਵੱਧ ਬਿਹਾਰ ਅਤੇ ਆਂਧਰਾ ਪ੍ਰਦੇਸ਼ ਨੂੰ ਤਰਜੀਹ ਦਿੱਤੀ ਗਈ ਹੈ। ਬਿਹਾਰ ਵਿੱਚ ਚੋਣਾਂ ਅਗਲੇ ਸਾਲ ਹੋਣੀਆਂ ਹਨ। ਇਸ ਤੋਂ ਇਲਾਵਾ ਇਸ ਵਾਰ ਦਾ ਬਜਟ ਚੀਨੀ ਨਿਵੇਸ਼ ਦੀ ਤਵੱਕੋ ਵੱਲ ਵੀ ਝੁਕਿਆ ਹੋਇਆ ਹੈ। ਸਰਕਾਰ ਅਨੁਸਾਰ ਚੀਨੀ ਮਾਲ ਦੀ ਦਰਾਮਦ ਨਾਲੋਂ ਚੀਨੀ ਨਿਵੇਸ਼ ਵਧੇਰੇ ਫਾਇਦੇਮੰਦ ਰਹੇਗਾ। ਇਹ ਦੇਸ਼ ਵਿੱਚ ਨਿਰਮਾਣ ਖੇਤਰ ਨੂੰ ਹੁਲਾਰਾ ਦੇਵੇਗਾ।

# ਪੈਰਿਸ ਓਲੰਪਿਕ...

ਗੋਲਫ ਵਿੱਚ ਆਦਿਤੀ ਅਸ਼ੋਕ, ਬਾਕਸਿੰਗ ਵਿੱਚ ਲਵਲੀਨਾ, ਨਿਖਤ ਜਰੀਨ, ਪ੍ਰੀਤੀ ਪਵਾਰ, ਵੇਟ ਲਿਫਟਿੰਗ ਮੁਕਾਬਲੇ ਵਿੱਚ ਮੀਰਾਬਾਈ ਚਾਨੂੰ ਤੋਂ ਤਮਗੇ ਦੀਆਂ ਉਮੀਦਾਂ ਹਨ। ਸੂਟਿੰਗ ਵਿੱਚ ਸਿਫਤ ਕੌਰ ਸਮਰਾ, ਭਜਨ ਕੌਰ ਤੋਂ ਤਮਗੇ ਦੀ ਉਮੀਦ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਕੁਸ਼ਤੀ ਮੁਕਾਬਲਿਆਂ ਵਿੱਚ ਇਸ ਵਾਰ 6 ਔਰਤਾਂ ਅਤੇ 1 ਮਰਦ ਪਹਿਲਵਾਨ ਹਿੱਸਾ ਲੈ ਰਹੇ ਹਨ। ਇਨ੍ਹਾਂ ਵਿੱਚੋਂ ਵਿਨੇਸ਼ ਫੋਗਾਟ ਤੋਂ ਤਮਗੇ ਦੀ ਉਮੀਦ ਕੀਤੀ ਜਾ ਰਹੀ।

ਦਿਲਚਸਪ ਇਹ ਹੈ ਕਿ ਇਨ੍ਹਾਂ ਖੇਡਾਂ ਵਿੱਚ ਜੰਗ ਦੇ ਬੁਰੀ ਤਰ੍ਹਾਂ ਭੰਨੇ ਛੋਟੇ ਜਿਹੇ ਮੁਲਕ ਫਲਿਸਤੀਨ ਦੇ ਖਿਡਾਰੀ ਵੀ ਹਿੱਸਾ ਲੈ ਰਹੇ ਹਨ। ਇਨ੍ਹਾਂ ਖਿਡਾਰੀਆਂ ਦਾ ਆਖਣਾ ਹੈ ਕਿ ਅਸੀਂ ਮੁਕਾਬਲਿਆਂ ਵਿੱਚ ਹਿੱਸਾ ਲੈਣ ਤੋਂ ਪਹਿਲਾਂ ਹੀ ਜਿੱਤ ਗਏ ਹਾਂ। ਸਾਡੇ ਲਈ ਇਨ੍ਹਾਂ ਖੇਡਾਂ ਵਿੱਚ ਹਿੱਸਾ ਲੈਣਾ ਹੀ ਜਿੱਤ ਦੇ ਬਰਾਬਰ ਹੈ। ਭਾਵੇ ਇਜ਼ਰਾਇਲ ਦੀ ਖੇਡਾਂ ਵਿੱਚ ਸ਼ਮੂਲੀਅਤ ਦਾ ਕਈ ਮੁਸਲਿਮ ਮੁਲਕਾਂ ਵੱਲੋਂ ਵਿਰੋਧ ਕੀਤਾ ਜਾ ਰਿਹਾ ਸੀ, ਪਰ ਅਮਰੀਕਾ ਅਤੇ ਪੱਛਮੀ ਮੁਲਕਾਂ ਦੀ ਪੈਰਵੀ ਕਾਰਨ ਇਜ਼ਰਾਇਲ ਨੂੰ ਖੇਡਾਂ ਵਿੱਚ ਹਿੱਸਾ ਲੈਣ ਦੀ ਇਜਾਜ਼ਤ ਮਿਲ ਗਈ। ਇਸ ਮੱਧਪੂਰਬ ਦੇ ਵਿਵਾਦਗ੍ਰਸਤ ਮੁਲਕ ਦੀ ਫੁੱਟਬਾਲ ਟੀਮ ਅਤੇ ਹੋਰ ਖਿਡਾਰੀ ਵੀ ਓਲੰਪਿਕ ਖੇਡਾਂ ਵਿੱਚ ਹਿੱਸਾ ਲੈਣਗੇ। ਫਲਿਸਤੀਨੀ ਲੋਕਾਂ ਵੱਲੋਂ ਵੀ ਇਜ਼ਰਾਇਲ ਦੀ ਸ਼ਮੂਲੀਅਤ ਦਾ ਵਿਰੋਧ ਕੀਤਾ ਜਾ ਰਿਹਾ ਸੀ।

ਯਾਦ ਰਹੇ, ਫਰਾਂਸ ਦੇ ਖੂਬਸੂਰਤ ਸ਼ਹਿਰ ਪੈਰਿਸ ਵਿੱਚ ਓਲੰਪਿਕ ਖੇਡਾਂ 26 ਜੁਲਾਈ ਨੂੰ ਸ਼ੁਰੂ ਹੋਈਆਂ ਹਨ। ਖੇਡਾਂ ਦੇ ਉਦਘਾਟਨ ਤੋਂ ਪਹਿਲਾਂ ਕੁਝ ਦੋਖੀ ਅਨਸਰਾਂ ਵੱਲੋਂ ਪੈਰਿਸ ਦੇ ਦੁਆਲੇ ਰੇਲ ਪਟੜੀਆਂ ਨੂੰ ਨੁਕਸਾਨ ਪਹੁੰਚਾਇਆ ਗਿਆ, ਜਿਸ ਕਰਨ ਸੈਂਕੜੇ ਯਾਤਰੀ ਖੱਜਲ ਖੁਆਰ ਹੁੰਦੇ ਵੇਖੇ ਗਏ। ਇਹ ਅਸਲ ਵਿੱਚ ਖਿਡਾਰੀਆਂ ਅਤੇ ਦਰਸ਼ਕਾਂ ਨੂੰ ਦਹਿਸ਼ਤਜ਼ਦਾ ਕਰਨ ਦਾ ਯਤਨ ਲੱਗਿਆ; ਪਰ ਪੈਰਿਸ ਪ੍ਰਸ਼ਾਸਨ ਨੇ ਸੁਰੱਖਿਆ ਬੇਹੱਦ ਸਖਤ ਕਰ ਦਿੱਤੀ ਹੈ।



ਐਨੀ ਹਿਦਾਲਗੋ

ਇੱਥੇ ਇਹ ਵੀ ਧਿਆਨ ਰਹੇ ਕਿ ਇਨ੍ਹਾਂ ਖੇਡਾਂ ਦੇ ਉਦਘਾਟਨ ਤੋਂ ਪਹਿਲਾਂ ਖੇਡ ਸਟੇਡੀਅਮਾਂ ਦੀ ਉਸਾਰੀ ਲਈ ਕਥਿਤ ਤੌਰ 'ਤੇ ਬੇਘਰ ਕੀਤੇ ਗਏ ਲੋਕਾਂ ਵੱਲੋਂ ਪ੍ਰਦਰਸ਼ਨ ਕੀਤੇ ਜਾ ਰਹੇ ਸਨ। ਖਿਆਲ ਕੀਤਾ ਜਾ ਰਿਹਾ ਹੈ ਕਿ ਇਸ ਕਿਸਮ ਦੇ ਪ੍ਰਦਰਸ਼ਨਕਾਰੀਆਂ ਵੱਲੋਂ ਹੀ ਆਪਣਾ ਵਿਰੋਧ ਦਰਜ ਕਰਵਾਉਣ ਲਈ ਰੇਲ ਪਟੜੀਆਂ ਨੂੰ ਨੁਕਸਾਨ ਪਹੁੰਚਾਇਆ ਗਿਆ ਹੋ ਸਕਦਾ ਹੈ। ਖੇਡਾਂ ਦੇ ਇਸ ਮਹਾਂ ਕੁੰਭ ਵਿੱਚ 205 ਮੁਲਕਾਂ ਦੇ 10,000 ਤੋਂ ਵੱਧ ਖਿਡਾਰੀ ਵੱਖ-ਵੱਖ ਖੇਡ ਮੁਕਾਬਲਿਆਂ ਵਿੱਚ ਹਿੱਸਾ ਲੈ ਰਹੇ ਹਨ। ਇਨ੍ਹਾਂ ਖੇਡਾਂ ਦੀ ਇੱਕ ਵਿਲੱਖਣ ਘਟਨਾ ਇਹ ਰਹੀ ਕਿ ਇਨ੍ਹਾਂ ਦਾ ਉਦਘਾਟਨ ਕਿਸੇ ਖੇਡ ਸਟੇਡੀਅਮ ਦੀ ਥਾਂ ਪੈਰਿਸ ਸ਼ਹਿਰ ਦੇ ਵਿੱਚੋਂ ਲੰਘਦੀ ਸੀਨ ਨਦੀ ਦੇ ਵਿੱਚ ਹੋਇਆ। ਪੈਰਿਸ ਦੀ ਇਹ ਨਦੀ ਸਾਡੇ ਦਰਿਆਵਾਂ ਵਾਂਗ ਹੀ ਸ਼ਹਿਰੀ ਅਤੇ ਹੋਰ ਪ੍ਰਦੂਸ਼ਣ ਨਾਲ ਮੈਲੀ ਹੋ ਗਈ ਸੀ। 2024 ਦੀਆਂ ਓਲੰਪਿਕ ਖੇਡਾਂ ਨੂੰ ਧਿਆਨ ਵਿੱਚ ਰੱਖਦਿਆਂ ਪੈਰਿਸ ਦੇ ਸਥਾਨਕ ਪ੍ਰਸ਼ਾਸਨ ਦੀ ਮੇਅਰ ਐਨੀ ਹਿਦਾਲਗੋ ਨੇ ਕਈ ਸਾਲ ਪਹਿਲਾਂ ਹੀ ਇਸ ਨਦੀ ਨੂੰ ਸਾਫ ਕਰਨ ਦਾ ਐਲਾਨ ਕਰ ਦਿੱਤਾ ਸੀ। ਐਨੀ ਸਪੈਨਿਸ਼ ਮੂਲ ਦੀ ਫਰਾਂਸੀਸੀ ਸਿਆਸਤਦਾਨ ਹੈ। ਉਹ 2014 ਤੋਂ ਇਸ ਸ਼ਹਿਰ ਦੀ ਮੇਅਰ ਚਲੀ ਆ ਰਹੀ ਹੈ। ਇਹ ਦੱਸਣਾ ਵੀ ਦਿਲਚਸਪ ਹੋਏਗਾ ਕਿ ਇਸ ਸ਼ਹਿਰ ਦੀ ਉਹ ਪਹਿਲੀ ਔਰਤ ਮੇਅਰ ਹੈ। ਬਹੁਤੇ ਲੋਕਾਂ ਨੂੰ ਮੇਅਰ ਦੇ ਸੀਨ ਨਦੀ ਨੂੰ ਸਾਫ ਕਰਨ ਦੇ ਐਲਾਨ 'ਤੇ ਵਿਸ਼ਵਾਸ ਨਹੀਂ ਸੀ ਹੋਇਆ। ਇਸ ਨਦੀ ਨੂੰ ਸਾਫ ਕਰਨ 'ਤੇ ਡੇਢ ਬਿਲੀਅਨ ਡਾਲਰ ਦਾ ਖਰਚਾ ਆਇਆ। ਭਾਰਤ ਦੇ ਉਲਟ ਇਨ੍ਹਾਂ ਖੇਡਾਂ ਦਾ ਆਯੋਜਨ ਸੱਤਾ ਦੇ ਵਿਕੇਂਦਰੀਕਰਣ ਦਾ ਸ਼ਾਨਦਾਰ ਨਮੂਨਾ ਹੈ।

ਓਲੰਪਿਕ ਖੇਡਾਂ ਦੇ ਸ਼ੁਰੂ ਹੋਣ ਤੋਂ ਪਹਿਲਾਂ ਜਦੋਂ ਸੀਨ ਨਦੀ ਦੇ ਪਾਣੀ ਦੇ ਪ੍ਰਦੂਸ਼ਣ ਦੇ ਪੱਧਰ ਬਾਰੇ ਚਿੰਤਾ ਜਤਾਈ ਜਾ ਰਹੀ ਸੀ ਤਾਂ ਮੇਅਰ ਐਨੀ ਨੇ ਖੁਦ ਇਸ ਨਦੀ ਵਿੱਚ ਤੈਰ ਕੇ ਇਨ੍ਹਾਂ ਚਿੰਤਾਵਾਂ 'ਤੇ ਵਿਰਾਮ ਲਗਾਇਆ। ਪੈਰਿਸ ਓਲੰਪਿਕ ਖੇਡਾਂ ਦੇ ਇਸ ਨਿਆਰੇ ਉਦਘਾਟਨ ਦੌਰਾਨ 6800 ਅਥਲੀਟਾਂ ਨੇ 90 ਕਿਸ਼ਤੀਆਂ ਵਿੱਚ ਸਵਾਰ ਹੋ ਕੇ ਇਸ ਅਦਭੁਤ ਪ੍ਰੇਡ ਵਿੱਚ ਹਿੱਸਾ ਲਿਆ। ਇਸ ਦੌਰਾਨ ਉਨ੍ਹਾਂ ਵੱਲੋਂ 6 ਕਿਲੋਮੀਟਰ ਦਾ ਸਫਰ ਤੈਅ ਕੀਤਾ ਗਿਆ। ਯਾਦ ਰਹੇ, ਪੈਰਿਸ ਤੀਜੀ ਵਾਰ ਓਲੰਪਿਕ ਖੇਡਾਂ ਦੀ ਮੇਜ਼ਬਾਨੀ ਕਰ ਰਿਹਾ ਹੈ। ਇੱਕ ਸਦੀ ਪਹਿਲਾਂ 1924 ਦੀਆਂ ਓਲੰਪਿਕ ਖੇਡਾਂ ਵੀ ਪੈਰਿਸ ਵਿੱਚ ਹੋਈਆਂ ਸਨ। ਇਸ ਵਰ੍ਹੇ ਦੀਆਂ ਪੈਰਿਸ ਓਲੰਪਿਕ ਖੇਡਾਂ ਵਿੱਚ 117 ਭਾਰਤੀ ਐਥਲੀਟ 16 ਖੇਡਾਂ ਵਿੱਚ ਹਿਸਾ ਲੈ ਰਹੇ ਹਨ, ਜਿਨ੍ਹਾਂ ਵਿੱਚ 47 ਔਰਤ ਐਥਲੀਟ ਅਤੇ 70 ਮਰਦ ਐਥਲੀਟ ਸ਼ਾਮਲ ਹਨ। ਭਾਰਤ ਦੇ ਖਿਡਾਰੀ ਮੁੱਖ ਤੌਰ 'ਤੇ ਹਾਕੀ, ਤੀਰ ਅੰਦਾਜ਼ੀ, ਕੁਸ਼ਤੀ, ਬੌਕਸਿੰਗ, ਬੈਡਮਿੰਟਨ, ਰੋਇੰਗ, ਸੂਟਿੰਗ, ਟੈਨਿਸ, ਟੇਬਲ ਟੈਨਿਸ, ਜੈਵਲਿਨ ਥਰੋਅ ਆਦਿ ਖੇਡਾਂ ਵਿੱਚ ਹਿੱਸਾ ਲੈ ਰਹੇ ਹਨ।


**ਜ਼ਰੂਰੀ**

'ਪੰਜਾਬੀ ਪਰਵਾਜ਼' ਵਿੱਚ ਵੱਖ-ਵੱਖ ਲੇਖਕਾਂ ਦੇ ਲੇਖ ਸਿਰਫ ਵਿਚਾਰਾਂ ਦੇ ਵਟਾਂਦਰੇ ਅਤੇ ਇੱਕ-ਦੂਜੇ ਤੱਕ ਜਾਣਕਾਰੀ ਜਾਂ ਅਨੁਭਵ ਪਹੁੰਚਦੇ ਕਰਨ ਦੇ ਮਕਸਦ ਨਾਲ ਛਾਪੇ ਗਏ ਹਨ। ਲੇਖਾਂ ਵਿਚਲੇ ਵਿਚਾਰਾਂ/ਤੱਥਾਂ ਨਾਲ ਸਹਿਮਤ ਹੋਣਾ ਜਾਂ ਨਾ ਹੋਣਾ ਪਾਠਕਾਂ ਦਾ ਨਿੱਜੀ ਮਸਲਾ ਹੈ। ਲੇਖਾਂ/ਰਚਨਾਵਾਂ ਵਿੱਚ ਹਲਕੀ ਕਿਸਮ ਦੀ ਭਾਸ਼ਾ ਤੋਂ ਗੁਰੇਜ ਕਰਨਾ ਅਤੇ ਲੋਕ-ਪੱਖੀ ਤੇ ਮਿਆਰੀ ਲਿਖਤਾਂ ਨੂੰ ਪਾਠਕਾਂ ਤੱਕ ਪੁੱਜਦਾ ਕਰਨਾ 'ਪੰਜਾਬੀ ਪਰਵਾਜ਼' ਦੀ ਪਹਿਲ ਹੋਵੇਗੀ।

Punjabi Parwaz LLC
DBA Punjabi Parwaz

**Address:**
827 E. Kings Row, Unit# 7,
Palatine, IL 60074

**Managed by:**
Anureet Kaur
Kuljeet Singh

'ਪੰਜਾਬੀ ਪਰਵਾਜ਼' ਨੂੰ ਆਪਣੇ ਫੋਨ ਉਤੇ ਪੜ੍ਹਨ ਲਈ ਫੋਨ: 224-386-4548 ਉਤੇ ਸੰਪਰਕ ਕਰੋ ਜਾਂ ਸਾਡੀ ਵੈਬਸਾਈਟ www.punjabiparwaz.com ਉਤੇ ਈਪੇਪਰ ਦਾ ਬਟਨ ਕਲਿੱਕ ਕਰੋ



**ਪੰਜਾਬੀ ਪਰਵਾਜ਼** Punjabi Parwaz **ਬੋਰਡ ਮੈਂਬਰ**

ਬਲਵਿੰਦਰ ਸਿੰਘ (ਬੌਬ) ਸੰਧੂ
ਦਵਿੰਦਰ ਸਿੰਘ ਰੰਗੀ
ਮਨਜਿੰਦਰ ਸਿੰਘ (ਮੈਕ) ਭਮਰਾ
ਜੋਧ ਸਿੰਘ ਸਿੱਧੂ
ਯਾਦਵਿੰਦਰ ਸਿੰਘ (ਰਿੰਪੀ) ਖੱਟੜਾ
ਅਮਰੀਕ ਸਿੰਘ ਸ਼ਿਕਾਗੋ
ਕਿਰਪਾਲ ਸਿੰਘ ਰੰਧਾਵਾ
ਅੰਮ੍ਰਿਤਪਾਲ ਸਿੰਘ ਗਿੱਲ
ਬਲਵਿੰਦਰ ਸਿੰਘ ਚੱਠਾ
ਦਰਸ਼ਨ ਸਿੰਘ ਪੰਮਾ
ਗੁਰਿੰਦਰਜੀਤ ਸਿੰਘ ਗਰੇਵਾਲ
ਬੇਅੰਤ ਸਿੰਘ ਬੋਪਾਰਾਏ
ਅਮਰਜੀਤ ਸਿੰਘ ਢੀਂਡਸਾ
ਦੀਦਾਰ ਸਿੰਘ ਧਨੋਆ
ਗੁਰਵਿੰਦਰ ਬੱਬੂ (ਐਪਲਟਨ)
ਅਜੈਬ ਸਿੰਘ ਲੱਖਣ
ਹਰਕੇਵਲ ਸਿੰਘ ਲਾਲੀ
ਬਿਕਰਮ ਸਿੰਘ ਸਿੱਧੂ
ਮਿੰਨੀ ਮੁਲਤਾਨੀ
ਗੁਰਪ੍ਰੀਤ ਕੇ. ਸਿੰਘ
ਇੰਦਰ ਹੁੰਜਣ
ਸੰਨੀ ਧੂੜ (ਮਿਸ਼ੀਗਨ)
ਮਨਮਿੰਦਰ ਸਿੰਘ ਹੀਰ
ਅਮਨਦੀਪ ਸਿੰਘ ਕੁਲਾਰ
ਪਰਮਿੰਦਰ ਸਿੰਘ (ਯੂਬਾ ਸਿਟੀ)
ਜਗਜੀਤ ਸਿੰਘ ਖੇੜਾ (ਓਕਲਾਹੋਮਾ)
ਹਰਮੀਕ ਸਿੰਘ ਗਿਰਨ
ਜਿਗਰਦੀਪ ਸਿੰਘ ਢਿੱਲੋਂ

## ਅਕਾਲੀ ਧੜਿਆਂ ਦਾ ਕਲੇਸ਼ ਵਧਿਆ

ਮੁਆਫੀ ਦੇਣ, ਸੁਮੇਧ ਸੈਣੀ ਨੂੰ ਡੀ.ਜੀ.ਪੀ. ਲਗਾਉਣ ਅਤੇ ਇਜ਼ਹਾਰ ਆਲਮ ਦੀ ਪਤਨੀ ਨੂੰ ਅਕਾਲੀ ਦਲ ਵੱਲੋਂ ਟਿਕਟ ਦੇਣ ਵੇਲੇ ਚੁੱਪ ਰਹਿਣ ਦਾ ਦੋਸ਼ ਸਵੀਕਾਰ ਕਰਦਿਆਂ 'ਸਜ਼ਾ ਲਾਉਣ' ਦੀ ਮੰਗ ਕੀਤੀ ਸੀ। ਉਨ੍ਹਾਂ ਸਾਰੀਆਂ ਉਪਰੋਕਤ ਘਟਨਾਵਾਂ ਲਈ ਸੁਖਬੀਰ ਬਾਦਲ ਨੂੰ ਮੁੱਖ ਜ਼ਿੰਮੇਵਾਰ ਠਹਿਰਾਇਆ ਸੀ। ਇਸ ਤੋਂ ਪਿੱਛੋਂ ਸੁਖਬੀਰ ਸਿੰਘ ਬਾਦਲ 24 ਜੁਲਾਈ ਨੂੰ ਅਕਾਲ ਤਖਤ ਸਾਹਿਬ 'ਤੇ ਪੇਸ਼ ਹੋਏ ਅਤੇ ਬੰਦ ਲਿਫਾਫੇ ਵਿੱਚ ਆਪਣਾ ਸਪਸ਼ਟੀਕਰਨ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਸੌਂਪਿਆ। ਅਕਾਲ ਤਖਤ ਸਾਹਿਬ ਵੱਲੋਂ ਇਸ ਮਾਮਲੇ ਵਿੱਚ ਕਾਰਵਾਈ ਦੀ ਉਡੀਕ ਹਾਲਾਂ ਕੀਤੀ ਜਾ ਰਹੀ ਸੀ ਕਿ ਇਸ ਤੋਂ ਪਹਿਲਾਂ ਹੀ ਉਪਰੋਕਤ ਨਵੀਆਂ ਘਟਨਾਵਾਂ ਵਾਪਰ ਗਈਆਂ ਹਨ।

ਪ੍ਰਦੀਪ ਦੇ ਬਿਆਨ ਨੂੰ ਅਕਾਲੀ ਦਲ ਬਾਦਲ ਨੇ ਬਾਗੀ ਅਕਾਲੀਆਂ, ਬੀ.ਜੇ.ਪੀ. ਅਤੇ ਪੰਜਾਬ 'ਆਪ' ਨਾਲ ਮਿਲ ਕੇ ਕੀਤੀ ਗਈ ਕਾਰਵਾਈ ਸਮਝਿਆ ਹੈ ਤੇ ਬਾਗੀ ਅਕਾਲੀਆਂ ਦੇ ਅੱਠ ਆਗੂਆਂ ਨੂੰ ਪਾਰਟੀ ਲੀਡਰਸ਼ਿੱਪ ਵਿੱਚੋਂ ਛਾਂਗ ਦਿੱਤਾ ਹੈ। ਪ੍ਰਦੀਪ ਦੇ ਬਿਆਨ 'ਤੇ ਪ੍ਰਤੀਕਰਮ ਪ੍ਰਗਟ ਕਰਦਿਆਂ ਬਾਗੀ ਅਕਾਲੀ ਧੜੇ ਦੇ ਕਨਵੀਨਰ ਗੁਰਪ੍ਰਤਾਪ ਸਿੰਘ ਵਡਾਲਾ ਨੇ ਕਿਹਾ ਕਿ ਡੇਰਾ ਸਿਰਸਾ ਦੇ ਸਿਆਸੀ ਵਿੰਗ ਦੇ ਆਗੂ ਪ੍ਰਦੀਪ ਕਲੇਰ ਵੱਲੋਂ ਦਿੱਤੇ ਗਏ ਬਿਆਨ 'ਤੇ ਸੁਖਬੀਰ ਬਾਦਲ ਸਪਸ਼ਟੀਕਰਨ ਦੇਣ। ਉਨ੍ਹਾਂ ਕਿਹਾ ਕਿ ਸੁਖਬੀਰ 'ਤੇ ਡੇਰਾ ਮੁਖੀ ਦੀ ਪੁਸ਼ਤਪਨਾਹੀ ਦੇ ਲਾਏ ਗਏ ਦੋਸ਼ ਕਾਫੀ ਗੰਭੀਰ ਹਨ। ਡੇਰਾ ਮੁਖੀ ਨਾਲ ਮੇਲ-ਜੋਲ ਨਾ ਰੱਖਣ ਦੀ ਅਕਾਲ ਤਖਤ ਦੀ ਹਦਾਇਤ ਦੇ ਬਾਵਜੂਦ ਉਹ ਉਸ ਨੂੰ ਮਿਲਦੇ ਰਹੇ।

ਉਧਰ ਸੁਖਬੀਰ ਸਿੰਘ ਬਾਦਲ ਨੇ ਆਪਣੇ ਸਪਸ਼ਟੀਕਰਨ ਵਿੱਚ ਕਿਹਾ ਹੈ ਕਿ ਬੇਅਦਬੀਆਂ ਜਿਹੀਆਂ ਘਿਨਾਉਣੀਆਂ ਕਾਰਵਾਈਆਂ ਦੇ ਦੋਸ਼ੀ ਵੱਲੋਂ ਲਗਾਏ ਗਏ ਇਹ ਦੋਸ਼ ਬੇਬੁਨਿਆਦ ਅਤੇ ਰਾਜਨੀਤੀ ਤੋਂ ਪ੍ਰੇਰਤ ਹਨ ਤੇ ਮੈਨੂੰ ਕਾਫੀ ਦੁਖੀ ਕਰ ਰਹੇ ਹਨ। ਮੈਂ ਇਨ੍ਹਾਂ ਝੂਠੇ ਅਤੇ ਖਤਰਨਾਕ ਦੋਸ਼ਾਂ 'ਤੇ ਸਖਤ ਇਤਰਾਜ ਕਰਦਾ ਹਾਂ। ਉਨ੍ਹਾਂ ਕਿਹਾ ਕਿ ਮੈਂ ਅਕਾਲ ਤਖਤ ਸਾਹਿਬ 'ਤੇ ਆਪਣਾ ਪੱਖ ਪੇਸ਼ ਕਰ ਚੁੱਕਾ ਹਾਂ ਅਤੇ ਉਨ੍ਹਾਂ ਦੇ ਫੈਸਲੇ ਤੋਂ ਬਾਅਦ ਹੀ ਮੈਂ ਇਸ ਪਾਪੀ ਵਿਰੁਧ ਸਖਤ ਕਾਰਵਾਈ ਕਰਾਂਗਾ। ਇਸ ਮਾਮਲੇ 'ਤੇ ਪ੍ਰਤੀਕਰਮ ਪ੍ਰਗਟ ਕਰਦਿਆਂ ਬਦਲ ਦਲ ਦੇ ਸੀਨੀਅਰ ਆਗੂ ਬਲਵਿੰਦਰ ਸਿੰਘ ਭੂੰਦੜ, ਮਹੇਸ਼ਿੰਦਰ ਸਿੰਘ ਗਰੇਵਾਲ ਅਤੇ ਅਰਸ਼ਦੀਪ ਸਿੰਘ ਕਲੇਰ ਨੇ ਕਿਹਾ ਕਿ ਪੰਜਾਬ ਦੀ 'ਆਪ' ਸਰਕਾਰ ਪ੍ਰਦੀਪ ਕਲੇਰ ਨਾਲ ਮਿਲੀ ਹੋਈ ਹੈ। ਉਨ੍ਹਾਂ ਕਿਹਾ ਕਿ ਅਪਰਾਧੀ ਐਲਾਨੇ ਜਾਣ ਤੋਂ ਬਾਅਦ ਵੀ ਸਰਕਾਰ ਨੇ ਉਸ ਨੂੰ ਗ੍ਰਿਫਤਾਰ ਨਹੀਂ ਕੀਤਾ ਹੈ। ਸਰਕਾਰ ਵੱਲੋਂ ਬੇਅਦਬੀ ਦੇ ਮਾਮਲੇ ਵਿੱਚ ਉਸ ਦੀ ਕੋਈ ਪੁੱਛਗਿੱਛ ਨਹੀਂ ਕੀਤੀ ਗਈ। ਅਕਾਲੀ ਦਲ ਦੇ ਆਗੂਆਂ ਨੇ ਇਹ ਸਵਾਲ ਵੀ ਕੀਤਾ ਕਿ ਫਰੀਦਕੋਟ ਦੇ ਪੁਲਿਸ ਮੁਖੀ ਦੀ ਲਿਖਤੀ ਬੇਨਤੀ ਦੇ ਬਾਵਜੂਦ ਸਰਕਾਰ ਨੇ ਡੇਰਾ ਮੁਖੀ ਰਾਮਰਹੀਮ 'ਤੇ ਧਾਰਾ 495 ਅਧੀਨ ਕੇਸ ਦਰਜ ਕਿਉਂ ਨਹੀਂ ਕੀਤਾ? ਉਨ੍ਹਾਂ ਕਿਹਾ ਕਿ ਹਰਿਆਣਾ ਵਿੱਚ ਆ ਰਹੀਆਂ ਚੋਣਾਂ ਦੇ ਮੱਦੇਨਜ਼ਰ ਪੰਜਾਬ ਸਰਕਾਰ ਰਾਮ ਰਹੀਮ ਖਿਲਾਫ ਨਰਮੀ ਵਰਤ ਰਹੀ ਹੈ। ਇਸ ਮਾਮਲੇ ਵਿੱਚ ਪੰਜਾਬ ਸਰਕਾਰ ਕੇਂਦਰ ਸਰਕਾਰ ਨਾਲ ਮਿਲੀ ਹੋਈ ਹੈ।

ਇਸੇ ਦਰਮਿਆਨ ਬਾਗੀ ਅਕਾਲੀ ਦਲ ਦੇ ਆਗੂਆਂ ਨੇ ਟਕਸਾਲੀ ਅਕਾਲੀ ਪਰਿਵਾਰਾਂ ਅਤੇ ਆਮ ਲੋਕਾਂ ਨਾਲ ਆਪਣਾ ਮੇਲ ਜੋਲ ਤੇਜ਼ ਕਰ ਦਿੱਤਾ ਹੈ। ਇਸ ਤਹਿਤ ਬਾਗੀ ਧੜੇ ਵੱਲੋਂ ਅਕਾਲੀ ਦਲ ਦੇ ਰਹਿ ਚੁੱਕੇ ਮਰਹੂਮ ਪ੍ਰਧਾਨ ਜਥੇਦਾਰ ਮੋਹਨ ਸਿੰਘ ਤੁੜ ਦੀ ਬਰਸੀ ਮਨਾਈ ਗਈ। ਇਸ ਬਰਸੀ ਸਮਾਗਮ ਵਿੱਚ ਬਾਗੀ ਅਕਾਲੀਆਂ ਤੋਂ ਲੈ ਕੇ ਸਿਮਰਨਜੀਤ ਸਿੰਘ ਮਾਨ ਤੱਕ ਹਰ ਰੰਗ ਦੇ ਅਕਾਲੀ ਧੜਿਆਂ ਨੇ ਸ਼ਮੂਲੀਅਤ ਕੀਤੀ। ਪਿੰਡ ਤੁੜ ਦੇ ਗੁਰਦੁਆਰਾ ਗੁਰੂ ਅੰਗਦ ਦੇਵ ਜੀ ਦਰਬਾਰ ਵਿੱਚ ਹੋਏ ਇਸ ਸਮਾਗਮ ਵਿੱਚ ਜੇਲ੍ਹ ਵਿੱਚ ਬੰਦ ਖਡੂਰ ਸਾਹਿਬ ਤੋਂ ਮੈਂਬਰ ਪਾਰਲੀਮੈਂਟ ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ, ਮਨਜੀਤ ਸਿੰਘ, ਮਨਜੀਤ ਸਿੰਘ ਭੋਮਾ, ਫਰੀਦਕੋਟ ਤੋਂ ਮੈਂਬਰ ਪਾਰਲੀਮੈਂਟ ਸਰਬਜੀਤ ਸਿੰਘ, ਪ੍ਰੇਮ ਸਿੰਘ ਚੰਦੂਮਾਜਰਾ, ਸੁੱਚਾ ਸਿੰਘ ਛੋਟੇਪੁਰ, ਬੀਬੀ ਜਗੀਰ ਕੌਰ, ਹਰਵਿੰਦਰ ਸਿੰਘ ਚੰਦੂਮਾਜਰਾ, ਗੁਰਪ੍ਰਤਾਪ ਸਿੰਘ ਵਡਾਲਾ ਆਦਿ ਆਗੂਆਂ ਨੇ ਹਿੱਸਾ ਲਿਆ। ਕੁਝ ਹੋਰ ਧਾਰਮਿਕ ਸੰਸਥਾਵਾਂ ਦੇ ਮੁਖੀ, ਨਿਹੰਗ ਸਿੰਘ ਅਤੇ ਕਿਸਾਨ ਆਗੂ ਵੀ ਇਸ ਸਮਾਗਮ ਵਿੱਚ ਸ਼ਾਮਲ ਹੋਏ।

ਇਸ ਦੌਰਾਨ ਫਰੀਦਕੋਟ ਤੋਂ ਪਾਰਲੀਮੈਂਟ ਮੈਂਬਰ ਸਰਬਜੀਤ ਸਿੰਘ ਨੇ ਆਪਣੇ ਇੱਕ ਵੱਖਰੇ ਬਿਆਨ ਵਿੱਚ ਕਿਹਾ ਹੈ ਕਿ ਅੰਮ੍ਰਿਤਪਾਲ ਸਿੰਘ ਦੀ ਰਿਹਾਈ ਤੋਂ ਬਾਅਦ ਨਵੀਂ ਪੰਥਕ ਪਾਰਟੀ ਦਾ ਗਠਨ ਕੀਤਾ ਜਾਵੇਗਾ। ਉਨ੍ਹਾਂ ਇਹ ਨਹੀਂ ਸਪਸ਼ਟ ਕੀਤਾ ਕਿ ਇਹ ਗਠਨ ਜਥੇਦਾਰ ਤੁੜ ਦੇ ਸਮਾਗਮ 'ਤੇ ਇਕੱਠੇ ਹੋਏ ਸਾਰੇ ਧੜਿਆਂ ਨਾਲ ਮਿਲ ਕੇ ਕੀਤਾ ਜਾਵੇਗਾ ਜਾਂ ਉਹ ਵੱਖਰੇ ਤੌਰ 'ਤੇ ਇਸ ਦਾ ਗਠਨ ਕਰਨਗੇ। ਯਾਦ ਰਹੇ, ਸਰਬਜੀਤ ਸਿੰਘ ਅਕਾਲ ਤਖਤ ਦੇ ਸਾਬਕਾ ਜਥੇਦਾਰ ਭਾਈ ਜਸਵੀਰ ਸਿੰਘ ਰੋਡੇ ਦੇ ਨਜ਼ਦੀਕ ਮੰਨੇ ਜਾਂਦੇ ਹਨ। ਅੰਮ੍ਰਿਤਪਾਲ ਸਿੰਘ ਵੀ ਉਨ੍ਹਾਂ ਦੇ ਰਾਹੀਂ ਹੀ ਪੇਸ਼ ਹੋਇਆ ਸੀ। ਉਹ ਵੀ ਪਿਛੇ ਜਿਹੇ ਤੋਂ ਅਕਾਲੀ ਦਲ (ਬਾਦਲ) ਦੇ ਖਿਲਾਫ ਸਰਗਰਮ ਵੇਖੇ ਜਾ ਰਹੇ ਹਨ।

## ਅਮਰੀਕਾ ਦੇ ਗੁਰਦੁਆਰਾ ਸਾਹਿਬਾਨ ਦੇ ਧਾਰਮਿਕ/ਮਰਯਾਦਾ ਅਤੇ ਪ੍ਰਬੰਧਕੀ ਮਾਮਲਿਆਂ ਦੇ ਨਿਵਾਰਣ ਲਈ 7 ਮੈਂਬਰੀ ਸਬ ਕਮੇਟੀ ਦਾ ਗਠਨ

ਸਿੱਖ ਕੌਮ ਦੀ ਸਰਬ ਉੱਚ ਸੰਸਥਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਤਿਕਾਰਯੋਗ, ਸਿੰਘ ਸਾਹਿਬ ਜਥੇਦਾਰ ਰਘਬੀਰ ਸਿੰਘ ਜੀ ਨੇ ਅਮਰੀਕਾ ਦੇ ਗੁਰਦੁਆਰਾ ਸਾਹਿਬਾਨ ਦੇ ਧਾਰਮਿਕ/ਮਰਯਾਦਾ ਅਤੇ ਪ੍ਰਬੰਧਕੀ ਮਾਮਲਿਆਂ ਦਾ ਨਿਵਾਰਣ ਕਰਨ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਆਧਾਰਿਤ 7 ਮੈਂਬਰੀ ਸਬ ਕਮੇਟੀ ਨਿਯੁਕਤ ਕੀਤੀ ਗਈ ਹੈ। ਇਹ ਸਬ ਕਮੇਟੀ ਗੁਰੂ ਸਾਹਿਬ ਜੀ ਦੀ ਭੈਅ ਭਾਵਨੀ ਵਿੱਚ ਰਹਿੰਦਿਆਂ ਗੁਰਮਤਿ ਦੀ ਰੋਸ਼ਨੀ ਦੁਆਰਾ ਨਿਰਪੱਖਤਾ ਨਾਲ ਗੁਰ ਸਾਹਿਬ ਜੀ ਦੀ ਦਰਸਾਈ ਹੋਈ ਮਰਯਾਦਾ ਅਨੁਸਾਰ ਸੇਵਾ ਨਿਭਾਏਗੀ। ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਬਣਾਈ ਇਸ ਕਮੇਟੀ ਵਿੱਚ ਵਿਸ਼ੇਸ਼ ਤੌਰ 'ਤੇ ਬੀਬੀਆਂ ਨੂੰ ਵੀ ਸਤਿਕਾਰ ਦਿੰਦਿਆਂ ਬੀਬੀ ਗੁਰਵਿੰਦਰ ਕੌਰ ਨੂੰ ਵੀ ਸ਼ਾਮਲ ਕੀਤਾ ਗਿਆ ਹੈ, ਜੋ ਅਤਿ ਸ਼ਲਾਘਾਯੋਗ ਹੈ। ਸਿੰਘ ਸਾਹਿਬ ਵੱਲੋਂ ਵਿਸ਼ੇਸ਼ ਤੌਰ 'ਤੇ ਇਸ ਸਬ ਕਮੇਟੀ ਦੇ ਕੋਆਰਡੀਨੇਸ਼ਨ ਦੀ ਸੇਵਾ ਭਾਈ ਸਵਿੰਦਰ ਸਿੰਘ ਮੈਰੀਲੈਂਡ ਦੇ ਜ਼ਿੰਮੇ ਲਾਈ ਗਈ ਹੈ, ਜੋ ਸਮੇਂ ਸਮੇਂ 'ਤੇ ਸਾਰੀ ਜਾਣਕਾਰੀ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਭੇਜਣਗੇ।

ਇਸ ਕਮੇਟੀ ਦੇ ਮੈਂਬਰਾਂ ਨੇ ਪਹਿਲੀ ਵਰਚੁਅਲ ਮੀਟਿੰਗ ਪਿਛਲੇ ਦਿਨੀਂ ਕੀਤੀ ਅਤੇ ਸਮੂਹ ਮੈਂਬਰਾਂ ਨੇ ਅਕਾਲ ਪੁਰਖ ਅੱਗੇ ਅਰਦਾਸ ਕੀਤੀ ਕਿ ਆਉਣ ਵਾਲੇ ਸਮੇਂ ਵਿੱਚ ਸਮੂਹ ਕਮੇਟੀ ਮੈਂਬਰ ਖਾਲਸਾ ਪੰਥ ਦੀਆਂ ਰਹੁ-ਰੀਤਾਂ ਅਨੁਸਾਰ ਪੰਥਕ ਸੇਵਾਵਾਂ ਕਰ ਸਕਣ ਅਤੇ ਅਮਰੀਕਾ ਵਿੱਚ ਰਹਿੰਦੇ ਸਮੂਹ ਸਿੱਖਾਂ ਦਾ ਆਪਸੀ ਪਰਸਪਰ ਪਿਆਰ, ਏਕਤਾ ਰੱਖਣ ਵਿੱਚ ਆਪਣਾ ਯੋਗਦਾਨ ਪਾ ਸਕਣ। ਮੀਟਿੰਗ ਦੌਰਾਨ 7 ਮੈਂਬਰੀ ਸਬ ਕਮੇਟੀ ਦੇ ਸਮੂਹ ਮੈਂਬਰਾਨ ਨੇ ਹਿੱਸਾ ਲਿਆ, ਜਿਸ ਵਿਚ ਅਟਾਰਨੀ ਸ. ਜਸਪ੍ਰੀਤ ਸਿੰਘ (ਕੈਲੀਫੋਰਨੀਆ), ਭਾਈ ਸਵਿੰਦਰ ਸਿੰਘ (ਮੈਰੀਲੈਂਡ), ਭਾਈ ਰਣਜੀਤ ਸਿੰਘ (ਨਿਊ ਯਾਰਕ), ਬੀਬੀ ਗੁਰਵਿੰਦਰ ਕੌਰ (ਵਰਜੀਨੀਆ), ਬਾਬਾ ਮੁਖਤਿਆਰ ਸਿੰਘ ਮੁਖੀ (ਇੰਡੀਆਨਾ), ਸ. ਅਜੈਪਾਲ ਸਿੰਘ (ਨਿਊ ਯਾਰਕ) ਅਤੇ ਸ. ਅਮਰੀਕ ਸਿੰਘ (ਸ਼ਿਕਾਗੋ) ਸ਼ਾਮਲ ਹੋਏ।

### ਸਬ ਕਮੇਟੀ ਦੇ ਮੈਂਬਰ



ਜਸਪ੍ਰੀਤ ਸਿੰਘ ਅਟਾਰਨੀ | ਭਾਈ ਸਵਿੰਦਰ ਸਿੰਘ | ਭਾਈ ਰਣਜੀਤ ਸਿੰਘ | ਬੀਬੀ ਗੁਰਵਿੰਦਰ ਕੌਰ | ਬਾਬਾ ਮੁਖਤਿਆਰ ਸਿੰਘ ਮੁਖੀ | ਅਜੈਪਾਲ ਸਿੰਘ ਨਿਊ ਯਾਰਕ | ਅਮਰੀਕ ਸਿੰਘ ਸ਼ਿਕਾਗੋ


Teeyan Da Mela
MILWAUKEE

Food - Giddha - Singing - Prizes - Bhangra - Open Dance Floor
August 11, 2024
1 to 6 PM
VENUE: Four Points by Sheraton
5311 S. Howell Ave,
Milwaukee, WI 53207

Organizers Contact: Happy Chahal 414-712-6568 - Harjinder Soos 414-530-5699
Pinku Sandhawalia 414-708-2035 - Gurdeep Chahal 414-861-7395
Jas Kaur, Harpreet Toor, Mani Toor, Baljit Gill, Reena Aulakh, Harjeet Boparai, Raman Hansi

Tickets: $35 each at the door
Children under 10 free
Ladies Only

CAFE INDIA MILWAUKEE
DJ DESI VIBES
VENDOR PARTNERS
dream DECOR BY KIRAN
Asian Diva Salon Milwaukee
PUNJABI COMMUNITY ORGANIZATION OF WI 1998 PCO




# ਯੂ.ਐੱਸ. ਸੀਕਰੇਟ ਸਰਵਿਸ ਦੀ ਕੁਤਾਹੀ ਦੇ ਸਿਆਸੀ ਪ੍ਰਭਾਵ

**ਪੁਸ਼ਪਰੰਜਨ**




ਭਾਰਤ ਵਿੱਚ ਇੰਟੈਲੀਜੈਂਸ ਬਿਊਰੋ ਯਾਨੀ ਆਈ.ਬੀ. ਦਾ ਸਟਾਫ਼ ਲਗਭਗ 25 ਹਜ਼ਾਰ ਹੈ। ਅਮਰੀਕੀ ਸੀਕਰੇਟ ਸਰਵਿਸ ਕੋਲ ਉਸ ਤੋਂ ਤਿੰਨ ਗੁਣਾ ਘੱਟ ਸਟਾਫ ਹੈ; ਸਿਰਫ਼ 8 ਹਜ਼ਾਰ। ਅਮਰੀਕੀ ਸਰਕਾਰ ਦੇ ਕਾਰਜਕਾਰੀ ਦੀ ਇੱਕ ਰਿਪੋਰਟ ਅਨੁਸਾਰ '2021 ਵਿੱਚ ਲਗਭਗ 7,600 ਕਰਮਚਾਰੀ ਅਮਰੀਕੀ ਸੀਕਰੇਟ ਸਰਵਿਸ ਵਿੱਚ ਤਾਇਨਾਤ ਕੀਤੇ ਗਏ ਸਨ, ਜੂਨ 2024 ਤੱਕ 400 ਹੋਰ ਸਟਾਫ ਸ਼ਾਮਲ ਕੀਤਾ ਗਿਆ। ਸਾਲ 2026 ਤੱਕ ਇਸ ਗਿਣਤੀ ਨੂੰ ਵਧਾ ਕੇ ਲਗਭਗ 10,000 ਕਰਮਚਾਰੀਆਂ ਤੱਕ ਪਹੁੰਚਾਉਣ ਦੀ ਯੋਜਨਾ ਹੈ। ਕੀ ਸਟਾਫ਼ ਦੀ ਘੱਟ ਗਿਣਤੀ ਕਾਰਨ ਵੀ.ਵੀ.ਆਈ.ਪੀ. ਦੀ ਸੁਰੱਖਿਆ ਵਿੱਚ ਢਿੱਲ ਸੀ, ਜਾਂ ਇਹ ਇਸ ਤਰ੍ਹਾਂ ਹੀ ਹੈ? ਸਾਬਕਾ ਰਾਸ਼ਟਰਪਤੀ ਟਰੰਪ 'ਤੇ ਹਮਲੇ ਦੇ ਬਾਅਦ ਤੋਂ ਅਮਰੀਕੀ ਸੋਸ਼ਲ ਮੀਡੀਆ 'ਤੇ ਇਹ ਸਵਾਲ ਕਾਫ਼ੀ ਚਰਚਾ 'ਚ ਹੈ।

ਜੇਕਰ ਇੰਟੈਲੀਜੈਂਸ ਬਿਊਰੋ ਦੇ ਮੁਲਾਜ਼ਮਾਂ ਦੀ ਗਿਣਤੀ ਵਧਾ ਕੇ ਹਮਲਿਆਂ ਨੂੰ ਰੋਕਿਆ ਜਾ ਸਕਦਾ ਹੁੰਦਾ ਤਾਂ ਮਹਾਤਮਾ ਗਾਂਧੀ, ਇੰਦਰਾ ਗਾਂਧੀ ਅਤੇ ਰਾਜੀਵ ਗਾਂਧੀ ਦਾ ਕਤਲ ਨਹੀਂ ਸੀ ਹੋਣਾ। 1967 ਦੀ ਭੁਵਨੇਸ਼ਵਰ ਚੋਣ ਰੈਲੀ ਦੌਰਾਨ ਪੱਥਰਬਾਜ਼ੀ ਕਾਰਨ ਇੰਦਰਾ ਗਾਂਧੀ ਦਾ ਨੱਕ ਗੰਭੀਰ ਜ਼ਖ਼ਮੀ ਹੋ ਗਿਆ ਸੀ। ਜੇਕਰ ਸੂਚਨਾ ਪ੍ਰਣਾਲੀ ਮਜ਼ਬੂਤ ਹੁੰਦੀ ਤਾਂ ਕਰਮਵੀਰ ਸਿੰਘ ਨਾਂ ਦਾ ਵਿਅਕਤੀ 2 ਅਕਤੂਬਰ 1986 ਨੂੰ ਰਾਜਘਾਟ ਵਿਖੇ ਤਤਕਾਲੀ ਪ੍ਰਧਾਨ ਮੰਤਰੀ ਰਾਜੀਵ ਗਾਂਧੀ 'ਤੇ ਗੋਲੀ ਨਾ ਚਲਾ ਸਕਦਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ 5 ਜਨਵਰੀ 2022 ਨੂੰ ਫਿਰੋਜ਼ਪੁਰ ਫੇਰੀ ਦੌਰਾਨ ਉਨ੍ਹਾਂ ਦੇ ਕਾਫਲੇ ਦੀ ਸੁਰੱਖਿਆ ਵਿੱਚ ਕੋਈ ਕਮੀ ਨਹੀਂ ਹੋਣੀ ਸੀ, ਪਰ ਸਵਾਲ ਇਹ ਹੈ ਕਿ ਜਦੋਂ ਅਮਰੀਕਾ ਸੁਰੱਖਿਅਤ ਨਹੀਂ ਹੈ ਤਾਂ ਦੁਨੀਆ ਦਾ ਕਿਹੜਾ ਹਿੱਸਾ ਸੁਰੱਖਿਅਤ ਹੈ? ਇਹ ਸਵਾਲ ਵਿਕਰਮ-ਬੇਤਾਲ ਵਾਂਗ ਸਾਡੇ ਮੋਢਿਆਂ 'ਤੇ ਲਟਕਦਾ ਰਹੇਗਾ। ਯੂ.ਐਸ. ਸੀਕਰੇਟ ਸਰਵਿਸ ਦੇ ਡਾਇਰੈਕਟਰ ਕਿਮ ਸ਼ੀਟਲ ਦੇ ਅਸਤੀਫ਼ੇ ਨੇ ਉਸ ਦੀ ਸਮਰੱਥਾ ਤੋਂ ਲੈ ਕੇ ਸਾਜ਼ਿਸ਼ ਦੇ ਸਿਧਾਂਤਾਂ ਤੱਕ ਦੀਆਂ ਕਿਆਸਅਰਾਈਆਂ ਨੂੰ ਵਧਾ ਦਿੱਤਾ।

ਟਰੰਪ ਨੂੰ ਗੋਲੀ ਮਾਰਨ ਦੀ ਘਟਨਾ ਨੂੰ ਲੈ ਕੇ ਜਦੋਂ ਅਮਰੀਕੀ ਸੀਕਰੇਟ ਸਰਵਿਸ ਡਾਇਰੈਕਟਰ ਕਿਮ ਸ਼ੀਟਲ ਕਾਂਗਰਸ ਕਮੇਟੀ ਦੇ ਸਾਹਮਣੇ ਪੇਸ਼ ਹੋਏ ਤਾਂ ਨਾ ਤਾਂ ਜਨਤਾ ਨੂੰ ਅਤੇ ਨਾ ਹੀ ਕਾਂਗਰਸ ਨੂੰ ਇਸ ਬਾਰੇ ਜ਼ਿਆਦਾ ਜਾਣਕਾਰੀ ਮਿਲੀ। ਕਿਮ ਸ਼ੀਟਲ ਨੇ ਮੰਨਿਆ ਕਿ ਸਾਡੇ ਏਜੰਟ ਟਰੰਪ ਦੀ ਰੈਲੀ 'ਚ ਗੋਲੀਬਾਰੀ ਤੋਂ ਅਣਜਾਣ ਸਨ। ਅਮਰੀਕਾ ਦੇ ਖੁਫੀਆ ਮੁਖੀ ਅਤੇ ਗ੍ਰਹਿ ਮੰਤਰਾਲੇ ਦੀ ਚੁੱਪ ਨੇ ਭਾਰਤ ਸਮੇਤ ਦੁਨੀਆ ਭਰ ਵਿੱਚ ਅਟਕਲਾਂ ਦਾ ਬਾਜ਼ਾਰ ਗਰਮ ਕਰ ਦਿੱਤਾ ਸੀ। ਭਾਰਤੀ ਸੋਸ਼ਲ ਮੀਡੀਆ ਦੇ ਤੁਰਮ ਖਾਨ ਨੇ ਉੱਚੀ-ਉੱਚੀ ਕਹਿਣਾ ਸ਼ੁਰੂ ਕਰ ਦਿੱਤਾ ਕਿ ਅਜਿਹਾ ਹੋਵੇ ਜਾਂ ਨਾ ਹੋਵੇ, ਇਹ ਸਭ ਟਰੰਪ ਨੇ ਕੀਤਾ ਹੈ, ਤਾਂ ਜੋ ਚੋਣ ਤਸਵੀਰ ਉਨ੍ਹਾਂ ਦੇ ਪੱਖ ਵਿੱਚ ਬਦਲ ਜਾਵੇ।

ਰਿਪਬਲਿਕਨ ਇਸ ਗੱਲ 'ਤੇ ਅੜੇ ਸਨ ਕਿ ਦੋ ਸਾਲਾਂ ਦੀ ਮਿਆਦ ਵਿੱਚ, ਸੀਕਰੇਟ ਸਰਵਿਸ ਦੇ ਅਧਿਕਾਰੀਆਂ ਨੇ ਜਨਤਕ ਸਮਾਗਮਾਂ ਵਿੱਚ ਹੋਰ ਏਜੰਟਾਂ ਤੇ ਮੈਗਨੇਟੋਮੀਟਰਾਂ ਲਈ ਟਰੰਪ ਦੀਆਂ ਵਾਰ-ਵਾਰ ਬੇਨਤੀਆਂ ਨੂੰ ਠੁਕਰਾ ਦਿੱਤਾ, ਅਤੇ ਬਾਹਰੀ ਸਥਾਨਾਂ ਲਈ ਵਾਧੂ ਸਨਾਈਪਰਾਂ ਨੂੰ ਨਿਯੁਕਤ ਕਰਨ ਤੋਂ ਵੀ ਇਨਕਾਰ ਕਰ ਦਿੱਤਾ। ਕਿਮ ਸ਼ੀਟਲ ਨੇ ਕਾਂਗਰਸ ਨੂੰ ਕਿਹਾ, 'ਜਿਸ ਦਿਨ ਇਹ ਸਭ ਹੋਇਆ, ਟਰੰਪ ਨੇ ਜੋ ਵੀ ਮੰਗਿਆ ਸੀ, ਉਹ ਉਨ੍ਹਾਂ ਨੂੰ ਦਿੱਤਾ ਗਿਆ।'

ਇਸ ਘਟਨਾ ਨੂੰ ਲੈ ਕੇ ਸੋਸ਼ਲ ਮੀਡੀਆ ਦੋ ਧਿਰਾਂ ਵਿੱਚ ਵੰਡਿਆ ਗਿਆ। ਸਾਬਕਾ ਰਾਸ਼ਟਰਪਤੀ ਟਰੰਪ ਨੂੰ ਲੋਕਤੰਤਰ ਲਈ ਖ਼ਤਰਾ ਮੰਨਣ ਵਾਲਿਆਂ ਨੇ ਇਸ ਨੂੰ ਫਰਜ਼ੀ ਘਟਨਾ ਕਰਾਰ ਦਿੱਤਾ। ਐਕਸ ਅਤੇ ਟੈਲੀਗ੍ਰਾਮ ਵਰਗੇ ਪਲੇਟਫਾਰਮ 'ਪੂਰਵ-ਯੋਜਨਾਬੱਧ' ਅਤੇ 'ਪੜਾਅਬੱਧ' ਦੋਸ਼ ਲਗਾਉਣ ਵਾਲੀਆਂ ਪੋਸਟਾਂ ਨਾਲ ਭਰ ਗਏ ਸਨ। ਇੱਥੋਂ ਤੱਕ ਕਿ ਐਲੋਨ ਮਸਕ ਨੇ ਵੀ ਸਵਾਲ ਪੁੱਛਿਆ। ਦੁਨੀਆ ਭਰ 'ਚ ਸਮੇਂ-ਸਮੇਂ 'ਤੇ ਮਜ਼ਬੂਤ ਹੋਣ ਦੀ ਕੋਸ਼ਿਸ਼ ਕੀਤੀ ਜਾ ਰਹੀ ਅਮਰੀਕੀ ਸੁਰੱਖਿਆ ਪ੍ਰਣਾਲੀ ਨੂੰ ਟਰੰਪ ਦੇ ਮੱਥੇ 'ਤੇ ਲੱਗੇ ਕਲੰਕ ਨੇ ਢਾਹ ਲਾਈ ਹੈ। ਸੰਯੁਕਤ ਰਾਜ ਦੇ 35ਵੇਂ ਰਾਸ਼ਟਰਪਤੀ ਜੌਹਨ ਐਫ. ਕੈਨੇਡੀ ਦੀ 22 ਨਵੰਬਰ 1963 ਨੂੰ ਡੈਲਸ, ਟੈਕਸਸ ਵਿੱਚ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਉਸ ਦੇ ਕਾਤਲ ਦਾ ਨਾਂ ਲੀ ਹਾਰਵੇ ਓਸਵਾਲਡ ਸੀ, ਜੋ ਸਾਬਕਾ ਅਮਰੀਕੀ ਮਰੀਨ ਸੀ। ਜੇਮਸ ਅਰਲ ਰੇਅ ਇੱਕ ਅਣਪਛਾਤਾ ਅਮਰੀਕੀ ਭਗੌੜਾ ਸੀ, ਜਿਸਨੇ 4 ਅਪ੍ਰੈਲ 1968 ਨੂੰ ਮਾਰਟਿਨ ਲੂਥਰ ਕਿੰਗ ਜੂਨੀਅਰ ਦੀ ਹੱਤਿਆ ਕੀਤੀ ਸੀ। ਕੈਨੇਡੀ ਅਤੇ ਕਿੰਗ ਦੇ ਕਤਲਾਂ ਤੋਂ ਬਾਅਦ, ਬਹੁਤ ਸਾਰੇ ਲੋਕਾਂ ਨੂੰ ਇਹ ਸਵੀਕਾਰ ਕਰਨ ਵਿੱਚ ਮੁਸ਼ਕਲ ਆਈ ਸੀ ਕਿ ਇੱਕ ਇੱਕਲਾ, ਪ੍ਰੇਸ਼ਾਨ, ਮਾਮੂਲੀ ਵਿਅਕਤੀ ਇਤਿਹਾਸ ਨੂੰ ਬਦਲ ਸਕਦਾ ਹੈ।

ਬਹੁਤੇ ਲੋਕ ਸੀਕਰੇਟ ਸਰਵਿਸ ਨੂੰ ਇੱਕ ਸੰਸਥਾ ਦੇ ਰੂਪ ਵਿੱਚ ਸੋਚਦੇ ਹਨ ਜੋ ਰਾਸ਼ਟਰਪਤੀ ਅਤੇ ਉੱਚ ਪ੍ਰੋਫਾਈਲ ਸ਼ਖ਼ਸੀਅਤਾਂ ਦੀ ਰੱਖਿਆ ਕਰਦੀ ਹੈ। ਜਦੋਂ ਇਹ 1865 ਵਿੱਚ ਸਥਾਪਿਤ ਕੀਤੀ ਗਈ ਸੀ, ਸੀਕਰੇਟ ਸਰਵਿਸ ਯੂ.ਐਸ. ਦੇ ਖਜ਼ਾਨਾ ਵਿਭਾਗ ਦਾ ਹਿੱਸਾ ਸੀ। ਇਸ ਦਾ ਕੰਮ ਧੋਖਾਧੜੀ ਅਤੇ ਜਾਅਲੀ ਕਰੰਸੀ ਦਾ ਪਤਾ ਲਗਾਉਣਾ ਸੀ। ਵੀਹ ਸਾਲਾਂ ਬਾਅਦ ਸੀਕਰੇਟ ਸਰਵਿਸ ਨੇ ਤਤਕਾਲੀ ਰਾਸ਼ਟਰਪਤੀ ਗਰੋਵਰ ਕਲੀਵਲੈਂਡ ਨੂੰ ਅਣਅਧਿਕਾਰਤ ਸੁਰੱਖਿਆ ਪ੍ਰਦਾਨ ਕਰਨੀ ਸ਼ੁਰੂ ਕਰ ਦਿੱਤੀ। 6 ਸਤੰਬਰ 1901 ਨੂੰ ਰਾਸ਼ਟਰਪਤੀ ਵਿਲੀਅਮ ਮੈਕਿਨਲੇ ਦੀ ਹੱਤਿਆ ਤੋਂ ਬਾਅਦ ਸੀਕਰੇਟ ਸਰਵਿਸ ਨੇ ਰਾਸ਼ਟਰਪਤੀਆਂ ਦੀ ਸੁਰੱਖਿਆ ਨੂੰ ਆਪਣੇ ਅਧਿਕਾਰਤ ਕਰਤੱਵਾਂ ਵਿੱਚ ਸ਼ਾਮਲ ਕੀਤਾ। ਸੀਕਰੇਟ ਸਰਵਿਸ ਅਜੇ ਵੀ ਵਿੱਤੀ ਅਪਰਾਧਾਂ, ਧੋਖਾਧੜੀ ਦੀ ਜਾਂਚ ਕਰਦੀ ਹੈ, ਅਤੇ ਉੱਚ ਪ੍ਰੋਫਾਈਲ ਵਿਅਕਤੀਆਂ ਨੂੰ ਸੁਰੱਖਿਆ ਬ੍ਰੀਫਿੰਗ ਪ੍ਰਦਾਨ ਕਰਦੀ ਹੈ। 2003 ਵਿੱਚ ਗੁਪਤ ਸੇਵਾ ਨੂੰ ਹੋਮਲੈਂਡ ਸੁਰੱਖਿਆ ਵਿਭਾਗ ਵਿੱਚ ਤਬਦੀਲ ਕਰ ਦਿੱਤਾ ਗਿਆ ਸੀ।

ਪਿਛਲੇ ਇੱਕ ਦਹਾਕੇ ਵਿੱਚ ਕੁਝ ਅਜਿਹੀਆਂ ਘਟਨਾਵਾਂ ਵਾਪਰੀਆਂ ਹਨ, ਜਿਸ ਕਾਰਨ ਸੀਕਰੇਟ ਸਰਵਿਸ ਵਿਵਾਦਾਂ ਵਿੱਚ ਘਿਰ ਗਈ ਹੈ। 2011 ਵਿੱਚ, ਇੱਕ ਅਰਧ-ਆਟੋਮੈਟਿਕ ਰਾਈਫਲ ਨਾਲ ਲੈਸ ਇੱਕ ਬੰਦੂਕਧਾਰੀ ਨੇ ਵ੍ਹਾਈਟ ਹਾਊਸ ਵਿੱਚ ਕਈ ਗੋਲੀਆਂ ਚਲਾਈਆਂ ਸਨ। 2014 ਵਿੱਚ ਚਾਕੂ ਨਾਲ ਇੱਕ ਘੁਸਪੈਠੀਏ ਨੇ ਵ੍ਹਾਈਟ ਹਾਊਸ ਦੀ ਵਾੜ ਛਾਲ ਮਾਰ ਕੇ ਟੱਪ ਗਿਆ ਅਤੇ ਮੂਹਰਲੇ ਦਰਵਾਜ਼ੇ ਰਾਹੀਂ ਦਾਖਲ ਹੋਇਆ। 2015 ਵਿੱਚ ਸ਼ਰਾਬੀ ਏਜੰਟਾਂ ਨੇ ਕਥਿਤ ਤੌਰ 'ਤੇ ਵ੍ਹਾਈਟ ਹਾਊਸ ਵਿੱਚ ਇੱਕ ਕਾਰ ਨੂੰ ਟੱਕਰ ਮਾਰ ਦਿੱਤੀ ਸੀ। ਅੱਜ ਗੁਪਤ ਏਜੰਸੀ 'ਤੇ ਸਿਆਸੀਕਰਨ ਦਾ ਦੋਸ਼ ਲਾਉਣ ਵਾਲੇ ਟਰੰਪ ਨੇ ਆਪਣੇ ਸਮੇਂ 'ਚ ਇਸ ਦੀ ਦੁਰਵਰਤੋਂ ਵੀ ਕੀਤੀ ਸੀ। 6 ਜਨਵਰੀ 2021 ਨੂੰ 'ਕੈਪੀਟਲ ਹਿੱਲ ਬਗਾਵਤ' ਦੌਰਾਨ ਖੁਫੀਆ ਏਜੰਟਾਂ ਨੇ ਟਰੰਪ ਦੇ ਇਸ਼ਾਰੇ 'ਤੇ ਟੈਕਸਟ ਸੰਦੇਸ਼ਾਂ ਨੂੰ ਮਿਟਾ ਦਿੱਤਾ।

ਸਵਾਲ ਇਹ ਹੈ ਕਿ ਕੀ ਸੀਕਰੇਟ ਸਰਵਿਸ ਦੇ ਡਾਇਰੈਕਟਰ ਦੇ ਅਹੁਦੇ ਤੋਂ ਕਿਮ ਸ਼ੀਟਲ ਦੇ ਅਸਤੀਫੇ ਤੋਂ ਬਾਅਦ ਇਹ ਚੋਣ ਮੁੱਦਾ ਨਹੀਂ ਬਣ ਜਾਵੇਗਾ? ਇਹ ਸਵਾਲ ਡੈਮੋਕ੍ਰੇਟਿਕ ਉਮੀਦਵਾਰ ਕਮਲਾ ਹੈਰਿਸ ਦੀ ਸਿਆਸੀ ਸਿਹਤ ਲਈ ਕਿੰਨਾ ਹਾਨੀਕਾਰਕ ਸਾਬਤ ਹੁੰਦਾ ਹੈ, ਇਹ ਤਾਂ ਕੁਝ ਦਿਨਾਂ ਬਾਅਦ ਹੀ ਪਤਾ ਲੱਗੇਗਾ। ਵਰਤਮਾਨ ਵਿੱਚ ਰੋਨਾਲਡ ਰੋਵ ਨੂੰ ਯੂ.ਐਸ. ਸੀਕਰੇਟ ਸਰਵਿਸ ਦਾ ਕਾਰਜਕਾਰੀ ਨਿਰਦੇਸ਼ਕ ਬਣਾਇਆ ਗਿਆ ਹੈ। ਦੋ ਸਿਆਸੀ ਪਾਰਟੀਆਂ ਦਾ ਪੈਨਲ ਇਸ ਪੂਰੇ ਸਕੈਂਡਲ ਦੀ ਜਾਂਚ ਕਰੇਗਾ। ਪੈਨਲ ਵਿੱਚ ਸੱਤ ਰਿਪਬਲਿਕਨ ਅਤੇ ਛੇ ਡੈਮੋਕਰੇਟਸ ਹੋਣਗੇ। ਇਹ 11 ਸਤੰਬਰ ਦਾ ਮਾਡਲ ਕਮਿਸ਼ਨ ਹੋਵੇਗਾ, ਜਿਸ ਵਿੱਚ ਵਿਆਪਕ ਸਬਪੋਨਾ ਸ਼ਕਤੀਆਂ ਹਨ।

9/11 ਕਮਿਸ਼ਨ ਦੀ ਸਥਾਪਨਾ 27 ਨਵੰਬਰ 2002 ਨੂੰ ਵਿਸ਼ਵ ਇਤਿਹਾਸ ਦੇ ਸਭ ਤੋਂ ਘਾਤਕ ਅੱਤਿਵਾਦੀ ਹਮਲਿਆਂ ਦੇ ਸਾਰੇ ਪਹਿਲੂਆਂ ਦੀ ਜਾਂਚ ਕਰਨ ਦੇ ਉਦੇਸ਼ ਨਾਲ ਕੀਤੀ ਗਈ ਸੀ। 9/11 ਕਮਿਸ਼ਨ ਦੀ ਪ੍ਰਧਾਨਗੀ ਥਾਮਸ ਕੀਨ ਦੁਆਰਾ ਕੀਤੀ ਗਈ ਸੀ ਅਤੇ ਇਸ ਵਿੱਚ ਪੰਜ ਡੈਮੋਕਰੇਟਸ ਅਤੇ ਪੰਜ ਰਿਪਬਲਿਕਨ ਸ਼ਾਮਲ ਸਨ। ਜਦੋਂ 22 ਜੁਲਾਈ 2004 ਨੂੰ 9/11 ਕਮਿਸ਼ਨ ਦੀ ਰਿਪੋਰਟ ਸਾਹਮਣੇ ਆਈ ਤਾਂ ਇਸ ਨੂੰ ਅਮਰੀਕੀ ਜਨਤਾ ਨੇ ਬਿਨਾ ਸ਼ੱਕ ਸਵੀਕਾਰ ਕਰ ਲਿਆ; ਪਰ ਟਰੰਪ ਸਕੈਂਡਲ 'ਤੇ ਬਣੇ ਕਮਿਸ਼ਨ ਦੇ ਸਿਆਸੀ ਪ੍ਰਭਾਵ ਸਿੱਧੇ ਤੌਰ 'ਤੇ ਅਮਰੀਕੀ ਵੋਟਰਾਂ ਨੂੰ ਪ੍ਰਭਾਵਿਤ ਕਰਨਗੇ। ਕੀ ਇਹ ਸਰਵ ਵਿਆਪਕ ਤੌਰ 'ਤੇ ਸਵੀਕਾਰ ਕੀਤਾ ਜਾਵੇਗਾ? ਇਸ 'ਤੇ ਸ਼ੱਕ ਹੈ।

# 'ਸੁਰੱਖਿਆ ਦੇ ਘੇਰੇ'

**ਚਰਨਜੀਤ ਕੌਰ ਸੰਧੂ**

ਡੌਨਲਡ ਟਰੰਪ ਦੀ ਸੁਰੱਖਿਆ ਵਿੱਚ ਕੋਤਾਹੀ ਦੀ ਜ਼ਿੰਮੇਵਾਰੀ ਲੈਂਦਿਆਂ ਅਮਰੀਕਾ ਦੀ ਸੁਰੱਖਿਆ ਏਜੰਸੀ ਸੀਕਰੇਟ ਸਰਵਿਸ ਦੀ ਡਾਇਰੈਕਟਰ ਕਿਮ ਸ਼ੀਟਲ ਵੱਲੋਂ ਟਰੰਪ ਦੀ ਸੁਰੱਖਿਆ ਵਿੱਚ ਨਾਕਾਮ ਰਹਿਣ ਕਰਕੇ ਅਸਤੀਫਾ ਦੇ ਦਿੱਤਾ ਹੈ। ਟਰੰਪ ਉੱਪਰ ਹੋਏ ਹਮਲੇ ਤੋਂ ਬਾਅਦ ਕਿਮ ਸ਼ੀਟਲ ਡੈਮੋਕ੍ਰੇਟਸ ਅਤੇ ਰਿਪਬਲੀਕਨਜ਼ ਦੀ ਆਲੋਚਨਾ ਸਹਿ ਰਹੇ ਸਨ। ਜ਼ਿਕਰਯੋਗ ਹੈ ਕਿ ਪੈਨਸਿਲਵੇਨੀਆ ਸੂਬੇ ਵਿੱਚ ਜਦੋਂ ਡੌਨਲਡ ਟਰੰਪ ਉੱਤੇ ਹਮਲਾ ਹੋਇਆ, ਉਹ ਚੋਣ ਰੈਲੀ ਨੂੰ ਸੰਬੋਧਨ ਕਰ ਰਹੇ ਸਨ। ਰੈਲੀ ਦੇ ਨੇੜੇ ਇੱਕ ਛੱਤ ਉੱਤੇ ਖੜ੍ਹੇ ਵਿਅਕਤੀ ਨੇ ਉਨ੍ਹਾਂ ਉੱਤੇ ਗੋਲੀ ਚਲਾਈ ਜਿਸ ਦੇ ਛਰ੍ਹੇ ਉਨ੍ਹਾਂ ਦੇ ਕੰਨ ਉੱਤੇ ਲੱਗੇ ਸਨ, ਪਰ ਉਨ੍ਹਾਂ ਦੀ ਜਾਨ ਬਚ ਗਈ।

ਅਮਰੀਕਾ ਵਿੱਚ ਮੌਜੂਦਾ ਅਤੇ ਸਾਬਕਾ ਰਾਸ਼ਟਰਪਤੀਆਂ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਦੇਸ ਦੀ ਜਿਸ ਏਜੰਸੀ ਕੋਲ ਹੁੰਦੀ ਹੈ, ਉਸ ਨੂੰ ਸੀਕਰੇਟ ਸਰਵਿਸ ਕਿਹਾ ਜਾਂਦਾ ਹੈ। ਡੌਨਲਡ ਟਰੰਪ 'ਤੇ ਹੋਏ ਹਮਲੇ ਤੋਂ ਬਾਅਦ ਸੀਕਰੇਟ ਸਰਵਿਸ ਦੀ ਕਾਰਗੁਜ਼ਾਰੀ, ਸੁਰੱਖਿਆ ਰਣਨੀਤੀ ਅਤੇ ਮੁਸਤੈਦੀ ਉੱਤੇ ਸਵਾਲ ਖੜ੍ਹੇ ਹੋਏ ਸਨ। ਦਰਅਸਲ ਤਤਕਾਲ ਵਿੱਚ ਅਮਰੀਕਾ ਨੇ ਆਪਣੇ ਚਾਰ ਰਾਸ਼ਟਰਪਤੀਆਂ ਦਾ ਕਤਲ ਦੇਖਿਆ ਹੈ। 1865 'ਚ ਅਬਰਾਹਿਮ ਲਿੰਕਨ, 1881 'ਚ ਜੇਮਜ਼ ਏ. ਗਾਰਫਿਲਡ, 1901 'ਚ ਵਿਲੀਅਮ ਮੈਕਿਨਲੇ ਅਤੇ 1963 'ਚ ਜੌਨ ਐਫ. ਕੈਨੇਡੀ ਦਾ ਕਤਲ ਹੋਇਆ ਸੀ। ਇਸ ਦੇ ਨਾਲ ਹੀ 43 ਸਾਲ ਪਹਿਲਾਂ ਤਤਕਾਲੀ ਅਮਰੀਕੀ ਰਾਸ਼ਟਰਪਤੀ ਰੋਨਾਲਡ ਰੀਗਨ ਨੂੰ ਵੀ ਇੱਕ ਹਮਲਾਵਰ ਨੇ ਗੋਲੀ ਮਾਰੀ ਸੀ, ਪਰ ਉਨ੍ਹਾਂ ਦੀ ਜਾਨ ਬਚ ਗਈ ਸੀ। ਟਰੰਪ ਉੱਤੇ ਹੋਏ ਹਮਲੇ ਨੇ ਚਾਰ ਦਹਾਕੇ ਬਾਅਦ ਅਮਰੀਕੀ ਏਜੰਸੀਆਂ ਅੱਗੇ ਮੁੜ ਉਹੀ ਸਵਾਲ ਖੜ੍ਹਾ ਕਰ ਦਿੱਤਾ ਕਿ ਸੀਕਰੇਟ ਏਜੰਸੀ ਕਿੰਨੀ ਕੁ ਮੁਸਤੈਦ ਹੈ? ਸਵਾਲ ਹੈ ਕਿ ਸੁਰੱਖਿਆ ਏਜੰਸੀਆਂ ਨੇ ਜਿਸ ਥਾਂ ਨੂੰ ਡੌਨਲਡ ਟਰੰਪ ਲਈ ਮਹਿਫ਼ੂਜ਼ ਬਣਾਇਆ ਸੀ, ਉੱਥੇ ਮੰਚ 'ਤੇ ਖੜ੍ਹੇ ਟਰੰਪ 'ਤੇ ਹਮਲਾਵਰ ਨੇ ਚਾਰ ਗੋਲੀਆਂ ਕਿਵੇਂ ਦਾਗੀਆਂ? ਸੁਰੱਖਿਆ ਵਿੱਚ ਸੀਕਰੇਟ ਸਰਵਿਸ ਨੇ ਇੰਨੀ ਗੰਭੀਰ ਕੋਤਾਹੀ ਕਿਵੇਂ ਕੀਤੀ?

ਸੀਕਰੇਟ ਸਰਵਿਸ 'ਤੇ ਦੁਨੀਆ ਦੇ ਸਭ ਤੋਂ ਤਾਕਤਵਰ ਲੋਕਾਂ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਹੁੰਦੀ ਹੈ। ਇਹ ਕੀ ਹੈ ਅਤੇ ਕਿਹੜੀਆਂ ਜ਼ਿੰਮੇਵਾਰੀਆਂ ਨਿਭਾਉਂਦੀ ਹੈ? ਇਸ ਤੋਂ



ਸੀਕਰੇਟ ਸਰਵਿਸ ਦੀ ਸਾਬਕਾ ਡਾਇਰੈਕਟਰ ਕਿਮ ਸ਼ੀਟਲ

ਇਲਾਵਾ ਭਾਰਤੀ ਪ੍ਰਧਾਨ ਮੰਤਰੀਆਂ ਦੀ ਸੁਰੱਖਿਆ ਲਈ ਬਣੀ ਏਜੰਸੀ ਐੱਸ.ਪੀ.ਜੀ. ਕੀ ਹੈ ਅਤੇ ਇਸ ਦੀਆਂ ਕੀ ਜ਼ਿੰਮੇਵਾਰੀਆਂ ਹਨ? ਬਾਰੇ ਵੀ ਚਰਚਾ ਕਰਾਂਗੇ। ਸੀਕਰੇਟ ਸਰਵਿਸ ਏਜੰਸੀ 1865 ਵਿੱਚ ਬਣੀ ਸੀ, ਪਰ 1901 ਤੋਂ ਇਸ ਨੂੰ ਅਮਰੀਕਾ ਦੇ ਰਾਸ਼ਟਰਪਤੀ ਦੀ ਸੁਰੱਖਿਆ ਦਾ ਕੰਮ ਸੌਂਪਿਆ ਗਿਆ ਸੀ। ਇਸ ਤੋਂ ਪਹਿਲਾਂ ਇਸ ਏਜੰਸੀ ਦੀ ਜ਼ਿੰਮੇਵਾਰੀ ਅਮਰੀਕਾ ਦੇ ਵਿੱਤੀ ਢਾਂਚੇ ਨੂੰ ਸਥਿਰ ਕਰਨ ਲਈ ਜਾਲਸਾਜ਼ੀ ਰੋਕਣਾ ਸੀ; ਪਰ 1901 ਵਿੱਚ ਅਮਰੀਕੀ ਰਾਸ਼ਟਰਪਤੀ ਵਿਲੀਅਮ ਮੈਕਿਨਲੇ ਦੇ ਕਤਲ ਤੋਂ ਬਾਅਦ ਸੀਕਰੇਟ ਸਰਵਿਸ ਨੂੰ ਰਾਸ਼ਟਰਪਤੀ ਸਣੇ ਕਈ ਹੋਰ ਅਹਿਮ ਲੋਕਾਂ ਦੀ ਸੁਰੱਖਿਆ ਦਾ ਜ਼ਿੰਮਾ ਵੀ ਸੌਂਪ ਦਿੱਤਾ ਗਿਆ ਸੀ। ਲਗਭਗ 7600 ਏਜੰਟ ਅਤੇ ਅਫਸਰ ਸੀਕਰੇਟ ਸਰਵਿਸ ਵਿੱਚ ਕੰਮ ਕਰਦੇ ਹਨ। ਇਨ੍ਹਾਂ ਵਿੱਚ ਔਰਤਾਂ ਵੀ ਸ਼ਾਮਲ ਹਨ। ਇਨ੍ਹਾਂ ਵਿੱਚ 3200 ਸਪੈਸ਼ਲ ਏਜੰਟਸ, 1300 ਅਫ਼ਸਰ, 2000 ਤਕਨੀਕੀ ਮਾਹਰ ਅਤੇ ਹੋਰ ਸਟਾਫ ਹੁੰਦਾ ਹੈ। ਇਸਦੀ ਟ੍ਰੇਨਿੰਗ ਦੁਨੀਆਂ ਦੀਆਂ ਸਭ ਤੋਂ ਮੁਸ਼ਕਿਲ ਸਿਖਲਾਈਆਂ ਵਿੱਚੋਂ ਇੱਕ ਮੰਨੀ ਜਾਂਦੀ ਹੈ।

ਯੂ.ਐੱਸ.ਏ. ਸੀਕਰੇਟ ਸਰਵਿਸ ਦੀ ਅਧਿਕਾਰਤ ਵੈੱਬਸਾਈਟ 'ਤੇ ਦਿੱਤੀ ਜਾਣਕਾਰੀ ਮੁਤਾਬਕ ਇਹ ਏਜੰਸੀ, ਜਿਸ ਵਿਅਕਤੀ ਦੀ ਸੁਰੱਖਿਆ ਕਰਦੀ ਹੈ, ਉਸ ਨੂੰ ਸਰੀਰਕ ਸੁਰੱਖਿਆ ਦੇ ਇਲਾਵਾ ਏਅਰ ਸਪੇਸ, ਸਾਇਬਰ ਸਿਸਟਮ, ਰਸਾਇਣਕ ਅਤੇ ਜੈਵਿਕ ਹਥਿਆਰਾਂ ਦੇ ਹਮਲਿਆਂ ਤੋਂ ਵੀ ਸੁਰੱਖਿਅਤ ਕਰਦੀ ਹੈ। ਅਮਰੀਕਾ ਦੇ ਰਾਸ਼ਟਰਪਤੀ ਅਤੇ ਉਪ ਰਾਸ਼ਟਰਪਤੀ ਸੀਕਰੇਟ ਸਰਵਿਸ ਦੇ ਸਥਾਈ ਪ੍ਰੋਟੈਕਟੀਜ਼ ਹੁੰਦੇ ਹਨ, ਜਿਨ੍ਹਾਂ ਲਈ ਪੱਕੇ ਤੌਰ 'ਤੇ ਸਪੈਸ਼ਲ ਏਜੰਟ ਤਾਇਨਾਤ ਹੁੰਦੇ ਹਨ। 1965 ਵਿੱਚ ਅਮਰੀਕੀ ਕਾਂਗਰਸ ਨੇ ਸਾਬਕਾ ਰਾਸ਼ਟਰਪਤੀ, ਉਨ੍ਹਾਂ ਦੇ ਪਤੀ ਜਾਂ ਪਤਨੀ ਅਤੇ 16 ਸਾਲ ਤੋਂ ਛੋਟੇ ਬੱਚਿਆਂ ਨੂੰ ਵੀ ਸੀਕਰੇਟ ਸਰਵਿਸ ਦੀ ਸੁਰੱਖਿਆ ਮੁਹੱਈਆ ਕਰਵਾਉਣ ਦਾ ਫੈਸਲਾ ਲਿਆ ਗਿਆ। ਉਂਜ ਜੇ ਉਹ ਚਾਹੁਣ ਤਾਂ ਸੁਰੱਖਿਆ ਲੈਣ ਤੋਂ ਇਨਕਾਰ ਵੀ ਕਰ ਸਕਦੇ ਹਨ। ਰਾਸ਼ਟਰਪਤੀ ਅਤੇ ਉਪ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਤੇ ਉਨ੍ਹਾਂ ਦੇ ਪਤੀ ਜਾਂ ਪਤਨੀ ਵੀ ਸੀਕਰੇਟ ਸੁਰੱਖਿਆ ਹਾਸਿਲ ਕਰ ਸਕਦੇ ਹਨ।

ਚੇਤੇ ਰਹੇ, ਅਮਰੀਕਾ ਦੇ ਰਾਸ਼ਟਰਪਤੀ ਦਾ ਤਿੰਨ ਲੇਅਰ ਦਾ ਸੁਰੱਖਿਆ ਘੇਰਾ ਹੁੰਦਾ ਹੈ। ਸਭ ਤੋਂ ਅੰਦਰ ਰਾਸ਼ਟਰਪਤੀ ਦੇ ਪ੍ਰੋਟੈਕਟਿਵ ਡਵੀਜ਼ਨ ਏਜੰਟ, ਫਿਰ ਵਿਚਾਲੇ ਸੀਕਰੇਟ ਸਰਵਿਸ ਏਜੰਟ ਅਤੇ ਉਸ ਤੋਂ ਬਾਅਦ ਪੁਲਿਸ ਹੁੰਦੀ ਹੈ। ਸੀਕਰੇਟ ਸਰਵਿਸ ਹੀ ਤੈਅ ਕਰਦੀ ਹੈ ਕਿ ਰਾਸ਼ਟਰਪਤੀ ਕਿੱਥੇ ਠਹਿਰਨਗੇ, ਉਸ ਥਾਂ ਦੀ ਪਹਿਲਾਂ ਪੜਤਾਲ ਕੀਤੀ ਜਾਂਦੀ ਹੈ ਅਤੇ ਕਈ ਹੋਰ ਇੰਤਜ਼ਾਮ ਦੇਖੇ ਜਾਂਦੇ ਹਨ। ਸੀਕਰੇਟ ਸਰਵਿਸ ਅਤੇ ਲੋਕਲ ਏਜੰਸੀ ਰਾਸ਼ਟਰਪਤੀ ਦੇ ਕਾਫ਼ਲੇ ਦਾ ਰੂਟ ਤੈਅ ਕਰਦੀ ਹੈ, ਦੇਖਿਆ ਜਾਂਦਾ ਹੈ ਕਿ ਕਿਸੇ ਐਮਰਜੈਂਸੀ ਸਥਿਤੀ ਵਿੱਚ ਕਿਵੇਂ ਬਚ ਕੇ ਨਿਕਲਣਾ ਹੈ। ਜੇ ਕੋਈ ਹਮਲਾ ਹੁੰਦਾ ਹੈ ਤਾਂ ਸੁਰੱਖਿਅਤ ਥਾਂ ਕਿਹੜੀ ਹੈ। ਆਲੇ-ਦੁਆਲੇ ਦੇ ਹਸਪਤਾਲ ਕਿਹੜੇ ਹਨ, ਏਜੰਟ ਇਹ ਪੱਕਾ ਕਰਦੇ ਹਨ ਕਿ ਜਿੱਥੇ ਰਾਸ਼ਟਰਪਤੀ ਰੁਕੇ ਹੋਣ, ਉਹ ਹਸਪਤਾਲ ਦੇ ਟਰੌਮਾ ਸੈਂਟਰ ਤੋਂ 10 ਮਿੰਟ ਤੋਂ ਵੱਧ ਦੂਰ ਨਾ ਹੋਵੇ। ਇੱਕ ਏਜੰਟ ਆਲੇ-ਦੁਆਲੇ ਦੇ ਹਰ ਹਸਪਤਾਲ ਦੇ ਬਾਹਰ ਤਾਇਨਾਤ ਰਹਿੰਦਾ ਹੈ। ਉਨ੍ਹਾਂ ਦੇ ਬਲੱਡ ਗਰੁੱਪ ਦਾ ਖ਼ੂਨ ਵੀ ਨਾਲ ਰੱਖਿਆ ਜਾਂਦਾ ਹੈ ਕਿ ਕਿਤੇ ਕਿਸੇ ਸਥਿਤੀ ਵਿੱਚ ਉਨ੍ਹਾਂ ਨੂੰ ਖ਼ੂਨ ਚੜ੍ਹਾਉਣ ਦੀ ਲੋੜ ਪਏ ਤਾਂ ਇੰਤਜ਼ਾਰ ਨਾ ਕਰਨਾ ਪਵੇ। ਸੀਕਰੇਟ ਸਰਵਿਸ 'ਤੇ ਇੱਕ ਹੋਰ ਵੱਡੀ ਜ਼ਿੰਮੇਵਾਰੀ ਇਹ ਹੈ ਕਿ ਉਨ੍ਹਾਂ ਨੇ ਰਾਸ਼ਟਰਪਤੀ ਦੇ ਨਾਲ ਹਰ ਵਕਤ ਰਹਿਣ ਵਾਲੇ ਫੌਜ ਦੇ ਉਸ ਸ਼ਖ਼ਸ ਨੂੰ ਵੀ ਸੁਰੱਖਿਅਤ ਰੱਖਣਾ ਹੁੰਦਾ ਹੈ, ਜਿਸ ਦੇ ਕੋਲ ਯੂ.ਐੱਸ. ਨਿਊਕਲੀਅਰ ਮਿਜ਼ਾਇਲ ਨੂੰ ਲਾਂਚ ਕਰਨ ਵਾਲਾ ਬ੍ਰੀਫਕੇਸ ਹੁੰਦਾ ਹੈ।

## ਭਾਰਤ ਦੇ ਪ੍ਰਧਾਨ ਮੰਤਰੀ ਦੀ ਸੁਰੱਖਿਆ ਕਿਵੇਂ ਹੁੰਦੀ ਹੈ!

ਜਿਵੇਂ ਅਮਰੀਕਾ ਦੇ ਰਾਸ਼ਟਰਪਤੀ ਅਤੇ ਸਾਬਕਾ ਰਾਸ਼ਟਰਪਤੀਆਂ ਦੀ ਸੁਰੱਖਿਆ ਸੀਕਰੇਟ ਸਰਵਿਸ ਕਰਦੀ ਹੈ ਤਾਂ ਇਹ ਜਾਣਨਾ ਵੀ ਦਿਲਚਸਪ ਹੈ ਕਿ ਭਾਰਤ ਦੇ ਪ੍ਰਧਾਨ ਮੰਤਰੀ ਦੀ ਸੁਰੱਖਿਆ ਦਾ ਘੇਰਾ ਕਿਹੋ ਜਿਹਾ ਹੁੰਦਾ ਹੈ। ਇਸ ਸੁਰੱਖਿਆ ਦੀ ਜ਼ਿੰਮੇਵਾਰੀ ਕਿਸ ਦੀ ਹੁੰਦੀ ਹੈ? ਭਾਰਤ ਵਿੱਚ ਪ੍ਰਧਾਨ ਮੰਤਰੀ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਸਪੈਸ਼ਲ ਪ੍ਰੋਟੈਕਸ਼ਨ ਗਰੁੱਪ (ਐੱਸ.ਪੀ.ਜੀ.) ਕੋਲ ਹੁੰਦੀ ਹੈ। ਪ੍ਰਧਾਨ ਮੰਤਰੀ ਤੋਂ ਇਲਾਵਾ ਸਾਬਕਾ ਪ੍ਰਧਾਨ ਮੰਤਰੀ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਵੀ ਇੱਕ ਤੈਅ ਸਮੇਂ ਲਈ ਇਸ ਏਜੰਸੀ ਦੀ ਸੁਰੱਖਿਆ ਮਿਲਦੀ ਹੈ। ਸਾਲ 1984 ਵਿੱਚ ਇੰਦਰਾ ਗਾਂਧੀ ਦੇ ਕਤਲ ਦੇ ਕੁਝ ਸਾਲ ਬਾਅਦ 1988 ਵਿੱਚ ਐੱਸ.ਪੀ.ਜੀ. ਦਾ ਗਠਨ ਹੋਇਆ ਸੀ। ਐੱਸ.ਪੀ.ਜੀ. ਨੂੰ ਭਾਰਤ ਦੀ ਸਭ ਤੋਂ ਮਹਿੰਗੀ ਅਤੇ ਪੁਖ਼ਤਾ ਸੁਰੱਖਿਆ ਪ੍ਰਬੰਧ ਵਾਲੀ ਏਜੰਸੀ ਮੰਨਿਆ ਜਾਂਦਾ ਹੈ। ਪ੍ਰਧਾਨ ਮੰਤਰੀ ਜਦੋਂ ਤੁਰਦੇ ਹਨ ਤਾਂ ਉਨ੍ਹਾਂ ਦੇ

⇒ ਬਾਕੀ ਅਗਲੇ ਸਫੇ ਉੱਤੇ ਪੜ੍ਹੋ

# 'ਸੁਰੱਖਿਆ ਦੇ ਘੇਰੇ'

ਆਲੇ-ਦੁਆਲੇ ਕਾਲਾ ਸਫਾਰੀ ਸੂਟ, ਕਾਲੀਆਂ ਐਨਕਾਂ ਅਤੇ ਹੱਥ ਵਿੱਚ ਹਥਿਆਰਾਂ ਨਾਲ ਲੈਸ ਲੋਕ ਦੇਖੇ ਹੋਣਗੇ। ਇਨ੍ਹਾਂ ਦੇ ਕੋਲ ਵੌਕੀ-ਟੌਕੀ ਹੁੰਦਾ ਹੈ ਅਤੇ ਕੰਨ ਵਿੱਚ ਈਅਰਪੀਸ ਲੱਗਿਆ ਹੁੰਦਾ ਹੈ, ਇਹ ਐੱਸ.ਪੀ.ਜੀ. ਅਧਿਕਾਰੀ ਹੁੰਦੇ ਹਨ। ਐੱਸ.ਪੀ.ਜੀ. ਦੇ ਜਵਾਨ ਪਰਛਾਵੇਂ ਦੀ ਤਰ੍ਹਾਂ ਪ੍ਰਧਾਨ ਮੰਤਰੀ ਦੇ ਨਾਲ ਰਹਿੰਦੇ ਹਨ ਅਤੇ ਸਥਾਨਕ ਪ੍ਰਸ਼ਾਸਨ ਮਿਲ ਕੇ ਉਨ੍ਹਾਂ ਨੂੰ ਸੁਰੱਖਿਆ ਦਿੰਦੇ ਹਨ। ਐੱਸ.ਪੀ.ਜੀ. ਦੇ ਇਹ ਜਵਾਨ ਕਈ ਤਰ੍ਹਾਂ ਦੀ ਵਿਸ਼ੇਸ਼ ਸਿਖਲਾਈ ਵਿੱਚੋਂ ਲੰਘਦੇ ਹਨ। ਉਨ੍ਹਾਂ ਨੂੰ ਖ਼ਾਸ ਤੌਰ ਉੱਤੇ ਇਸ ਕੰਮ ਲਈ ਤਿਆਰ ਕੀਤਾ ਜਾਂਦਾ ਹੈ।

ਜਦੋਂ ਪੰਡਿਤ ਜਵਾਹਰ ਲਾਲ ਨਹਿਰੂ ਸਾਲ 1947 ਵਿੱਚ ਅਜ਼ਾਦ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਬਣੇ ਤਾਂ ਉਦੋਂ ਖੁੱਲ੍ਹੀ ਕਾਰ ਵਿੱਚ ਯਾਤਰਾ ਕਰਦੇ ਸਨ। ਨਹਿਰੂ ਲੋਕਾਂ ਵਿੱਚ ਮਕਬੂਲ ਆਗੂ ਜ਼ਰੂਰ ਸਨ, ਪਰ ਉਨ੍ਹਾਂ ਨੂੰ ਵੀ ਵਿਰੋਧ ਪ੍ਰਦਰਸ਼ਨਾਂ ਦਾ ਸਾਹਮਣਾ ਕਰਨਾ ਪੈਂਦਾ ਸੀ। 1967 ਵਿੱਚ ਜਦੋਂ ਇੰਦਰਾ ਗਾਂਧੀ 'ਤੇ ਪੱਥਰ ਸੁੱਟੇ ਗਏ ਤਾਂ ਪ੍ਰਧਾਨ ਮੰਤਰੀ ਦੀ ਸੁਰੱਖਿਆ ਵਧਾ ਦਿੱਤੀ ਗਈ, ਪਰ ਪ੍ਰਧਾਨ ਮੰਤਰੀ ਦੀ ਸੁਰੱਖਿਆ ਨੂੰ ਲੈ ਕੇ ਫੈਸਲਾਕੁਨ ਮੋੜ ਉਦੋਂ ਆਇਆ ਜਦੋਂ 31 ਅਕਤੂਬਰ 1984 ਵਿੱਚ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਕਤਲ ਕਰ ਦਿੱਤਾ ਗਿਆ। ਅਗਲੇ ਹੀ ਸਾਲ 1985 ਵਿੱਚ ਪ੍ਰਧਾਨ ਮੰਤਰੀ ਦੀ ਸੁਰੱਖਿਆ ਕਰਨ ਦੇ ਲਈ ਸਪੈਸ਼ਲ ਪ੍ਰੋਟੈਕਸ਼ਨ ਗਰੁੱਪ ਦੀ ਸਥਾਪਨਾ ਕਰ ਦਿੱਤੀ ਗਈ ਸੀ, ਪਰ 1988 ਵਿੱਚ ਸੰਸਦ ਵਿੱਚ ਐੱਸ.ਪੀ.ਜੀ. ਐਕਟ ਪਾਸ ਕੀਤਾ ਗਿਆ ਸੀ।



ਸਪੈਸ਼ਲ ਪ੍ਰੋਟੈਕਸ਼ਨ ਗਰੁੱਪ ਦਾ ਇੱਕ ਸੁਰੱਖਿਆ ਏਜੰਟ

ਇੰਡੀਅਨ ਐਕਸਪ੍ਰੈਸ ਵਿੱਚ ਛਪੀ ਰਿਪੋਰਟ ਮੁਤਾਬਕ 1991 ਵਿੱਚ ਰਾਜੀਵ ਗਾਂਧੀ ਦੇ ਕਤਲ ਤੋਂ ਬਾਅਦ ਐੱਸ.ਪੀ.ਜੀ. ਐਕਟ ਵਿੱਚ ਸੋਧ ਕੀਤੀ ਗਈ ਅਤੇ ਸਾਰੇ ਸਾਬਕਾ ਪ੍ਰਧਾਨ ਮੰਤਰੀਆਂ ਅਤੇ ਉਨ੍ਹਾਂ ਦੇ ਪਰਿਵਾਰ ਨੂੰ 10 ਸਾਲ ਲਈ ਸੁਰੱਖਿਆ ਮੁਹੱਈਆ ਕਰਵਾਉਣ ਦਾ ਫੈਸਲਾ ਲਿਆ ਗਿਆ; ਪਰ ਸਾਲ 2003 ਵਿੱਚ ਅਟਲ ਬਿਹਾਰੀ ਵਾਜਪਈ ਦੀ ਸਰਕਾਰ ਨੇ ਐੱਸ.ਪੀ.ਜੀ. ਐਕਟ ਵਿੱਚ ਤਰਮੀਮ ਕੀਤੀ। ਇਸ ਸੋਧ ਮੁਤਾਬਕ ਪ੍ਰਧਾਨ ਮੰਤਰੀ ਦੇ ਅਹੁਦੇ ਤੋਂ ਹਟਣ ਤੋਂ ਇੱਕ ਸਾਲ ਲਈ ਸਾਬਕਾ ਪ੍ਰਧਾਨ ਮੰਤਰੀਆਂ ਨੂੰ ਐੱਸ.ਪੀ.ਜੀ. ਸੁਰੱਖਿਆ ਮੁਹੱਈਆ ਕਰਵਾਉਣ ਦਾ ਫੈਸਲਾ ਲਿਆ ਗਿਆ। ਖ਼ਤਰੇ ਦਾ ਮੁਲੰਕਣ ਕਰਨ ਤੋਂ ਬਾਅਦ ਸੁਰੱਖਿਆ ਵਧਾਉਣ ਦਾ ਫੈਸਲਾ ਲਿਆ ਜਾ ਸਕਦਾ ਹੈ। ਸਾਲ 2019 ਵਿੱਚ ਐੱਸ.ਪੀ.ਜੀ. ਐਕਟ ਵਿੱਚ ਭਾਰਤ ਸਰਕਾਰ ਨੇ ਇੱਕ ਹੋਰ ਸੋਧ ਕੀਤੀ। ਐੱਸ.ਪੀ.ਜੀ. ਦੀ ਵੈੱਬਸਾਈਟ ਮੁਤਾਬਕ ਸਪੈਸ਼ਲ ਪ੍ਰੋਟੈਕਸ਼ਨ ਗਰੁੱਪ ਅਮੈਂਡਮੈਂਟ ਐਕਟ, 2019 ਦੇ ਸੈਕਸ਼ਨ 4 ਅਨੁਸਾਰ ਸਾਬਕਾ ਪ੍ਰਧਾਨ ਮੰਤਰੀ ਅਤੇ ਉਨ੍ਹਾਂ ਦੇ ਉਹ ਪਰਿਵਾਰਕ ਮੈਂਬਰ, ਜੋ ਉਨ੍ਹਾਂ ਦੇ ਨਾਲ ਰਹਿੰਦੇ ਹੋਣ, ਉਹ 5 ਸਾਲ ਲਈ ਵਿਸ਼ੇਸ਼ ਸੁਰੱਖਿਆ ਸਮੂਹ ਦੀ ਸੁਰੱਖਿਆ ਦੇ ਹੱਕਦਾਰ ਹੁੰਦੇ ਹਨ, ਪਰ ਜੇ ਉਹ ਚਾਹੁਣ ਤਾਂ ਸੁਰੱਖਿਆ ਲੈਣ ਤੋਂ ਇਨਕਾਰ ਕਰ ਸਕਦੇ ਹਨ।

DJ RJB Entertainment Inc.
One of Chicagoland's leading Mobile DJ Companies.
We do all types of parties
*Weddings
*Private Parties
*Birthdays, Sweet 16's
*Engagements
*Retirement Parties
*Nightclubs
*Corporate Parties & much more!
Social: Instagram
Facebook
Youtube: djrjbmusic
djrjbmusic
Website: djrjbmusic.com
Ph: 630-770-0007
Our company is located in Naperville, IL, but we travel nationwide.
We offer industry standard equipment, state of the art sound and lighting, and digital turntables. We will do all we can to make sure your party is one of the most memorable nights of your life

Gagandeep Cheema
FINANCIAL SERVICES PROFESSIONAL
847-340-6692
Services:
Debt Consolidation
Will and Estate Planning
Kids Education Planning
Retirement Planning
Annuities & 401K rollover
Insurance- Life, Disability, Long-Term Care
Funeral Planning
ਸੇਵਾਵਾਂ:
ਕਰਜ਼ੇ ਦੀ ਇਕਸਾਰਤਾ
ਵਸੀਅਤ ਅਤੇ ਜਾਇਦਾਦ ਦੀ ਯੋਜਨਾਬੰਦੀ
ਬੱਚਿਆਂ ਦੀ ਸਿੱਖਿਆ ਦੀ ਯੋਜਨਾਬੰਦੀ
ਸੇਵਾਮੁਕਤੀ ਦੀ ਯੋਜਨਾਬੰਦੀ
ਸਾਲਾਨਾ ਅਤੇ 401ਕੇ ਰੋਲਓਵਰ
ਬੀਮਾ- ਜੀਵਨ, ਅਪਾਹਜਤਾ, ਲੰਬੇ ਸਮੇਂ ਦੀ ਦੇਖਭਾਲ
ਅੰਤਿਮ ਸਸਕਾਰ ਦੀ ਯੋਜਨਾ
GCHEEMAWFG@GMAIL.COM
1699 Wall St., Suite 615, Mount Prospect, IL 60056

Elite Pro Solutions
Elite Pro Solutions ਵਿੱਚ ਤੁਹਾਡਾ ਸੁਆਗਤ ਹੈ, ਜਿੱਥੇ ਨਵੀਨਤਾ ਮੁਹਾਰਤ ਨੂੰ ਪੂਰਾ ਕਰਦੀ ਹੈ। ਅਸੀਂ ਅੱਜ ਦੇ ਗਤੀਸ਼ੀਲ ਬਾਜ਼ਾਰ ਵਾਤਾਵਰਣ ਦੀਆਂ ਗੁੰਝਲਾਂ ਨੂੰ ਨੈਵੀਗੇਟ ਕਰਨ ਵਿੱਚ ਹਰ ਆਕਾਰ ਦੇ ਕਾਰੋਬਾਰਾਂ ਦੀ ਮਦਦ ਕਰਨ ਲਈ ਸਮਰਪਿਤ ਪ੍ਰਮੁੱਖ ਸਲਾਹ ਸੇਵਾਵਾਂ ਪ੍ਰਦਾਨ ਕਰਦੇ ਹਾਂ। ਸਾਡਾ ਮਿਸ਼ਨ ਰਣਨੀਤਕ ਸੂਝ, ਕਾਰਜਸ਼ੀਲ ਸੰਸਥਾਵਾਂ ਨੂੰ ਸ਼ਕਤੀ ਪ੍ਰਦਾਨ ਕਰਨਾ ਹੈ।
■Trucking Permits
■MC ■DOT ■EIN
■Filling name with the state
■Fuel Permit ■Fuel Taxes
■Oregon Permit
■New Mexico Permit
■New York Permit
■Commercial Plates
■Safety Training
*Driver Training
(Flat bed special class)
*DOT Audit
*CDL Safety Class
*CA number required
To obtain these permits, trucking Companies often need to provide details such as vehicle specifications, route in formation, and cargo descriptions.
The application process can vary by state and type of permit.
Welcome to ELITEPRO-Solutions where innovation meets expertise. We are premier consulting Services dedicated to helping businesses of all sizes navigate the complexities of today's dynamic Market environment. Our Mission is to empower organizations with strategic insights, Operational.
Business License
Restaurant Permits | Construction
Food Service License | Beauty Salon
Liquor License | Convenience Store
Health Department | Cleaning Business
Building & Zoning Permits | Body Shop
Sign Permit | Mechanic Shop
Music License (optional) | Accounting Services
Fire Department | E-Commerce
ਸਾਡੀ ਮੁਹਾਰਤ*
ਤਜਰਬੇਕਾਰ ਪੇਸ਼ੇਵਰਾਂ ਦੀ ਇੱਕ ਟੀਮ ਦੇ ਨਾਲ Elite Pro Solutions ਸਲਾਹ ਸੇਵਾਵਾਂ ਦਾ ਇੱਕ ਵਿਆਪਕ ਸੂਟ ਪੇਸ਼ ਕਰਦਾ ਹੈ।
Our Expertise* With a team of seasoned professionals Elite Pro Solutions offers a Comprehensive Suite of Consulting services.
ਸਾਡੀ ਪਹੁੰਚ
A+ (Eilte Pro Soluitons) ਅਸੀਂ ਇੱਕ ਸਹਿਯੋਗੀ ਪਹੁੰਚ 'ਤੇ ਵਿਸ਼ਵਾਸ ਕਰਦੇ ਹਾਂ। ਅਸੀਂ ਆਪਣੇ ਗਾਹਕਾਂ ਦੀਆਂ ਚੁਣੌਤੀਆਂ ਅਤੇ ਉਦੇਸ਼ਾਂ ਨੂੰ ਸਮਝਣ ਲਈ ਉਨ੍ਹਾਂ ਨਾਲ ਮਿਲ ਕੇ ਕੰਮ ਕਰਦੇ ਹਾਂ, ਇਹ ਸੁਨਿਸ਼ਚਿਤ ਕਰਦੇ ਹੋਏ ਕਿ ਸਾਡੇ ਹੱਲ ਵਿਹਾਰਕ, ਪ੍ਰਭਾਵਸ਼ਾਲੀ ਅਤੇ ਉਨ੍ਹਾਂ ਦੇ ਟੀਚਿਆਂ ਨਾਲ ਜੁੜੇ ਹੋਏ ਹਨ। ਸਾਡੀ ਕਾਰਜਪ੍ਰਣਾਲੀ ਮਾਪਣਯੋਗ ਨਤੀਜੇ ਪ੍ਰਦਾਨ ਕਰਨ ਲਈ ਨਵੀਨਤਾਕਾਰੀ ਸੋਚ ਦੇ ਨਾਲ ਉਦਯੋਗ ਦੇ ਸਭ ਤੋਂ ਵਧੀਆ ਅਭਿਆਸਾਂ ਨੂੰ ਜੋੜਦੀ ਹੈ।
Contact: 317-319-3832 or 317-603-1597

# ਬੰਦਾ ਵੇਚੇ ਬੰਦੇ ਨੂੰ...




**ਯੂਨੀਸੈਫ਼ ਦੀ ਰਿਪੋਰਟ ਅਨੁਸਾਰ 18 ਸਾਲ ਤੋਂ ਘੱਟ ਉਮਰ ਦੇ ਤਿੰਨ ਲੱਖ ਤੋਂ ਵੱਧ ਬੱਚਿਆਂ ਨੂੰ ਦੁਨੀਆ ਦੇ ਵੱਖ-ਵੱਖ ਮੁਲਕਾਂ ਵਿੱਚ ਚੱਲ ਰਹੇ ਹਥਿਆਰਬੰਦ ਵਿਦਰੋਹਾਂ ਵਿੱਚ ਵਰਤਿਆ ਜਾ ਰਿਹਾ ਹੈ। ਬਦਕਿਸਮਤੀ ਨਾਲ ਸਾਢੇ ਬਾਰ੍ਹਾਂ ਲੱਖ ਬੱਚਿਆਂ ਨੂੰ ਬੇਹੱਦ ਖ਼ਤਰਨਾਕ ਕੰਮ-ਧੰਦਿਆਂ ਵਿੱਚ ਲਗਾਇਆ ਗਿਆ ਹੈ। ਅਮਰੀਕਾ ਵਿੱਚ ਵੱਡੀ ਗਿਣਤੀ ਵਿੱਚ ਬੱਚਿਆਂ ਨੂੰ 'ਚਾਈਲਡ ਪੋਰਨ ਇੰਡਸਟਰੀ' ਵਿੱਚ ਵਰਤਿਆ ਜਾਂਦਾ ਹੈ।**

ਪੀ. ਐੱਸ. ਬਟਾਲਾ

***'ਕੌਮਾਂਤਰੀ ਮਨੁੱਖੀ ਤਸਕਰੀ ਵਿਰੋਧੀ ਦਿਵਸ' 'ਤੇ ਵਿਸ਼ੇਸ਼***

ਕੋਈ ਵੇਲਾ ਸੀ ਜਦੋਂ ਭਾਰਤ ਹੀ ਨਹੀਂ ਸਗੋਂ ਦੂਜੇ ਮੁਲਕਾਂ ਵਿੱਚ ਪਸ਼ੂਆਂ ਦੇ ਨਾਲ-ਨਾਲ ਮਨੁੱਖਾਂ ਦੀ ਵੀ ਮੰਡੀ ਲੱਗਦੀ ਹੁੰਦੀ ਸੀ। ਜਵਾਨ ਔਰਤਾਂ ਤੇ ਮਰਦਾਂ ਅਤੇ ਬੱਚਿਆਂ ਤੱਕ ਦੀ ਵੀ ਬੋਲੀ ਲਾਈ ਜਾਂਦੀ ਸੀ ਤੇ ਖ਼ਰੀਦ ਕੇ ਲੈ ਜਾਣ ਤੋਂ ਬਾਅਦ ਮਾਲਕ ਵੱਲੋਂ ਉਨ੍ਹਾਂ ਨੂੰ ਬਿਨਾ ਕੋਈ ਪੈਸਾ ਜਾਂ ਮਜ਼ਦੂਰੀ ਅਦਾ ਕੀਤਿਆਂ ਉਨ੍ਹਾਂ ਤੋਂ ਵਰ੍ਹਿਆਂ ਤੱਕ ਗ਼ੁਲਾਮਾਂ ਵਾਂਗ ਕੰਮ ਲਿਆ ਜਾਂਦਾ ਸੀ। ਔਰਤਾਂ ਤੇ ਬੱਚੀਆਂ ਦਾ ਤਾਂ ਸਰੀਰਕ ਸ਼ੋਸ਼ਣ ਵੀ ਕੀਤਾ ਜਾਂਦਾ ਸੀ। ਗ਼ੁਲਾਮ ਪ੍ਰਥਾ ਖ਼ਿਲਾਫ਼ ਦੁਨੀਆ ਭਰ ਵਿੱਚ ਉੱਠੇ ਵੱਖ-ਵੱਖ ਅੰਦੋਲਨਾਂ ਕਰਕੇ ਇਹ ਪ੍ਰਥਾ ਕਾਫੀ ਹੱਦ ਤੱਕ ਖ਼ਤਮ ਹੋ ਗਈ ਮੰਨੀ ਜਾਣ ਲੱਗ ਪਈ ਸੀ, ਪਰ ਕੁਝ ਇੱਕ ਸਮਾਜ ਵਿਗਿਆਨੀਆਂ ਦਾ ਮੱਤ ਹੈ ਕਿ ਸਮਾਂ ਬਦਲਣ ਨਾਲ ਕਈ ਥਾਂਈਂ ਮਨੁੱਖੀ ਖ਼ਰੀਦੋ-ਫ਼ਰੋਖ਼ਤ ਦਾ ਸਰੂਪ ਹੀ ਬਦਲਿਆ ਹੈ, ਪਰ ਇਹ ਪ੍ਰਥਾ ਅਜੇ ਪੂਰੀ ਤਰ੍ਹਾਂ ਖ਼ਤਮ ਨਹੀਂ ਹੋਈ ਹੈ। ਅੱਜ ਵੀ ਦੁਨੀਆ ਭਰ ਵਿੱਚੋਂ ਔਰਤਾਂ, ਲੜਕੀਆਂ ਅਤੇ ਬੱਚਿਆਂ ਨੂੰ ਅਗਵਾ ਕਰ ਲਿਆ ਜਾਂਦਾ ਹੈ ਤੇ ਫਿਰ ਉਨ੍ਹਾਂ ਤੋਂ ਸਰੀਰਕ ਮਿਹਨਤ ਜਾਂ ਬੰਧੂਆ ਮਜ਼ਦੂਰੀ ਵਾਲੇ ਕੰਮ ਕਰਵਾਏ ਜਾਂਦੇ ਹਨ; ਜਾਂ ਫਿਰ ਭੀਖ ਮੰਗਣ ਦੇ 'ਕਾਲੇ ਕਾਰੋਬਾਰ' ਵਿੱਚ ਲਾ ਦਿੱਤਾ ਜਾਂਦਾ ਹੈ। ਅਗਵਾ ਕਰਕੇ ਬੰਧੂਆ ਬਣਾ ਲਈਆਂ ਗਈਆਂ ਲੜਕੀਆਂ ਨੂੰ ਵੇਸ਼ਵਾਗਮਨੀ ਦੇ ਧੰਦੇ ਵਿੱਚ ਧਕੇਲ ਕੇ ਉਨ੍ਹਾਂ ਦਾ ਜੀਵਨ ਨਾਸ ਕਰ ਦਿੱਤਾ ਜਾਂਦਾ ਹੈ। ਮਨੁੱਖੀ ਤਸਕਰਾਂ ਵੱਲੋਂ 'ਡੰਕੀ' ਲਾ ਕੇ ਵਿਦੇਸ਼ੀ ਮੁਲਕਾਂ ਵਿੱਚ ਭੇਜੇ ਜਾਣ ਵਾਲੇ ਜ਼ਿਆਦਾਤਰ ਮਰਦ ਤੇ ਔਰਤਾਂ ਰਸਤੇ ਵਿੱਚ ਦਰਦਨਾਕ ਢੰਗ ਨਾਲ ਮੌਤ ਦੇ ਸ਼ਿਕਾਰ ਬਣ ਜਾਂਦੇ ਹਨ, ਪਰ ਪੈਸੇ ਲੈਣ ਵਾਲੇ ਏਜੰਟਾਂ ਨੂੰ ਰਤਾ ਵੀ ਤਰਸ ਨਹੀਂ ਆਉਂਦਾ ਹੈ।

ਉਪਰੋਕਤ ਕਸ਼ਟਾਂ ਨਾਲ ਬਾਵਸਤਾ ਲੋਕਾਂ ਨੂੰ ਸਮਰਪਿਤ ਹੈ 30 ਜੁਲਾਈ ਦਾ ਦਿਨ ਤੇ ਪੂਰੇ ਵਿਸ਼ਵ ਵਿੱਚ ਇਹ ਦਿਨ 'ਇੰਟਰਨੈਸ਼ਨਲ ਡੇਅ ਅਗੇਨਸਟ ਟਰੈਫਿਕਿੰਗ ਇਨ ਹਿਊਮਨਜ਼' ਭਾਵ 'ਕੌਮਾਂਤਰੀ ਮਨੁੱਖੀ ਤਸਕਰੀ ਵਿਰੋਧੀ ਦਿਵਸ' ਦੇ ਸਿਰਲੇਖ ਹੇਠ ਹਰ ਸਾਲ ਮਨਾਇਆ ਜਾਂਦਾ ਹੈ। ਸੰਨ 2013 ਵਿੱਚ ਹੋਈ ਸੰਯੁਕਤ ਰਾਸ਼ਟਰ ਸੰਘ ਦੀ ਆਮ ਸਭਾ ਵਿੱਚ ਇਸ ਦਿਵਸ ਨੂੰ ਮਨਾਉਣ ਸਬੰਧੀ ਮਤਾ ਪਾਸ ਕੀਤਾ ਗਿਆ ਸੀ ਤੇ ਕਿਹਾ ਗਿਆ ਸੀ ਕਿ ਮਨੁੱਖੀ ਸਮਗਲਿੰਗ ਅਤੇ ਸ਼ੋਸ਼ਣ ਦੇ ਸ਼ਿਕਾਰ ਲੋਕਾਂ ਨੂੰ ਸਮਰਪਿਤ ਕਰਕੇ ਇੱਕ ਅਜਿਹਾ ਦਿਨ ਮਨਾਉਣਾ ਬੇਹੱਦ ਜ਼ਰੂਰੀ ਹੋ ਗਿਆ ਹੈ, ਜਿਸ ਵਿੱਚ ਪੀੜਤ ਲੋਕਾਂ ਦੇ ਹੱਕਾਂ ਸਬੰਧੀ ਜਾਗਰੂਕਤਾ ਫੈਲਾਈ ਜਾਵੇ ਤੇ ਪੀੜਤਾਂ ਨੂੰ ਨਰਕ ਕੁੰਭ 'ਚੋਂ ਕੱਢ ਕੇ ਇੱਕ ਚੰਗਾ ਜੀਵਨ ਜਿਊਣ ਦੇ ਕਾਬਿਲ ਬਣਾਇਆ ਜਾਵੇ।

ਸੰਨ 2003 ਵਿੱਚ ਸੰਯੁਕਤ ਰਾਸ਼ਟਰ ਦੇ 'ਡਰੱਗ ਐਂਡ ਕ੍ਰਾਈਮ ਵਿਭਾਗ' ਨੇ ਉਕਤ ਸਮੱਸਿਆ ਨਾਲ ਪੀੜਤ ਸਵਾ ਦੋ ਲੱਖ ਦੇ ਕਰੀਬ ਵਿਅਕਤੀਆਂ ਦੀ ਪਛਾਣ ਕੀਤੀ ਸੀ ਤੇ ਉਪਰੰਤ ਸਮੂਹ ਮੁਲਕਾਂ ਨੇ ਅਜਿਹੇ ਵਿਅਕਤੀਆਂ ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਮੁਕਤੀ ਦੁਆਉਣ ਦੀ ਪ੍ਰਕਿਰਿਆ ਅਰੰਭ ਕਰ ਦਿੱਤੀ ਸੀ। ਪ੍ਰਾਪਤ ਅੰਕੜਿਆਂ ਅਨੁਸਾਰ ਮਨੁੱਖੀ ਤਸਕਰੀ ਦੀਆਂ ਸ਼ਿਕਾਰ ਔਰਤਾਂ ਜਾਂ ਲੜਕੀਆਂ ਵਿੱਚੋਂ 65 ਫ਼ੀਸਦੀ ਲੜਕੀਆਂ ਨੂੰ ਦੇਹ ਵਪਾਰ ਦੇ ਧੰਦੇ ਵਿੱਚ ਲਾ ਦਿੱਤਾ ਜਾਂਦਾ ਹੈ ਤੇ 35 ਫ਼ੀਸਦੀ ਕੋਲੋਂ ਬੰਧੂਆ ਮਜ਼ਦੂਰੀ ਕਰਵਾਈ ਜਾਂਦੀ ਹੈ। ਸਾਲ 2022 ਵਿੱਚ ਕੌਮਾਂਤਰੀ ਮਜ਼ਦੂਰ ਸੰਗਠਨ ਅਤੇ ਵਾੱਕ ਫ਼ਰੀ ਫ਼ਾਊਂਡੇਸ਼ਨ ਦੁਆਰਾ ਜਾਰੀ ਕੀਤੇ ਇੱਕ ਅਨੁਮਾਨ ਮੁਤਾਬਿਕ ਦੁਨੀਆ ਭਰ ਵਿੱਚ ਸਾਲ 2021 ਵਿੱਚ ਪੰਜ ਕਰੋੜ ਤੋਂ ਵੱਧ ਲੋਕ 'ਆਧੁਨਿਕ ਗ਼ੁਲਾਮੀ' ਦੇ ਸ਼ਿਕਾਰ ਸਨ, ਜਿਨ੍ਹਾਂ ਵਿੱਚੋਂ 2.76 ਕਰੋੜ ਲੋਕ ਬੰਧੂਆ ਮਜ਼ਦੂਰੀ ਅਤੇ 2.20 ਕਰੋੜ ਲੋਕ ਬੰਧੂਆ ਸ਼ਾਦੀ ਭਾਵ ਜ਼ਬਰਦਸਤੀ ਦੀ ਸ਼ਾਦੀ ਜਿਹੀਆਂ ਕੁਰੀਤੀਆਂ ਕਰਕੇ ਸੰਤਾਪ ਹੰਢਾਅ ਰਹੇ ਸਨ। ਹਾਰਵਰਡ ਯੂਨੀਵਰਸਿਟੀ ਵੱਲੋਂ ਸਾਲ 2023 ਵਿੱਚ ਛਾਪੀ ਗਈ ਇੱਕ ਰਿਪੋਰਟ ਅਨੁਸਾਰ ਬੱਚਿਆਂ ਦਾ ਤਸਕਰੀ ਦੇ ਕੁੱਲ ਮਾਮਲਿਆਂ ਵਿੱਚੋਂ ਪੰਜਾਹ ਫ਼ੀਸਦੀ ਦੇ ਕਰੀਬ ਮਾਮਲੇ ਸਬੰਧਿਤ ਮੁਲਕ ਦੀਆਂ ਹੱਦਾਂ ਦੇ ਅੰਦਰ ਹੀ ਵਾਪਰਦੇ ਹਨ।

***ਭਾਰਤ ਵਿੱਚ ਸੰਨ 2016 ਵਿੱਚ 2,90,439 ਲੋਕਾਂ ਦੇ ਗੁੰਮ ਹੋਣ ਸਬੰਧੀ ਰਿਪੋਰਟਾਂ ਦਰਜ ਹੋਈਆਂ ਸਨ, ਜੋ ਕਿ ਸੰਨ 2018 ਵਿੱਚ ਵਧ ਕੇ 3,47,524 ਹੋ ਗਈਆਂ ਸਨ। ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦੀ ਰਿਪੋਰਟ ਅਨੁਸਾਰ ਭਾਰਤ ਵਿੱਚ 40 ਹਜ਼ਾਰ ਬੱਚੇ ਹਰ ਸਾਲ ਅਗਵਾ ਕੀਤੇ ਜਾਂਦੇ ਹਨ। ਇੱਕ ਹੋਰ ਰਿਪੋਰਟ ਅਨੁਸਾਰ 60 ਹਜ਼ਾਰ ਬੱਚੇ ਇੱਥੇ ਹਰ ਸਾਲ ਗੁੰਮਸ਼ੁਦਾ ਐਲਾਨੇ ਜਾਂਦੇ ਹਨ, ਜਿਨ੍ਹਾਂ ਵਿੱਚੋਂ 11 ਹਜ਼ਾਰ ਦਾ ਤਾਂ ਕੋਈ ਅਤਾ-ਪਤਾ ਨਹੀਂ ਲੱਗਦਾ ਹੈ।***



ਸੰਯੁਕਤ ਰਾਸ਼ਟਰ ਸੰਘ ਵੱਲੋਂ ਕਰਵਾਏ ਗਏ ਇੱਕ ਅਧਿਐਨ ਤੋਂ ਇਹ ਪਤਾ ਲੱਗਾ ਹੈ ਕਿ ਇਸ ਗੋਰਖਧੰਦੇ ਵਿੱਚ ਫਸ ਚੁੱਕੇ ਨੌਜਵਾਨਾਂ ਨੂੰ ਸ਼ਾਤਿਰ ਦਿਮਾਗ ਅਪਰਾਧੀਆਂ ਨੇ ਨੌਕਰੀ ਜਾਂ ਪੈਸਿਆਂ ਦਾ ਲਾਲਚ ਦੇ ਕੇ ਫਸਾਇਆ ਹੁੰਦਾ ਹੈ। ਨਿੱਕੇ ਬੱਚਿਆਂ ਨੂੰ ਜਾਂ ਤਾਂ ਅਗਵਾ ਕਰ ਲਿਆ ਜਾਂਦਾ ਹੈ ਜਾਂ ਫਿਰ ਗ਼ਰੀਬ ਮਾਪਿਆਂ ਨੂੰ ਪੈਸਿਆਂ ਦਾ ਲਾਲਚ ਦੇ ਕੇ ਬੱਚੇ ਉਨ੍ਹਾਂ ਤੋਂ ਲੈ ਲਏ ਜਾਂਦੇ ਹਨ ਤੇ ਫਿਰ ਇਸ ਕਾਲੇ ਕਾਰੋਬਾਰ ਵਿੱਚ ਧੱਕ ਦਿੱਤੇ ਜਾਂਦੇ ਹਨ। ਇਸ ਧੰਦੇ ਦੇ ਮਾਹਿਰ ਲੋਕ ਸਮਾਜ ਵਿੱਚ ਗ਼ਰੀਬ, ਇਕੱਲੇ, ਬੇਰੁਜ਼ਗਾਰ, ਅਨਪੜ੍ਹ ਲੋਕਾਂ ਨੂੰ ਤਲਾਸ਼ਦੇ ਰਹਿੰਦੇ ਹਨ ਤੇ ਹੋਰ ਤਾਂ ਹੋਰ ਕਿਸੇ ਮੁਲਕ ਵਿੱਚ ਜੰਗ ਜਾਂ ਕੁਦਰਤੀ ਆਫ਼ਤ ਦੇ ਸ਼ਿਕਾਰ ਔਰਤਾਂ ਤੇ ਬੱਚਿਆਂ ਨੂੰ ਵੀ ਆਪਣਾ ਸ਼ਿਕਾਰ ਬਣਾਉਣ ਤੋਂ ਬਾਜ਼ ਨਹੀਂ ਆਉਂਦੇ ਹਨ। ਅਨੇਕਾਂ ਬੱਚਿਆਂ ਤੇ ਔਰਤਾਂ ਨੂੰ ਤਾਂ ਅਜਿਹੇ ਅਣਜਾਣੇ ਮੁਲਕਾਂ ਵਿੱਚ ਲਿਜਾਇਆ ਜਾਂਦਾ ਹੈ, ਜਿੱਥੋਂ ਦੀ ਭਾਸ਼ਾ ਵੀ ਉਨ੍ਹਾਂ ਨੂੰ ਸਮਝ ਨਹੀਂ ਆਉਂਦੀ ਹੈ। ਉਨ੍ਹਾਂ ਮੁਲਕਾਂ ਵਿੱਚ ਇਨ੍ਹਾਂ ਵਿਚਾਰਿਆਂ ਦੀ ਮਦਦ ਲਈ ਕੋਈ ਨਹੀਂ ਬਹੁੜਦਾ ਹੈ ਤੇ ਫਿਰ ਕਈ ਸਾਲ ਦੀ ਤਸ਼ੱਦਦ ਭਰੀ ਜ਼ਿੰਦਗੀ ਕੱਟਣ ਪਿੱਛੋਂ ਉਹ ਕਿਹੜੇ ਖੂਹ-ਖਾਤੇ ਪੈ ਜਾਂਦੇ ਹਨ, ਇਹ ਕੋਈ ਨਹੀਂ ਜਾਣਦਾ ਹੈ।

ਭਾਰਤ ਵਿੱਚ ਸੰਨ 2016 ਵਿੱਚ 2,90,439 ਲੋਕਾਂ ਦੇ ਗੁੰਮ ਹੋਣ ਸਬੰਧੀ ਰਿਪੋਰਟਾਂ ਦਰਜ ਹੋਈਆਂ ਸਨ, ਜੋ ਕਿ ਸੰਨ 2018 ਵਿੱਚ ਵਧ ਕੇ 3,47,524 ਹੋ ਗਈਆਂ ਸਨ। ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦੀ ਰਿਪੋਰਟ ਅਨੁਸਾਰ ਭਾਰਤ ਵਿੱਚ 40 ਹਜ਼ਾਰ ਬੱਚੇ ਹਰ ਸਾਲ ਅਗਵਾ ਕੀਤੇ ਜਾਂਦੇ ਹਨ। ਇੱਕ ਹੋਰ ਰਿਪੋਰਟ ਅਨੁਸਾਰ 60 ਹਜ਼ਾਰ ਬੱਚੇ ਇੱਥੇ ਹਰ ਸਾਲ ਗੁੰਮਸ਼ੁਦਾ ਐਲਾਨੇ ਜਾਂਦੇ ਹਨ, ਜਿਨ੍ਹਾਂ ਵਿੱਚੋਂ 11 ਹਜ਼ਾਰ ਦਾ ਤਾਂ ਕੋਈ ਅਤਾ-ਪਤਾ ਨਹੀਂ ਲੱਗਦਾ ਹੈ। ਸਾਲ 2020 ਵਿੱਚ ਮੱਧ ਪ੍ਰਦੇਸ਼ 'ਚ 8751 ਅਤੇ ਰਾਜਸਥਾਨ 'ਚ 3179 ਬੱਚੇ ਗੁੰਮਸ਼ੁਦਾ ਐਲਾਨੇ ਗਏ ਸਨ। ਸਾਲ 2021 ਵਿੱਚ ਇਹ ਅੰਕੜਾ ਵਧ ਕੇ ਕ੍ਰਮਵਾਰ 10648 ਅਤੇ 5354 ਹੋ ਗਿਆ ਸੀ। ਸਾਲ 2021 ਵਿੱਚ ਹੀ ਉੱਤਰ ਪ੍ਰਦੇਸ਼ ਤੋਂ 2998 ਬੱਚੇ ਗੁੰਮਸ਼ੁਦਾ ਐਲਾਨੇ ਗਏ ਸਨ।

ਕੌਮੀ ਅਪਰਾਧ ਰਿਕਾਰਡ ਬਿਊਰੋ ਦੇ ਅੰਕੜਿਆਂ ਅਨੁਸਾਰ ਸਾਲ 2022 ਵਿੱਚ ਭਾਰਤ ਅੰਦਰ 62,099 ਮੁਟਿਆਰਾਂ ਜਾਂ ਬੱਚੀਆਂ ਅਗਵਾ ਕਰ ਲਈਆਂ ਗਈਆਂ ਸਨ। ਵਧੇਰੇ ਦੁੱਖ ਅਤੇ ਚਿੰਤਾ ਦੀ ਗੱਲ ਇਹ ਹੈ ਕਿ ਮੱਧ ਪ੍ਰਦੇਸ਼ ਅਤੇ ਰਾਜਸਥਾਨ ਵਿੱਚ ਹੁਣ ਤੱਕ ਗੁਮਸ਼ੁਦਾ ਐਲਾਨੇ ਗਏ ਬੱਚਿਆਂ ਵਿੱਚੋਂ 83 ਫ਼ੀਸਦੀ ਲੜਕੀਆਂ ਸਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਦੇ ਮਨੁੱਖੀ ਤਸਕਰੀ ਦਾ ਸ਼ਿਕਾਰ ਹੋ ਜਾਣ ਦੀ ਸੰਭਾਵਨਾ ਸੀ। ਤਕਰੀਬਨ 12 ਹਜ਼ਾਰ ਤੋਂ ਲੈ ਕੇ 50 ਹਜ਼ਾਰ ਤੱਕ ਔਰਤਾਂ ਤੇ ਬੱਚੇ ਹਰ ਸਾਲ ਗੁਆਂਢੀ ਮੁਲਕਾਂ ਤੋਂ ਲਿਆ ਕੇ ਭਾਰਤ ਵਿੱਚ ਦੇਹ ਵਪਾਰ ਦੇ ਧੰਦੇ ਵਿੱਚ ਧਕੇਲ ਦਿੱਤੇ ਜਾਂਦੇ ਹਨ।

ਯੂਨੀਸੈਫ਼ ਦੀ ਰਿਪੋਰਟ ਅਨੁਸਾਰ 18 ਸਾਲ ਤੋਂ ਘੱਟ ਉਮਰ ਦੇ ਤਿੰਨ ਲੱਖ ਤੋਂ ਵੱਧ ਬੱਚਿਆਂ ਨੂੰ ਦੁਨੀਆ ਦੇ ਵੱਖ-ਵੱਖ ਮੁਲਕਾਂ ਵਿੱਚ ਚੱਲ ਰਹੇ ਹਥਿਆਰਬੰਦ ਵਿਦਰੋਹਾਂ ਵਿੱਚ ਵਰਤਿਆ ਜਾ ਰਿਹਾ ਹੈ। ਬਦਕਿਸਮਤੀ ਨਾਲ ਸਾਢੇ ਬਾਰ੍ਹਾਂ ਲੱਖ ਬੱਚਿਆਂ ਨੂੰ ਬੇਹੱਦ ਖ਼ਤਰਨਾਕ ਕੰਮ-ਧੰਦਿਆਂ ਵਿੱਚ ਲਗਾਇਆ ਗਿਆ ਹੈ। ਅਮਰੀਕਾ ਵਿੱਚ ਵੱਡੀ ਗਿਣਤੀ ਵਿੱਚ ਬੱਚਿਆਂ ਨੂੰ 'ਚਾਈਲਡ ਪੋਰਨ ਇੰਡਸਟਰੀ' ਵਿੱਚ ਵਰਤਿਆ ਜਾਂਦਾ ਹੈ। ਭਾਰਤ ਵਿੱਚ ਕਈ ਬਾਗ਼ੀ ਸਮੂਹਾਂ ਨੇ ਤਾਂ 'ਬਾਲ ਦਸਤੇ' ਵੀ ਕਾਇਮ ਕੀਤੇ ਹੋਏ ਹਨ। ਇੱਥੇ ਤਿੰਨ ਲੱਖ ਦੇ ਕਰੀਬ ਬੱਚੇ ਭੀਖ ਮੰਗਦੇ ਹਨ ਤੇ 44 ਹਜ਼ਾਰ ਬੱਚੇ ਵੱਖ-ਵੱਖ ਅਪਰਾਧੀ ਗਿਰੋਹਾਂ ਲਈ ਕੰਮ ਕਰਦੇ ਹਨ। ਭਾਰਤੀ ਪੁਲੀਸ ਵੱਲੋਂ ਜਾਰੀ ਅੰਕੜਿਆਂ ਅਨੁਸਾਰ 20 ਲੱਖ ਔਰਤਾਂ ਤੇ ਬੱਚੇ ਰੈੱਡਲਾਈਟ ਖੇਤਰਾਂ ਵਿੱਚ ਸਰਗਰਮ ਹਨ। ਦੇਹ ਵਪਾਰ ਦੇ ਧੰਦੇ ਨਾਲ ਜੁੜੇ ਲੋਕਾਂ ਵਿੱਚ 40 ਫ਼ੀਸਦੀ ਬੱਚੇ ਹਨ। ਇਹ ਸਭ ਅੰਕੜੇ ਬੜੇ ਹੀ ਤਕਲੀਫ਼ਦੇਹ ਅਤੇ ਮਾਨਵਤਾ ਨੂੰ ਸ਼ਰਮਸਾਰ ਕਰ ਦੇਣ ਵਾਲੇ ਹਨ।

ਸੰਯੁਕਤ ਰਾਸ਼ਟਰ ਦੇ ਜਨਰਲ ਸਕੱਤਰ ਐਨਤੋਨੀਓ ਗੁਟਰੇਜ਼ ਨੇ ਕਿਹਾ ਸੀ, "ਅੱਜ ਦੇ ਦਿਨ ਆਓ ਉਸ ਪ੍ਰਣ ਨੂੰ ਦੁਹਰਾਈਏ ਕਿ ਅਸੀਂ ਉਨ੍ਹਾਂ ਸਾਰੇ ਅਪਰਾਧੀਆਂ ਨੂੰ ਨੱਥ ਪਾਵਾਂਗੇ, ਜੋ ਆਪਣੇ ਫ਼ਾਇਦੇ ਲਈ ਬੜੀ ਬੇਦਰਦੀ ਨਾਲ ਲੋਕਾਂ ਦੀਆਂ ਜ਼ਿੰਦਗੀਆਂ ਨਾਲ ਖੇਡਦੇ ਹਨ ਤੇ ਨਾਲ ਹੀ ਇਹ ਪ੍ਰਣ ਵੀ ਦੁਹਰਾਈਏ ਕਿ ਪੀੜਤ ਲੋਕਾਂ ਨੂੰ ਅਸੀਂ ਉਨ੍ਹਾਂ ਦੇ ਮਨੁੱਖੀ ਅਧਿਕਾਰ ਵਾਪਿਸ ਦਿਵਾ ਕੇ ਉਨ੍ਹਾਂ ਨੂੰ ਇੱਕ ਚੰਗਾ ਜੀਵਨ ਜਿਊਣ ਲਈ ਦੇਈਏ।"

## ਸੰਸਾਰ ਭਰ ਵਿੱਚ ਮਨੁੱਖੀ ਤਸਕਰੀ ਤਹਿਤ 40 ਮਿਲੀਅਨ ਲੋਕ ਪੀੜਤ

ਗੁਲਾਮੀ ਅੱਜ ਵੀ ਮੌਜੂਦ ਹੈ! ਇਸ ਸਮੇਂ ਸੰਸਾਰ ਵਿੱਚ ਮਨੁੱਖੀ ਤਸਕਰੀ ਤਹਿਤ ਗੁਲਾਮੀ ਦੇ ਵਪਾਰ ਵਿੱਚ ਅੰਦਾਜ਼ਨ 40 ਮਿਲੀਅਨ ਲੋਕ ਫਸੇ ਹੋਏ ਹਨ। ਹੋਮਲੈਂਡ ਸਕਿਓਰਿਟੀ ਵਿਭਾਗ ਦੁਆਰਾ ਪਰਿਭਾਸ਼ਿਤ ਕੀਤੇ ਅਨੁਸਾਰ "ਮਨੁੱਖੀ ਤਸਕਰੀ ਵਿੱਚ ਕਿਸੇ ਕਿਸਮ ਦੀ ਮਜ਼ਦੂਰੀ ਜਾਂ ਵਪਾਰਕ ਸੈਕਸ ਐਕਟ ਪ੍ਰਾਪਤ ਕਰਨ ਲਈ ਤਾਕਤ, ਧੋਖਾਧੜੀ ਜਾਂ ਜ਼ਬਰਦਸਤੀ ਦੀ ਵਰਤੋਂ ਸ਼ਾਮਲ ਹੈ।" ਭਾਵ ਹਰ ਰੋਜ਼ ਲੱਖਾਂ ਲੋਕ ਕਿਸੇ ਹੋਰ ਦੇ ਫਾਇਦੇ, ਲਾਭ ਜਾਂ ਖੁਸ਼ਹਾਲੀ ਲਈ ਖਰੀਦੇ, ਵੇਚੇ ਅਤੇ ਸ਼ੋਸ਼ਣ ਕੀਤੇ ਜਾ ਰਹੇ ਹਨ।

ਵਰਤਮਾਨ ਸਮੇਂ ਅਮਰੀਕਾ ਵਿੱਚ ਹਰ 800 ਲੋਕਾਂ ਵਿੱਚੋਂ ਲਗਭਗ 1 ਦੀ ਤਸਕਰੀ ਹੋ ਰਹੀ ਹੈ। ਅਜਿਹਾ ਅਮਰੀਕਾ ਦੇ ਸਾਰੇ 50 ਰਾਜਾਂ ਵਿੱਚ ਹੈ। ਅਮਰੀਕਾ ਵਿੱਚ ਮਨੁੱਖੀ ਤਸਕਰੀ ਵੱਖ-ਵੱਖ ਰੂਪਾਂ ਵਿੱਚ ਹੈ, ਪਰ ਇਸ ਦੀਆਂ ਸਿਖਰਲੀਆਂ ਕਿਸਮਾਂ ਵਿੱਚ ਸ਼ਾਮਲ ਹਨ: ਐਸਕਾਰਟ ਸੇਵਾਵਾਂ, ਅਸ਼ਲੀਲਤਾ, ਨਾਜਾਇਜ਼ ਮਾਲਸ਼, ਸਿਹਤ ਤੇ ਸੁੰਦਰਤਾ; ਰਿਹਾਇਸ਼ੀ-ਆਧਾਰਿਤ ਵਪਾਰਕ ਲਿੰਗ, ਨਿੱਜੀ ਜਿਨਸੀ ਸੇਵਾ, ਘਰੇਲੂ ਕੰਮ ਆਦਿ। ਇਸ ਤੋਂ ਇਲਾਵਾ ਉਭਰਦੀਆਂ ਕਿਸਮਾਂ ਵਿੱਚ ਸ਼ਾਮਲ ਹਨ- ਬਾਰ, ਸਟ੍ਰਿਪ ਕਲੱਬ ਅਤੇ ਗੈਰ-ਕਾਨੂੰਨੀ ਗਤੀਵਿਧੀਆਂ।

ਹਾਲਾਂਕਿ ਮਨੁੱਖੀ ਤਸਕਰੀ ਇੰਨੀ ਵਿਆਪਕ ਹੈ, ਪਰ ਇਹ ਅਜੇ ਵੀ ਇੱਕ ਅਜਿਹਾ ਮੁੱਦਾ ਹੈ, ਜਿਸ ਬਾਰੇ ਦੇਸ਼ ਵਿੱਚ ਬਹੁਤੇ ਲੋਕ ਅਣਜਾਣ ਹਨ। ਤਸਕਰੀ ਕਿਸੇ ਨਾਲ ਵੀ, ਕਿਤੇ ਵੀ ਹੋ ਸਕਦੀ ਹੈ ਅਤੇ ਇਹ ਸਮਝਣਾ ਮਹੱਤਵਪੂਰਨ ਹੈ ਕਿ ਕਿਵੇਂ? ਜ਼ਿਆਦਾਤਰ ਪੀੜਤਾਂ ਦੇ ਆਪਣੇ ਤਸਕਰਾਂ ਨਾਲ ਕਿਸੇ ਕਿਸਮ ਦੇ ਪੁਰਾਣੇ ਸਬੰਧ ਹਨ। 2020 ਵਿੱਚ 42% ਜਿਨਸੀ ਤਸਕਰੀ ਦੇ ਪੀੜਤਾਂ ਦੀ ਤਸਕਰੀ ਇੱਕ ਪਰਿਵਾਰਕ ਮੈਂਬਰ ਦੁਆਰਾ ਕੀਤੀ ਗਈ ਸੀ ਅਤੇ 39% ਨੂੰ ਇੱਕ ਨਜ਼ਦੀਕੀ ਸਾਥੀ ਜਾਂ ਵਿਆਹ ਦੇ ਪ੍ਰਸਤਾਵ ਦੁਆਰਾ ਤਸਕਰੀ ਵਿੱਚ ਲਿਆਂਦਾ ਗਿਆ ਸੀ। ਮਜ਼ਦੂਰ ਤਸਕਰੀ ਦੇ ਮਾਮਲਿਆਂ ਵਿੱਚ 69% ਪੀੜਤਾਂ ਨੂੰ ਇੱਕ ਸੰਭਾਵੀ ਜਾਂ ਮੌਜੂਦਾ ਮਾਲਕ ਦੁਆਰਾ ਤਸਕਰੀ ਵਿੱਚ ਭਰਤੀ ਕੀਤਾ ਗਿਆ ਸੀ ਅਤੇ 15% ਪੀੜਤਾਂ ਨੂੰ ਇੱਕ ਪਰਿਵਾਰਕ ਮੈਂਬਰ ਦੁਆਰਾ ਭਰਤੀ ਕੀਤਾ ਗਿਆ ਸੀ।




ਤਸਕਰੀ ਕਰਨ ਵਾਲੇ ਪੀੜਤਾਂ ਨੂੰ ਫਸਾਉਣ ਲਈ ਕਈ ਚਾਲਾਂ ਚਲਦੇ ਹਨ, ਪਰ ਸਭ ਤੋਂ ਆਮ ਤਰੀਕਿਆਂ ਵਿੱਚੋਂ ਇੱਕ ਨੂੰ ਸ਼ਿੰਗਾਰ ਕਿਹਾ ਜਾਂਦਾ ਹੈ। ਗਰੂਮਿੰਗ ਇੱਕ ਤਸਕਰ ਦੁਆਰਾ ਇੱਕ ਰਿਸ਼ਤਾ ਬਣਾਉਣ ਅਤੇ ਆਪਣੇ ਸੰਭਾਵੀ ਪੀੜਤਾਂ ਨਾਲ ਵਿਸ਼ਵਾਸ ਪ੍ਰਾਪਤ ਕਰਨ ਦੀ ਪ੍ਰਕਿਰਿਆ ਹੈ। ਤਸਕਰੀ ਕਰਨ ਵਾਲੇ ਆਪਣੇ ਪੀੜਤਾਂ ਦੀਆਂ ਕਮਜ਼ੋਰੀਆਂ ਜਾਣ ਕੇ ਸ਼ਿਕਾਰ ਕਰਦੇ ਹਨ- ਭਾਵੇਂ ਇਹ ਇੱਕ ਅਸਥਿਰ ਪਰਿਵਾਰਕ ਜੀਵਨ ਹੋਵੇ, ਮਾਨਸਿਕ ਸਿਹਤ ਸੰਬੰਧੀ ਚਿੰਤਾਵਾਂ, ਵਿੱਤੀ ਲੋੜਾਂ, ਨੌਕਰੀ ਦੀ ਅਸੁਰੱਖਿਆ, ਰਿਸ਼ਤੇਦਾਰੀ ਦੀਆਂ ਇੱਛਾਵਾਂ, ਸਵੈ-ਮੁੱਲ ਦੀ ਘੱਟ ਭਾਵਨਾ ਜਾਂ ਇਸ ਤੋਂ ਵੱਧ; ਤੇ ਉਹ ਉਨ੍ਹਾਂ ਘਾਟਾਂ ਨੂੰ ਭਰਨ ਅਤੇ ਉਨ੍ਹਾਂ ਨੂੰ ਪੂਰਾ ਕਰਨ ਲਈ ਅੱਗੇ ਵਧਦੇ ਹਨ। ਇੱਕ ਵਾਰ ਭਰੋਸਾ ਸਥਾਪਤ ਹੋ ਜਾਣ 'ਤੇ ਤਸਕਰੀ ਕਰਨ ਵਾਲੇ ਜਬਰੀ ਮਜ਼ਦੂਰੀ ਜਾਂ ਵਪਾਰਕ ਸੈਕਸ ਰਾਹੀਂ ਨਿੱਜੀ ਫਾਇਦੇ ਲਈ ਪੀੜਤਾਂ ਦਾ ਸ਼ੋਸ਼ਣ ਕਰਨਾ ਸ਼ੁਰੂ ਕਰ ਦਿੰਦੇ ਹਨ।

ਹਾਲ ਹੀ ਵਿੱਚ ਟੈਕਸਸ ਸਟੇਟ ਵਿੱਚ ਇੱਕ 17 ਸਾਲ ਦੀ ਲੜਕੀ ਦੇ ਸੈਕਸ ਤਸਕਰੀ ਵਿੱਚ ਸ਼ਾਮਲ ਪੰਜ ਲੋਕਾਂ ਨੂੰ ਕਰੀਬ 63 ਸਾਲ ਦੀ ਸਜ਼ਾ ਸੁਣਾਈ ਗਈ ਹੈ। ਸਬੰਧਤ ਮੁਲਜ਼ਿਮਾਂ ਨੂੰ ਯੌਨ ਤਸਕਰੀ, ਵੇਸਵਾਗਮਨੀ ਵਿੱਚ ਸ਼ਾਮਲ ਹੋਣ ਲਈ ਅੰਤਰਰਾਜੀ ਆਵਾਜਾਈ, ਬਾਲ ਪੋਰਨੋਗ੍ਰਾਫੀ ਦੀ ਵੰਡ ਅਤੇ ਅਪਰਾਧ ਦੀ ਗਲਤ ਜਾਣਕਾਰੀ (ਛੁਪਾਉਣ) ਲਈ ਸਜ਼ਾ ਸੁਣਾਈ ਗਈ। ਪੀੜਤ

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ

ਬੋਲਦੇ ਪੰਨੇ

ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ
ਫੋਨ:+91-9781646008



# ਪੰਜਾਬੀ ਵਿਰਸੇ ਤੇ ਸੱਭਿਆਚਾਰ ਨੂੰ ਸਾਂਭਣ ਲਈ ਯਤਨਸ਼ੀਲ ਹਨ ਬਹਿਰੀਨ ਦੀਆਂ ਪੰਜਾਬਣਾਂ

**ਭਾਰਤੀਆਂ ਨਾਲ ਬਹਿਰੀਨ ਦਾ ਨਾਤਾ ਤਕਰੀਬਨ ਤਿੰਨ ਕੁ ਹਜ਼ਾਰ ਸਾਲ ਪੁਰਾਣਾ ਹੈ। ਜਦੋਂ ਸੰਨ 1932 ਵਿੱਚ ਇੱਥੇ ਜ਼ਮੀਨਦੋਜ਼ ਤੇਲ ਮਿਲਣ ਦੀ ਜਾਣਕਾਰੀ ਮਿਲੀ ਤਾਂ ਇੱਥੇ ਕੰਮ ਕਰਨ ਲਈ ਮਜ਼ਦੂਰਾਂ ਦੀ ਲੋੜ ਇੱਕ ਦਮ ਵਧ ਗਈ। ਇੱਥੇ ਪੰਜਾਬੀਆਂ ਨੇ ਵੀ ਆਪਣੀ ਛਾਪ ਛੱਡਣ ਅਤੇ ਧਾਕ ਜਮਾਉਣ ਵਿੱਚ ਕੋਈ ਕਸਰ ਨਹੀਂ ਛੱਡੀ ਹੈ। ਪੰਜਾਬੀ ਬੋਲੀ, ਵਿਰਸੇ ਅਤੇ ਸੱਭਿਆਚਾਰ ਨੂੰ ਤਨ, ਮਨ, ਧਨ ਨਾਲ ਸਮਰਪਿਤ ਔਰਤਾਂ ਦੀ ਇਸ ਟੀਮ ਨੇ ਇੱਥੇ ਪਹਿਲਾ ਪੰਜਾਬੀ ਰਸਾਲਾ 'ਗੂੰਜ' ਰਿਲੀਜ਼ ਕਰਨ ਦਾ ਅਤਿ-ਸ਼ਲਾਘਾਯੋਗ ਉਪਰਾਲਾ ਵੀ ਕੀਤਾ ਹੈ। ਪੇਸ਼ ਹੈ, ਬਹਿਰੀਨ ਵਿੱਚ ਪੰਜਾਬੀਆਂ ਬਾਰੇ ਸੰਖੇਪ ਵੇਰਵਾ...**

ਅਰਬੀ ਭਾਸ਼ਾ ਦੇ ਲਫ਼ਜ਼ 'ਬਹਿਰੀਨ' ਦਾ ਅਰਥ ਹੁੰਦਾ ਹੈ, 'ਦੋ ਸਮੁੰਦਰ।' ਇਹ ਪੱਛਮੀ ਏਸ਼ੀਆ ਵਿੱਚ ਸਥਿਤ ਟਾਪੂਆਂ ਤੋਂ ਬਣਿਆ ਇੱਕ ਅਜਿਹਾ ਮੁਲਕ ਹੈ, ਜਿਸ ਵਿੱਚ 50 ਕੁਦਰਤੀ ਟਾਪੂ ਅਤੇ 33 ਬਣਾਉਟੀ ਟਾਪੂ ਸ਼ਾਮਿਲ ਹਨ। ਬਹਿਰੀਨ ਅਸਲ ਵਿੱਚ ਕਤਰ ਅਤੇ ਸਾਊਦੀ ਅਰਬ ਦੇ ਉੱਤਰ-ਪੂਰਬੀ ਸਮੁੰਦਰੀ ਕਿਨਾਰੇ ਦੇ ਵਿਚਕਾਰ ਸਥਿਤ ਹੈ। ਸਾਲ 2023 ਵਿੱਚ ਇਸ ਮੁਲਕ ਦੀ ਆਬਾਦੀ 15,01,635 ਸੀ। ਕੁੱਲ 760 ਵਰਗ ਕਿਲੋਮੀਟਰ ਦੇ ਰਕਬੇ ਵਾਲਾ ਇਹ ਮੁਲਕ ਏਸ਼ੀਆ ਦੇ ਸਭ ਤੋਂ ਛੋਟੇ ਮੁਲਕਾਂ ਵਿੱਚੋਂ ਤੀਜੇ ਨਬੰਰ 'ਤੇ ਹੈ। ਏਸ਼ੀਆ ਵਿੱਚ ਸਥਿਤ ਬਾਕੀ ਦੋ ਛੋਟੇ ਮੁਲਕ ਮਾਲਦੀਵ ਅਤੇ ਸਿੰਗਾਪੁਰ ਹਨ। ਦਿਲਚਸਪ ਗੱਲ ਹੈ ਕਿ ਬਹਿਰੀਨ ਦੀ 53 ਫ਼ੀਸਦੀ ਦੇ ਕਰੀਬ ਆਬਾਦੀ ਅਰਬ ਲੋਕਾਂ ਦੀ ਹੈ, ਜਦੋਂ ਕਿ ਇੱਥੇ 43 ਫ਼ੀਸਦੀ ਦੇ ਕਰੀਬ ਏਸ਼ੀਆਈ ਮੁਲਕਾਂ ਤੋਂ ਆਏ ਲੋਕ ਵੱਸਦੇ ਹਨ। ਇਸਨੂੰ 15 ਅਗਸਤ 1971 ਨੂੰ ਬਰਤਾਨਵੀ ਸ਼ਾਸਨ ਤੋਂ ਆਜ਼ਾਦੀ ਹਾਸਿਲ ਹੋਈ ਸੀ।

ਬਹਿਰੀਨ ਨਾਲ ਭਾਰਤ ਦੇ ਲੋਕਾਂ ਦੇ ਰਿਸ਼ਤਿਆਂ ਦੀ ਜੇ ਗੱਲ ਕੀਤੀ ਜਾਵੇ ਤਾਂ ਹੈਰਾਨੀਜਨਕ ਤੱਥ ਜੋ ਸਾਹਮਣੇ ਆਉਂਦੇ ਹਨ। ਦੱਸਦੇ ਹਨ ਕਿ ਭਾਰਤੀਆਂ ਨਾਲ ਇਸ ਮੁਲਕ ਦਾ ਨਾਤਾ ਤਕਰੀਬਨ ਤਿੰਨ ਕੁ ਹਜ਼ਾਰ ਸਾਲ ਪੁਰਾਣਾ ਹੈ। ਇੱਥੋਂ ਦੀ 'ਦਿਲਮਨ ਸੱਭਿਅਤਾ' ਦੇ ਲੋਕਾਂ ਦੀ ਦਰਅਸਲ ਸਿੰਧੂ ਘਾਟੀ ਦੀ ਸੱਭਿਅਤਾ ਅਤੇ ਮੈਸੋਪੋਟਾਮੀਆ ਦੀ ਸੱਭਿਅਤਾ ਦੇ ਲੋਕਾਂ ਦਰਮਿਆਨ ਵਪਾਰਕ ਸਬੰਧ ਕਾਇਮ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਰਹੀ ਸੀ। ਫਿਰ ਵੀ ਤਾਜ਼ਾ ਦਸਤਾਵੇਜ਼ਾਂ ਅਨੁਸਾਰ ਸੰਨ 1925 ਤੱਕ 2500 ਦੇ ਕਰੀਬ ਭਾਰਤੀ ਨਾਗਰਿਕ ਇੱਥੇ ਪੁੱਜ ਚੁੱਕੇ ਸਨ ਤੇ ਉਸ ਕਾਲਖੰਡ ਵਿੱਚ ਪਹਿਲੇ-ਪਹਿਲ ਇੱਥੇ ਪੁੱਜਣ ਵਾਲੇ ਵਧੇਰੇ ਲੋਕ 'ਬਾਣੀਆ' ਭਾਵ ਵਪਾਰੀ ਬਿਰਤੀ ਵਾਲੇ ਸਨ; ਪਰ ਜਦੋਂ ਸੰਨ 1932 ਵਿੱਚ ਇੱਥੇ ਜ਼ਮੀਨਦੋਜ਼ ਤੇਲ ਮਿਲਣ ਦੀ ਜਾਣਕਾਰੀ ਮਿਲੀ ਤਾਂ ਇੱਥੇ ਕੰਮ ਕਰਨ ਲਈ ਮਜ਼ਦੂਰਾਂ ਦੀ ਲੋੜ ਇੱਕ ਦਮ ਵਧ ਗਈ। ਹੋਰ ਭਾਰਤੀ ਲੋਕਾਂ ਨੇ ਇੱਥੇ ਆਉਣਾ ਸ਼ੁਰੂ ਕਰ ਦਿੱਤਾ ਤੇ ਹੌਲੀ-ਹੌਲੀ ਇਹ ਸੰਖਿਆ ਵਧਦੀ ਗਈ ਤੇ ਅੱਜ ਇੱਥੇ ਵੱਸਣ ਵਾਲੇ ਭਾਰਤੀਆਂ ਦੀ ਕੁੱਲ ਗਿਣਤੀ 3,50,000 ਤੋਂ ਵੀ ਵੱਧ ਹੈ। ਇੱਥੇ ਆਉਣ ਵਾਲੇ ਭਾਰਤੀ ਲੋਕ ਵਧੇਰੇ ਕਰਕੇ ਬਤੌਰ ਕਾਰਪੇਂਟਰ, ਨਾਈ, ਵੈਲਡਰ, ਰਾਜ ਮਿਸਤਰੀ, ਅਧਿਆਪਕ, ਡਾਕਟਰ, ਅਕਾਊਂਟੈਂਟ ਅਤੇ ਫ਼ਾਰਮਾਸਿਸਟ ਆਪਣੀਆਂ ਸੇਵਾਵਾਂ ਪ੍ਰਦਾਨ ਕਰਦੇ ਹਨ। ਇੱਥੇ 15,000 ਦੇ ਕਰੀਬ ਭਾਰਤੀ ਲੋਕ ਜਿਨ੍ਹਾਂ ਵਿੱਚੋਂ ਜ਼ਿਆਦਾਤਰ ਔਰਤਾਂ ਹਨ, ਘਰੇਲੂ ਸੇਵਾਦਾਰਾਂ ਵਜੋਂ ਵੀ ਕੰਮ ਕਰਦੇ ਹਨ।

ਬਹਿਰੀਨ ਵਿੱਚ ਪੰਜਾਬੀਆਂ ਨੇ ਵੀ ਆਪਣੀ ਛਾਪ ਛੱਡਣ ਅਤੇ ਧਾਕ ਜਮਾਉਣ ਵਿੱਚ ਕੋਈ ਕਸਰ ਨਹੀਂ ਛੱਡੀ ਹੈ। ਜਨਵਰੀ 2015 ਵਿੱਚ ਇੱਥੇ 'ਪੰਜਾਬੀਜ਼ ਯੂਨਾਈਟਿਡ ਇਨ ਬਹਿਰੀਨ' ਨਾਮੀਂ ਸੰਸਥਾ ਦੀ ਸਥਾਪਨਾ ਕੀਤੀ ਗਈ ਸੀ, ਜਿਸ ਵਿੱਚ ਭਾਰਤ ਦੇ ਵੱਖ-ਵੱਖ ਸੂਬਿਆਂ ਤੋਂ ਆਏ ਪੰਜਾਬੀਆਂ ਨੂੰ ਇੱਕ ਮੰਚ 'ਤੇ ਇਕੱਤਰ ਕੀਤਾ ਗਿਆ ਸੀ ਤਾਂ ਜੋ ਸਮੂਹ ਪੰਜਾਬੀ ਵੱਖ-ਵੱਖ ਸਮਾਜਿਕ ਤੇ ਸਮਾਜ ਸੇਵੀ ਗਤੀਵਿਧੀਆਂ ਵਿੱਚ ਇਕੱਠਿਆਂ ਭਾਗ ਲੈ ਸਕਣ ਤੇ ਲੋਹੜੀ, ਵਿਸਾਖੀ, ਦੀਵਾਲੀ ਅਤੇ ਹੋਰ ਭਾਰਤੀ ਤਿਉਹਾਰ ਮਿਲ-ਜੁਲ ਕੇ ਮਨਾ ਸਕਣ। ਇਸ ਸੰਸਥਾ ਦੇ ਸੰਸਥਾਪਕ ਸੰਦੀਪ ਚੋਪੜਾ ਹਨ, ਜੋ ਸੰਨ 2010 ਤੋਂ ਬਹਿਰੀਨ ਵਿਖੇ ਰਹਿ ਰਹੇ ਹਨ। ਇਸ ਸੰਸਥਾ ਦੇ ਸ਼ੁਰੂ ਵਿੱਚ ਕੇਵਲ 250 ਮੈਂਬਰ ਸਨ, ਜਦੋਂ ਕਿ ਹੁਣ ਇਹ ਗਿਣਤੀ ਪੰਜ ਗੁਣਾ ਹੋ ਚੁੱਕੀ ਹੈ। ਇਹ ਸੰਸਥਾ ਖ਼ੂਨਦਾਨ ਕੈਂਪ ਲਾ ਕੇ ਲੋੜਵੰਦਾਂ ਲਈ ਖ਼ੂਨ ਇਕੱਤਰ ਕਰਨ ਦਾ ਪੁੰਨ ਦਾ ਕੰਮ ਵੀ ਕਰਦੀ ਹੈ।


ਜ਼ਿਕਰਯੋਗ ਹੈ ਕਿ ਵੱਖ-ਵੱਖ ਮਹੱਤਵਪੂਰਨ ਮੌਕਿਆਂ 'ਤੇ ਇਸ ਸੰਸਥਾ ਵੱਲੋਂ ਕਰਵਾਏ ਗਏ ਵਿਸ਼ੇਸ਼ ਸਮਾਗਮਾਂ ਵਿੱਚ ਇੱਥੇ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਕੇਂਦਰੀ ਮੰਤਰੀ ਰਾਜਨਾਥ ਸਿੰਘ, ਭਾਰਤੀ ਫ਼ੌਜ ਦੇ ਸਾਬਕਾ ਮੁਖੀ ਤੇ ਸਾਬਕਾ ਕੇਂਦਰੀ ਮੰਤਰੀ ਜਨਰਲ ਵੀ.ਕੇ. ਸਿੰਘ ਅਤੇ ਸਵਰਗੀ ਸੁਸ਼ਮਾ ਸਵਰਾਜ ਸਮੇਤ ਕਈ ਹੋਰ ਵੱਡੇ ਸਿਆਸੀ ਆਗੂ ਸ਼ਿਰਕਤ ਕਰ ਚੁੱਕੇ ਹਨ। ਇਸ ਸੰਸਥਾ ਦੀ ਇੱਕ ਵੱਡੀ ਖ਼ੂਬੀ ਇਹ ਵੀ ਹੈ ਕਿ ਇਸ ਸੰਸਥਾ ਦੇ ਸਮੂਹ ਮੈਂਬਰ ਅਤੇ ਅਹੁਦੇਦਾਰ ਬਹਿਰੀਨ ਵਿਖੇ ਪਹਿਲੀ ਵਾਰ ਆਉਣ ਵਾਲੇ ਭਾਰਤੀਆਂ ਦੀ ਹਰ ਸੰਭਵ ਮਦਦ ਲਈ ਸਦਾ ਤਿਆਰ ਰਹਿੰਦੇ ਹਨ ਤੇ ਉਨ੍ਹਾਂ ਨੂੰ ਇੱਕ ਪਲ ਲਈ ਵੀ ਇੱਥੇ ਇਕੱਲਾ ਜਾਂ ਪ੍ਰੇਸ਼ਾਨ ਨਹੀਂ ਹੋਣ ਦਿੰਦੇ ਹਨ। ਨਵੇਂ ਆਏ ਭਾਰਤੀ ਜਾਂ ਪੰਜਾਬੀ ਦੇ ਸੁੱਖ-ਚੈਨ ਲਈ ਇਸ ਸੰਸਥਾ ਦੇ ਸਮੂਹ ਮੈਂਬਰ ਨਿਸੁਆਰਥ ਭਾਵ ਨਾਲ ਸੇਵਾ ਕਰਦੇ ਹਨ।



ਬਹਿਰੀਨ ਦੇ ਗੁਰਦੁਆਰਾ ਸਾਹਿਬ ਸਲਮਾਬਾਦ ਵਿਖੇ ਪੰਜਾਬੀ ਰਸਾਲਾ 'ਗੂੰਜ' ਜਾਰੀ ਕਰਦਿਆਂ। ਇਸ ਮੌਕੇ ਗੁਰਦੁਆਰਾ ਕਮੇਟੀ, ਸਿੱਖ ਭਾਈਚਾਰੇ ਦੇ ਸਤਿਕਾਰਯੋਗ ਮਹਿਮਾਨ, ਮੀਡੀਆ ਦੇ ਨੁਮਾਇੰਦੇ, ਸ਼ੁਭਚਿੰਤਕ ਅਤੇ 'ਗੂੰਜ' ਦੀ ਟੀਮ ਹਾਜ਼ਰ ਸੀ। 'ਗੂੰਜ' ਬਹਿਰੀਨ ਵਿੱਚ ਪੰਜਾਬੀ ਵਿਰਸੇ ਦੀ ਗੂੰਜਦੀ ਆਵਾਜ਼ ਬਣਨ ਲਈ ਯਤਨਸ਼ੀਲ ਹੈ।

ਬਹਿਰੀਨ ਤੋਂ ਪ੍ਰਕਾਸ਼ਿਤ ਹੁੰਦੇ 'ਦਿ ਡੇਲੀ ਟ੍ਰਿਬਿਊਨ' ਨਾਮੀਂ ਅਖ਼ਬਾਰ ਵਿੱਚ ਨਾਮਵਰ ਪੱਤਰਕਾਰ ਮਾਹਿਰ ਹਨੀਫ਼ ਵੱਲੋਂ ਛਾਪੀ ਗਈ ਇੱਕ ਰਿਪੋਰਟ ਅਨੁਸਾਰ ਛੇ ਬੇਹੱਦ ਜ਼ਹੀਨ ਅਤੇ ਉੱਦਮੀ ਪੰਜਾਬਣਾਂ ਨੇ ਇੱਥੇ ਵੱਸਦੇ ਪੰਜਾਬੀ ਬੱਚਿਆਂ ਤੇ ਨੌਜਵਾਨਾਂ ਨੂੰ ਪੰਜਾਬੀ ਬੋਲੀ, ਵਿਰਸੇ ਤੇ ਸੱਭਿਆਚਾਰ ਨਾਲ ਜੋੜੀ ਰੱਖਣ ਦੇ ਮਕਸਦ ਨਾਲ 'ਪੰਜਾਬੀ ਵਿਰਸਾ' ਸਿਰਲੇਖ ਹੇਠ ਇੱਕ ਵਿਸ਼ੇਸ਼ ਲਹਿਰ ਅਰੰਭ ਕੀਤੀ ਹੈ, ਜੋ ਕਿ ਇਨ੍ਹਾਂ ਸੂਝਵਾਨ ਔਰਤਾਂ ਵੱਲੋਂ ਚੁੱਕਿਆ ਗਿਆ ਇੱਕ ਅਤਿਅੰਤ ਸ਼ਲਾਘਾਯੋਗ ਕਦਮ ਕਿਹਾ ਜਾ ਸਕਦਾ ਹੈ। ਇੱਥੇ ਵੱਸਦੇ ਪੰਜਾਬੀਆਂ ਅੰਦਰ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਰੰਗ ਨੂੰ ਕਾਇਮ ਕਰਨ ਹਿਤ ਯਤਨਸ਼ੀਲ ਇਨ੍ਹਾਂ ਪੰਜਾਬਣਾਂ ਵਿੱਚ ਰਮਨਪ੍ਰੀਤ ਪਰਵੀਨ ਇੱਕ ਮਨੋਵਿਗਿਆਨੀ ਹੋਣ ਦੇ ਨਾਲ-ਨਾਲ ਇੱਕ ਉੱਘੀ ਲੇਖਿਕਾ ਅਤੇ ਨਿਰਦੇਸ਼ਿਕਾ ਵੀ ਹੈ। ਉਕਤ ਲਹਿਰ ਸਿਰਜਣ ਦਾ ਇਹ ਸੁਫ਼ਨਾ ਸਭ ਤੋਂ ਪਹਿਲਾਂ ਰਮਨਪ੍ਰੀਤ ਨੇ ਹੀ ਵੇਖਿਆ ਸੀ ਤੇ ਉਸ ਵੱਲੋਂ ਬਹਿਰੀਨ ਦੀ ਧਰਤੀ 'ਤੇ ਪੰਜਾਬੀ ਵਿਰਸੇ ਅਤੇ ਸੱਭਿਆਚਾਰ ਨੂੰ ਪ੍ਰਫੁੱਲਿਤ ਕਰਨ ਲਈ ਅੱਜ ਤੋਂ ਸਾਲ ਕੁ ਪਹਿਲਾਂ ਵੇਖੇ ਗਏ ਉਸ ਸੁਫ਼ਨੇ ਨੂੰ ਸਾਕਾਰ ਕਰਨ ਲਈ ਜਿਹੜੇ ਹੋਰ ਹੱਥ ਨਾਲ ਆ ਰਲ਼ੇ ਹਨ, ਉਨ੍ਹਾਂ ਵਿੱਚ ਵਪਾਰਕ ਉੱਦਮੀ ਮਨਦੀਪ ਕੌਰ ਗਿੱਲ, ਦੰਦਾਂ ਦੇ ਰੋਗਾਂ ਦੀ ਮਾਹਿਰ ਡਾ. ਗੁਰਪ੍ਰੀਤ ਕੌਰ, ਬਿਹਤਰੀਨ ਜੀਵਨ ਸ਼ੈਲੀ ਸਿਖਾਉਣ ਦੀ ਉਸਤਾਦ ਡਾ. ਤੇਜਿੰਦਰ ਕੌਰ ਸਰਨਾ, ਅਧਿਆਪਕਾ ਮਨਪ੍ਰੀਤ ਕੌਰ ਰਾਣਾ ਅਤੇ ਇਲੈਕਟ੍ਰੋਹੋਮਿਓਪੈਥੀ ਮਾਹਿਰ ਹਰਮਿੰਦਰ ਕੌਰ ਗਾਬਾ ਜਿਹੀਆਂ ਨਾਮਵਰ ਸ਼ਖ਼ਸੀਅਤਾਂ ਸ਼ਾਮਿਲ ਹਨ।

ਔਰਤਾਂ ਦੇ ਇਸ ਸਮੂਹ ਨੂੰ ਵੱਖ-ਵੱਖ ਗੁਰਦੁਆਰਾ ਕਮੇਟੀਆਂ ਅਤੇ ਹੋਰ ਪੰਜਾਬੀ ਪਰਿਵਾਰਾਂ ਵੱਲੋਂ ਭਰਪੂਰ ਸਹਿਯੋਗ ਪ੍ਰਦਾਨ ਕੀਤਾ ਜਾ ਰਿਹਾ ਹੈ। ਬੱਚਿਆਂ ਤੇ ਨੌਜਵਾਨਾਂ ਨੂੰ ਪੰਜਾਬੀ ਮਾਂ ਬੋਲੀ, ਸਿੱਖ ਇਤਿਹਾਸ, ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਅਤੇ ਪੰਜਾਬੀ ਵਿਰਸੇ ਦੀ ਮਹਾਨਤਾ ਤੋਂ ਜਾਣੂ ਕਰਵਾਉਣ ਲਈ ਇਹ ਮਹਿਲਾਵਾਂ ਬੜੇ ਹੀ ਯੋਜਨਾਬੱਧ ਢੰਗ ਨਾਲ ਵੱਖ-ਵੱਖ ਸਿਖਾਉਣ ਤਕਨੀਕਾਂ ਦਾ ਸਹਾਰਾ ਲੈ ਰਹੀਆਂ ਹਨ। ਪੰਜਾਬੀ ਬੋਲੀ, ਵਿਰਸੇ ਅਤੇ ਸੱਭਿਆਚਾਰ ਨੂੰ ਤਨ, ਮਨ, ਧਨ ਨਾਲ ਸਮਰਪਿਤ ਔਰਤਾਂ ਦੀ ਇਸ ਟੀਮ ਨੇ ਇੱਥੇ ਪਹਿਲਾ ਪੰਜਾਬੀ ਰਸਾਲਾ 'ਗੂੰਜ' ਰਿਲੀਜ਼ ਕਰਨ ਦਾ ਅਤਿ-ਸ਼ਲਾਘਾਯੋਗ ਉਪਰਾਲਾ ਵੀ ਕੀਤਾ ਹੈ। ਆਪਣੀਆਂ ਵਰਤਮਾਨ ਅਤੇ ਆਉਣ ਵਾਲੀਆਂ ਨਸਲਾਂ ਨੂੰ ਆਪਣੀਆਂ ਜੜ੍ਹਾਂ ਨਾਲ ਜੋੜੀ ਰੱਖਣ ਲਈ 'ਪੰਜਾਬੀ ਵਿਰਸਾ' ਦੀ ਸਮੁੱਚੀ ਟੀਮ ਬੜੀ ਹੀ ਤਨਦੇਹੀ ਨਾਲ ਕੰਮ ਕਰ ਰਹੀ ਹੈ।



'ਗੂੰਜ' ਰਸਾਲਾ ਦੀਆਂ ਪ੍ਰਬੰਧਕ ਬੀਬੀਆਂ

## ਸੰਸਾਰ ਭਰ ਵਿੱਚ ਮਨੁੱਖੀ ਤਸਕਰੀ ਤਹਿਤ 40 ਮਿਲੀਅਨ ਲੋਕ ਪੀੜਤ

ਲੜਕੀ ਨਵੰਬਰ 2022 ਨੂੰ ਆਪਣੇ ਅਪਾਰਟਮੈਂਟ ਕੰਪਲੈਕਸ ਤੋਂ ਲਾਪਤਾ ਹੋ ਗਈ ਸੀ। ਉਸ ਦੀਆਂ ਅਸ਼ਲੀਲ ਤਸਵੀਰਾਂ ਖਿੱਚੀਆਂ ਗਈਆਂ ਅਤੇ ਜਿਨਸੀ ਸੇਵਾਵਾਂ ਲਈ ਆਨਲਾਈਨ ਵਿਗਿਆਪਨ ਪੋਸਟ ਕੀਤੇ ਗਏ ਸਨ। ਬੱਚੀ ਨੇ ਜਾਂਚਕਰਤਾਵਾਂ ਨੂੰ ਦੱਸਿਆ ਕਿ ਕਈ ਮੌਕਿਆਂ 'ਤੇ ਉਸ ਨਾਲ ਸਰੀਰਕ ਸੋਸ਼ਣ ਕੀਤਾ ਗਿਆ ਅਤੇ ਧਮਕੀਆਂ ਦਿੱਤੀਆਂ ਗਈਆਂ। ਸੰਘੀ ਅਦਾਲਤ ਨੇ ਅਜਿਹੀ ਤਸਕਰੀ ਵਿੱਚ ਸ਼ਾਮਲ ਕਿਸੇ ਵੀ ਵਿਅਕਤੀ 'ਤੇ ਸਖਤੀ ਨਾਲ ਮੁਕੱਦਮਾ ਚਲਾਏ ਜਾਣ ਦੀ ਗੱਲ ਕਹੀ ਹੈ।

ਇਸੇ ਦੌਰਾਨ ਪਰਵਾਸੀ ਤਸਕਰੀ ਯੋਜਨਾ ਵਿੱਚ ਇੱਕ ਹਥਿਆਰਬੰਦ ਮੁਲਜ਼ਿਮ ਨੂੰ 78 ਮਹੀਨੇ ਦੀ ਸਜ਼ਾ ਸੁਣਾਈ ਗਈ ਹੈ। ਅਪਰਾਧ ਵਿੱਚ ਸ਼ਾਮਲ ਵਿਅਕਤੀ ਵਿਰੁੱਧ ਗੈਰ-ਕਾਨੂੰਨੀ ਪਰਵਾਸੀਆਂ ਨੂੰ ਲਿਜਾਣ ਅਤੇ ਗੈਰ-ਕਾਨੂੰਨੀ ਤੌਰ 'ਤੇ ਹਥਿਆਰ ਰੱਖਣ ਦੇ ਦੋਸ਼ ਤਹਿਤ ਸੰਘੀ ਜੇਲ੍ਹ ਵਿੱਚ 78 ਮਹੀਨਿਆਂ ਦੀ ਸਜ਼ਾ ਦਾ ਹੁਕਮ ਹੈ। ਜ਼ਿਕਰਯੋਗ ਹੈ ਕਿ ਸੰਘੀ ਪ੍ਰਣਾਲੀ ਵਿੱਚ ਕੋਈ ਪੈਰੋਲ ਨਹੀਂ ਹੈ। ਅਦਾਲਤੀ ਦਸਤਾਵੇਜ਼ਾਂ ਅਨੁਸਾਰ ਉਸ ਨੂੰ ਜਨਵਰੀ 2023 ਨੂੰ ਇੱਕ ਯੂ.ਐਸ. ਬਾਰਡਰ ਪੈਟਰੋਲ ਏਜੰਟ ਨੇ ਲਾਸ ਕਰੂਸ, ਨਿਊ ਮੈਕਸੀਕੋ ਦੇ ਨੇੜੇ ਹਾਈਵੇਅ 185 'ਤੇ ਉੱਤਰ ਵੱਲ ਜਾਂਦਿਆਂ ਗ੍ਰਿਫਤਾਰ ਕੀਤਾ ਸੀ। ਉਸ ਨੂੰ ਪੈਸੇ ਲਈ ਗੈਰ-ਕਾਨੂੰਨੀ ਪਰਵਾਸੀ ਲੋਕਾਂ ਨੂੰ ਯੂ.ਐਸ. ਵਿੱਚ ਪਹੁੰਚਾਉਣ ਦਾ ਦੋਸ਼ੀ ਮੰਨਿਆ ਗਿਆ।

ਇਸ ਤੋਂ ਇਲਾਵਾ ਪੈਨਸਿਲਵੇਨੀਆ ਦੇ ਇੱਕ ਵਿਅਕਤੀ 'ਤੇ ਏਲੀਅਨ ਤਸਕਰੀ ਅਤੇ ਮਨੁੱਖੀ ਤਸਕਰੀ ਦਾ ਦੋਸ਼ ਹੈ। ਪੰਜ ਸ਼੍ਰੀਲੰਕਾਈ ਨਾਗਰਿਕਾਂ ਲਈ ਟੂਰਿਸਟ ਵੀਜ਼ਾ ਦਾ ਭੁਗਤਾਨ ਕਰਨ ਲਈ ਉਟਾਹ ਦੀ ਯਾਤਰਾ ਕਰਨ ਤੋਂ ਬਾਅਦ ਦੋਸ਼ੀ ਨੂੰ ਗ੍ਰਿਫਤਾਰ ਕੀਤਾ ਗਿਆ। ਇੱਕ ਸੰਘੀ ਗ੍ਰੈਂਡ ਜਿਊਰੀ ਨੇ ਪੈਨਸਿਲਵੇਨੀਆ ਵਿੱਚ ਰਹਿਣ ਵਾਲੇ ਕਥਿਤ ਮੁਲਜ਼ਮ ਸ਼ਿਵਰਾਮਲਿੰਗਮ, ਜਿਸਨੇ ਸੰਯੁਕਤ ਰਾਸ਼ਟਰ ਵਿੱਚ ਵਿਦੇਸ਼ੀ ਨਾਗਰਿਕਾਂ ਦੀ ਗੈਰ-ਕਾਨੂੰਨੀ ਤਸਕਰੀ ਨੂੰ ਉਤਸ਼ਾਹਿਤ ਕੀਤਾ, ਵਿਰੁੱਧ ਵੀਜ਼ਾ ਲਈ ਭੁਗਤਾਨ ਕਰਨ ਅਤੇ ਹੋਰ ਗਤੀਵਿਧੀਆਂ ਕਰਨ ਦਾ ਦੋਸ਼ ਹੈ ਕਿ ਉਹ ਭਾਰਤ ਅਤੇ ਸ਼੍ਰੀਲੰਕਾ ਤੋਂ ਅਮਰੀਕਾ ਵਿੱਚ ਵਿਦੇਸ਼ੀ ਨਾਗਰਿਕਾਂ ਦੀ ਤਸਕਰੀ ਕਰਦਾ ਰਿਹਾ ਹੈ। ਉਸ ਉਤੇ ਅਣਇੱਛਤ ਸੇਵਾ ਅਤੇ ਜਬਰੀ ਮਜ਼ਦੂਰੀ ਦੇ ਸਬੰਧ ਵਿੱਚ ਏਲੀਅਨ ਤਸਕਰੀ ਦਾ ਦੋਸ਼ ਹੈ।

*-ਪੰਜਾਬੀ ਪਰਵਾਜ਼ ਬਿਊਰੋ*

## ਉਮੀਦ

*ਹਰਪ੍ਰੀਤ ਸਿੰਘ ਗਿੱਲ*
*ਬਾਲਟੀਮੋਰ, ਮੈਰੀਲੈਂਡ।*

ਇਹ ਆਸਾਂ ਉਮੀਦਾਂ, ਤੇ ਖ਼ਾਬਾਂ ਦੀ ਦੁਨੀਆਂ
ਦੀਨਾਂ ਦੁਖੀਆਂ, ਤੇ ਨਵਾਬਾਂ ਦੀ ਦੁਨੀਆਂ
ਜੇ ਅੱਡੇਗਾਂ ਹੱਥਾਂ ਨੂੰ ਅੱਡੇ ਹੀ ਰਹਿਣੇ
ਜੋ ਅੱਗੇ ਨੇ ਤੈਥੋਂ ਉਹ ਅੱਗੇ ਹੀ ਰਹਿਣੇ
ਐਨਾਂ ਹੱਥਾਂ ਨੂੰ ਕੰਮਾਂ ਦੇ ਧੰਦੇ 'ਤੇ ਲਾ ਲੈ
ਫੇਰ ਦੇਖੀਂ ਇਹ ਦੇਖੂ ਜਨਾਬਾਂ ਦੀ ਦੁਨੀਆਂ
ਇਹ ਆਸਾਂ ਉਮੀਦਾਂ, ਤੇ ਖ਼ਾਬਾਂ ਦੀ ਦੁਨੀਆਂ

ਇਨ੍ਹਾਂ ਹੱਥਾਂ ਨੂੰ ਜੋੜ ਅਰਦਾਸਾਂ ਜੇ ਕਰੀਏ
ਇਨ੍ਹਾਂ ਬੰਦਿਆਂ ਤੋਂ ਨਹੀਂ ਪਰ ਰੱਬੋਂ ਜੇ ਡਰੀਏ
ਜੇ ਨੀਅਤਾਂ ਨੇ ਨੇਕ ਹਰ ਖੇਤਰ ਫਤਿਹ ਹੈ
ਸੱਚਾਈ ਤੇ ਮੇਹਨਤ ਹਮੇਸ਼ਾ ਅਜੇਅ ਹੈ
ਇਨ੍ਹਾਂ ਹੱਥਾਂ ਨੂੰ ਜੋੜੀਂ ਨਾ ਬੰਦਿਆਂ ਦੇ ਅੱਗੇ
ਇਹ ਹੱਸਦੀ ਏ ਭੈੜੀ, ਫਸਾਦਾਂ ਦੀ ਦੁਨੀਆਂ
ਇਹ ਆਸਾਂ ਉਮੀਦਾਂ, ਤੇ ਖ਼ਾਬਾਂ ਦੀ ਦੁਨੀਆਂ
ਦੀਨਾਂ ਦੁਖੀਆਂ, ਤੇ ਨਵਾਬਾਂ ਦੀ ਦੁਨੀਆਂ।

## ਸਾਡੇ ਪਿੰਡ

*ਸ਼ਰੂਤੀ ਮੁੰਜਾਲ*

ਪਿੰਡਾਂ ਦੇ ਪੰਜਾਬੀ ਲੋਕ,
ਹੁੰਦੇ ਨੇ ਨਵਾਬੀ ਲੋਕ।
ਭੋਲੇ ਹੁੰਦੇ ਦਿਲ ਦੇ ਉਹ,
ਦਲੇਰੀ ਦੇ ਨਾਲ ਲੈਂਦੇ ਮੋਹ।

ਰੱਬ ਦੀ ਰਜ਼ਾ ਦੇ ਵਿੱਚ ਰਹਿੰਦੇ,
ਮਾੜਾ ਬੋਲ ਨਾ ਕਿਸੇ ਨੂੰ ਕਹਿੰਦੇ।
ਮਦਦ ਕਰਨ ਨੂੰ ਰਹਿਣ ਤਿਆਰ,
ਇਨਸਾਨੀਅਤ ਦੇ ਹਨ ਅਵਤਾਰ।

ਰੱਬ ਅੱਜ ਵੀ ਪਿੰਡਾਂ ਵਿੱਚ ਵਸਦਾ,
ਖੇਤਾਂ ਦੇ ਵਿੱਚ ਫਸਲਾਂ ਵਿੱਚ ਹੱਸਦਾ।
ਆਓ ਮੁੜ ਸਾਂਭੀਏ ਆਪਣੇ ਪਿੰਡ,
ਲੰਮੇਰੀ ਕਰੀਏ ਆਪਣੀ ਜਿੰਦ।
ਖੁੱਲ੍ਹੀ ਹਵਾ ਦੇ ਲਈ ਬੁੱਲੇ,
ਸਾਂਭ ਲਓ ਜੋ ਬੇਰ ਨੇ ਡੁੱਲੇ।

## 'ਪੂਰ ਬੇੜੀ ਦਾ ਤ੍ਰਿੰਵਣ ਦੀਆਂ ਕੁੜੀਆਂ, ਸਬੱਬ ਨਾਲ ਹੋਵਣ 'ਕੱਠੀਆਂ'

# ਪੀ.ਏ.ਓ. ਦੇ ਤੀਆਂ ਦੇ ਮੇਲੇ 'ਚ ਪਿਆ ਗਿੱਧੇ ਦਾ ਧਮੱਚੜ

**ਸ਼ਿਕਾਗੋ (ਕੁਲਜੀਤ ਦਿਆਲਪੁਰੀ):** ਪੰਜਾਬੀ ਅਮੈਰਿਕਨ ਆਰਗੇਨਾਈਜੇਸ਼ਨ (ਪੀ.ਏ.ਓ.) ਦੇ 20ਵੇਂ ਸਾਲਾਨਾ ਪ੍ਰੋਗਰਾਮ 'ਤੀਆਂ ਦਾ ਮੇਲਾ' ਵਿੱਚ ਇਕੱਤਰ








ਹੋਈਆਂ ਸੁਆਣੀਆਂ, ਮੁਟਿਆਰਾਂ, ਬੇਬੇਆਂ ਤੇ ਬੱਚੀਆਂ ਨੇ ਵੱਖ-ਵੱਖ ਪੇਸ਼ਕਾਰੀਆਂ ਰਾਹੀਂ ਖੂਬ ਤੀਆਂ ਮਨਾਈਆਂ। ਦਿਲਚਸਪ ਨਜ਼ਾਰਾ ਇਹ ਸੀ ਕਿ ਤੀਆਂ ਦਾ ਮੇਲਾ ਸਮਾਪਤ ਹੋ ਗਿਆ ਸੀ, ਪਰ ਬੀਬੀਆਂ ਅਖੀਰ ਤੱਕ ਵੀ ਗਿੱਧੇ ਦੇ ਪਿੜ ਵਿੱਚ ਬੋਲੀਆਂ 'ਤੇ ਗਿੱਧਾ ਪਾਉਂਦੀਆਂ ਰਹੀਆਂ; ਹਾਲਾਂਕਿ ਬੈਂਕੁਇਟ ਹਾਲ ਦੇ ਮੁਲਾਜ਼ਮ ਕਾਰਿੰਦੇ ਖਾਲੀ ਹੋਈਆਂ ਕੁਰਸੀਆਂ ਅਤੇ ਸਟੇਜ 'ਤੇ ਲੱਗੇ ਬੈਨਰ ਤੇ ਹੋਰ ਸਜਾਵਟ ਵਾਲਾ ਸਮਾਨ ਇਕੱਠਾ ਕਰਨ ਲੱਗ ਪਏ ਸਨ। ਇਹ ਮੇਲਾ ਸਿਰਫ ਬੀਬੀਆਂ ਲਈ ਸੀ, ਇਸ ਕਰ ਕੇ ਉਹ ਖੁੱਲ੍ਹ ਕੇ ਨੱਚੀਆਂ, ਟੱਪੀਆਂ ਅਤੇ ਗਾਉਣ, ਖਾਸ ਕਰ ਬੋਲੀਆਂ ਪਾਉਣ ਦਾ ਚਾਅ ਬੇਝਿਜਕ ਪੂਰਾ ਕੀਤਾ। ਪਹਿਲਾਂ ਕੁਝ ਕੁਝ ਝਿਜਕਦੀਆਂ ਰਹੀਆਂ, ਪਰ ਫੇਰ ਨੱਚ ਨੱਚ ਖੂਬ ਰੌਣਕ ਲਾਈ। ਬੀਬੀਆਂ ਨੇ ਸਿਰ 'ਤੇ ਰੱਖ ਜਾਗੋ ਵੀ ਕੱਢੀ। ਸ਼ਿੰਗਾਰਿਆ ਖਾਲੀ ਛੱਜ ਛੱਟਿਆ, ਪੱਖੀਆਂ ਦੀ ਝੱਲ ਮਾਰੀ, ਗੜਵੀ ਤੇ ਬਾਲਟੀਆਂ ਚੁੱਕੀਆਂ, ਕਿੱਕਲੀ ਪਾਈ ਤੇ ਘੁੰਗਰੂਆਂ ਵਾਲਾ ਖੂੰਡਾ ਖੜਕਾਇਆ। ਗਿੱਧੇ ਨੂੰ ਲੋਹੜਾ ਆਇਆ ਪਿਆ ਸੀ ਤੇ ਕਿੱਕਲੀ ਜ਼ੋਰ ਵਿਖਾ ਰਹੀ ਸੀ।

ਪ੍ਰਬੰਧਕ ਬੀਬੀਆਂ ਵੱਲੋਂ ਸਟੇਜ ਨੂੰ ਪੂਰੀ ਤਰ੍ਹਾਂ ਸਜਾਇਆ ਹੋਇਆ ਸੀ। ਮੇਲੇ ਵਿੱਚ ਪਹੁੰਚੀਆਂ ਸਭ ਜਣੀਆਂ ਪੂਰੇ ਹਾਰ-ਸ਼ਿੰਗਾਰ ਲਾ ਕੇ ਤੇ ਰਵਾਇਤੀ ਪੰਜਾਬੀ ਪਹਿਰਾਵੇ ਵਿੱਚ ਸਜੀਆਂ ਹੋਈਆਂ ਸਨ। ਰੰਗ-ਬਰੰਗੇ ਸੂਟਾਂ,







ਲਹਿੰਗਿਆਂ, ਸ਼ਰਾਰਿਆਂ, ਫੁਲਕਾਰੀਆਂ, ਚੁੰਨੀਆਂ ਤੇ ਹੋਰ ਨਵੇਂ-ਨਵੇਂ ਫੈਸ਼ਨਾਂ ਵਾਲੇ ਪੰਜਾਬੀ ਪਹਿਰਾਵਿਆਂ ਕਾਰਨ ਹਾਲ ਅੰਦਰ ਹੀ ਸਤਰੰਗੀ ਪੀਂਘ ਪਈ ਹੋਈ ਸੀ। ਉਂਜ ਨਾ ਕੋਈ ਪਿੱਪਲ ਸੀ, ਨਾ ਬਰੋਟੇ ਤੇ ਨਾ ਹੀ ਨਿੰਮਾਂ ਸਨ; ਪਰ ਇੱਕ ਝੂਲੇ ਨੂੰ ਹੀ ਪੀਂਘ ਜਾਣ ਬੀਬੀਆਂ/ਕੁੜੀਆਂ ਨਾਲੇ ਉਹਦੇ 'ਤੇ ਬੈਠ ਝੂਟ ਰਹੀਆਂ ਸਨ ਅਤੇ ਨਾਲ ਹੀ ਵੱਖ ਵੱਖ ਪੋਜ਼ ਬਣਾ ਤਸਵੀਰਾਂ ਖਿੱਚਵਾ ਰਹੀਆਂ ਸਨ।

ਮੇਲੇ ਦੌਰਾਨ ਮਨੋਰੰਜਨ ਲਈ ਢੋਲ ਦੀ ਥਾਪ 'ਤੇ ਬੋਲੀਆਂ ਤੇ ਗੀਤ ਸਨ; 'ਮੁਟਿਆਰਾਂ ਸਾਊਥ-ਵੈਸਟ ਦੀਆਂ' ਟੀਮ ਦਾ ਧਮੱਚੜ ਪਾਉਂਦਾ ਗਿੱਧਾ ਸੀ ਤੇ 'ਮਜਾਜਣਾਂ ਸ਼ਿਕਾਗੋ ਦੀਆਂ' ਤੇ ਸਵਾਤੀ ਵੱਲੋਂ ਡਾਂਸ ਦੀਆਂ ਪੇਸ਼ਕਾਰੀਆਂ ਸਨ। ਇੱਕ ਗਿੱਧਾ ਟੀਮ ਨੇ ਰਿਕਾਰਡ ਬੋਲੀਆਂ ਉਤੇ ਗਿੱਧਾ ਪੇਸ਼ ਕਰ ਕੇ ਬੁੱਤਾ ਸਾਰ ਲਿਆ, ਉਂਜ ਗਿੱਧਾ ਪਾਇਆ ਖੂਬ। ਮੇਲੇ ਦਾ ਵਿਸ਼ੇਸ਼ ਆਕਰਸ਼ਣ 'ਸ਼ੌਂਕਣ ਮੇਲੇ ਦੀ' ਸੀ, ਜਿਸ ਵਿੱਚ ਕਈ ਬੀਬੀਆਂ ਨੇ ਹਿੱਸਾ ਲਿਆ। ਰੂਪਇੰਦਰ ਕੌਰ ਢੀਂਡਸਾ 'ਸ਼ੌਂਕਣ ਮੇਲੇ ਦੀ' ਜੇਤੂ ਐਲਾਨੀ ਗਈ। ਉਸ ਦਾ ਉਚੇਚਾ ਸਨਮਾਨ ਕੀਤਾ ਗਿਆ। ਲਾਡੀ ਕੇ. ਸਿੰਘ, ਰਾਜ ਧਾਲੀਵਾਲ ਤੇ ਸੁਖਵੀਰ ਕੌਰ ਢਿੱਲੋਂ ਨੇ ਜੱਜਾਂ ਦੀ ਭੂਮਿਕਾ ਨਿਭਾਈ।

ਇਸ ਤੋਂ ਇਲਾਵਾ 'ਸ਼ੋਅ ਆਫ ਟੈਲੇਂਟ ਸ਼ਿਕਾਗੋ' ਦੌਰਾਨ ਵੀ ਕਈ ਜਣੀਆਂ ਪਿੱਛੇ ਨਾ ਰਹੀਆਂ ਤੇ ਆਪਣੇ ਟੈਲੇਂਟ ਦਾ ਜ਼ਾਹਰਾ ਤੌਰ 'ਤੇ ਇਜ਼ਹਾਰ ਕੀਤਾ। ਬੀਬੀਆਂ ਦੀ 'ਸਪੂਨ ਰੇਸ' ਵੀ ਹੋਈ, ਜਿਸ ਵਿੱਚ ਰਾਜਵਿੰਦਰ ਕੌਰ ਜੇਤੂ ਰਹੀ। ਬੀਬੀਆਂ ਨੂੰ ਦਿਲਚਸਪ ਖੇਡਾਂ ਵੀ ਖਿਡਾਈਆਂ ਗਈਆਂ। ਹਾਲ ਦੇ ਅੰਦਰ ਖਰੀਦੋ-ਫਰੋਖਤ ਦੇ ਕਈ ਸਟਾਲ ਲੱਗੇ ਹੋਏ ਸਨ। ਤਰ੍ਹਾਂ ਤਰ੍ਹਾਂ ਦੇ ਬਨਾਉਟੀ ਗਹਿਣੇ, ਸਾਦੀਆਂ ਤੇ ਤਿੱਲੇ ਦੀ ਕਢਾਈ ਵਾਲੀਆਂ ਜੁੱਤੀਆਂ, ਮਹਿੰਗੇ-ਸਸਤੇ ਸੂਟਾਂ ਤੇ ਹੋਰ ਪਹਿਰਾਵਿਆਂ ਅਤੇ ਕਈ ਕਿਸਮ ਦੀ ਸਾਜ-ਸਜਾਵਟ ਵਾਲੇ ਸਮਾਨ ਦੇ ਸਟਾਲ ਸਨ। ਹੱਥਾਂ 'ਤੇ ਮਹਿੰਦੀ ਲੁਆ ਕੇ ਬੀਬੀਆਂ ਖੁਸ਼ ਸਨ।

ਪ੍ਰੋਗਰਾਮ ਦਾ ਮੰਚ ਸੰਚਾਲਨ ਜਯੋਤੀ ਸ਼ਰਮਾ ਨੇ ਬਾਖੂਬੀ ਕੀਤਾ। ਉਸ ਨੇ ਗੀਤ ਗਾਏ, ਬੋਲੀਆਂ ਪਾਈਆਂ ਅਤੇ ਸ਼ੇਅਰੋ-ਸ਼ਾਇਰੀ ਤੇ ਫਿਲਮੀ ਸੰਵਾਦਾਂ ਰਾਹੀਂ ਤੀਆਂ ਮਨਾਉਣ ਜੁੜੀਆਂ ਪੰਜਾਬਣਾਂ ਦਾ ਧਿਆਨ ਖਿੱਚਿਆ। ਆਪਣੀ ਕਲਾ ਦੇ ਪ੍ਰਦਰਸ਼ਨ ਨਾਲ ਉਸ ਨੇ ਤੀਆਂ ਦੇ ਮੇਲੇ ਨੂੰ ਰੰਗਾਰੰਗ ਬਣਾਈ ਰੱਖਿਆ। ਜ਼ਿਕਰਯੋਗ ਹੈ ਕਿ ਜਯੋਤੀ ਸ਼ਰਮਾ ਪਹਿਲਾਂ ਫਿਲਮਾਂ/ਨਾਟਕਾਂ ਵਿੱਚ ਕੰਮ ਕਰਦੀ ਰਹੀ ਹੈ ਅਤੇ ਉਸ ਨੂੰ ਗਾਉਣ ਦਾ ਵੀ ਸ਼ੌਕ ਹੈ। ਮਿਲਵਾਕੀ ਤੋਂ ਆਈ ਗਾਇਕਾ ਪੂਜਾ ਧਾਲੀਵਾਲ ਨੇ ਆਪਣੇ ਗੀਤਾਂ ਰਾਹੀਂ ਬੀਬੀਆਂ ਦਾ ਮਨੋਰੰਜਨ ਕੀਤਾ।

ਇਸ ਵਾਰ ਦੇ ਤੀਆਂ ਦੇ ਮੇਲੇ ਦੀ ਖਾਸੀਅਤ ਇਹ ਰਹੀ ਕਿ ਜਵਾਨ-ਜਹਾਨ ਤਾਂ ਅੱਥਰੀਆਂ ਫਿਰਦੀਆਂ ਹੀ ਸਨ, ਸਗੋਂ ਬਜ਼ੁਰਗ ਬੀਬੀਆਂ ਨੇ ਵੀ ਬੋਲੀਆਂ ਚੜ੍ਹਦੀ ਵਰੇਸ ਵਾਲੀਆਂ ਪਾ ਕੇ ਚਿੱਤ ਰਾਜ਼ੀ ਕੀਤਾ। ਇੱਕ ਬੇਬੇ ਨੇ ਬੋਲੀ ਚੁੱਕੀ:

ਊਠਾਂ ਵਾਲਿਓ ਵੇ ਊਠ ਲੱਦੇ ਨੇ ਤਿਲਾਂ ਦੇ
ਮੰਨਣੀ ਨਹੀਂ ਤੇਰੀ, ਸੌਦੇ ਹੋਣਗੇ ਦਿਲਾਂ ਦੇ।

ਫਿਰ ਉਹਨੇ ਗਿੱਧੇ 'ਚ ਗੇੜਾ ਦਿੱਤਾ ਅਤੇ ਨਾਲ ਦੀਆਂ ਵੀ ਝੁਰਮਟ ਪਾ ਨੱਚਣ ਲੱਗੀਆਂ। ਬੋਲੀਆਂ ਸੁਣ ਕੇ ਇੱਕ ਬੇਬੇ ਬੋਲੀ, 'ਬਈ ਇੱਕ ਤੋਂ ਇੱਕ ਵੱਧ ਐ।' ਨਾਲ ਹੀ ਮੰਚ ਸੰਚਾਲਕਾ ਹੱਲਾਸ਼ੇਰੀ ਦਿੰਦੀ ਰਹੀ, 'ਜਿਨ੍ਹਾਂ ਨੇ ਬੋਲੀ ਨਹੀਂ ਪਾਈ, ਛੇਤੀ ਛੇਤੀ ਪਾ ਲਓ... ਚੱਕ ਦਿਓ ਫੱਟੇ...।' ਇਸੇ ਦੌਰਾਨ ਇੱਕ ਹੋਰ ਬੇਬੇ ਨੇ ਬੋਲੀ ਚੁੱਕ ਲਈ:

ਓ ਵੇਖੋ ਸਈਓ ਮੇਰੀ ਮਾਂ ਬੋਲੀ ਆਉਂਦੀ ਐ
ਹੱਥਾਂ ਵਿੱਚ ਲੱਡੂ, ਪਿੱਛੇ ਨੂੰਹਾਂ ਲਈ ਆਉਂਦੀ ਐ।

ਫਿਰ ਇੱਕ ਹੋਰ ਬੇਬੇ ਨੇ ਆਪਣਾਂ ਨਾਂ ਦੱਸਦਿਆਂ ਬੋਲੀ ਪਾਈ, 'ਹਰੀ ਚੌਂਕੀ, ਪੀਲੀ ਚੌਂਕੀ; ਮੇਰੇ ਬਾਪ ਦਾ ਜਵਾਈ ਬੜਾ ਸ਼ੌਂਕੀ।' ਇੰਨੇ ਨੂੰ ਇੱਕ ਹੋਰ ਬੀਬੀ ਨੇ ਬਾਹਾਂ ਉਤਾਂਹ ਕਰਦਿਆਂ 'ਕਦੇ ਹੂੰ ਕਰ ਕੇ, ਕਦੇ ਹਾਂ ਕਰ ਕੇ, ਗੇੜਾ ਦੇ ਦੇ ਨੀ ਮੁਟਿਆਰੇ ਲੰਮੀ ਬਾਂਹ ਕਰ ਕੇ' ਬੋਲੀ ਪਾਈ ਤਾਂ ਸਭ ਬਾਂਹਾਂ ਚੁੱਕ ਚੁੱਕ ਨੱਚਣ ਲੱਗ ਪਈਆਂ। ਬੇਬੇਆਂ ਨੂੰ ਆਪਣੀ ਢਲਦੀ ਉਮਰ ਭੁੱਲ ਗਈ ਲੱਗਦੀ ਸੀ। ਅਸਲ ਵਿੱਚ ਜਦੋਂ ਦਿਲ ਵਿੱਚ ਚਾਅ ਤੇ ਉਮੰਗਾਂ ਹੋਣ ਤਾਂ ਸੁਭਾਅ ਵਿੱਚੋਂ ਖੇੜਾ ਝਲਕ ਆਉਣਾ ਸੁਭਾਵਿਕ ਹੈ। ਇੱਕ ਬੋਲੀ ਸੀ, 'ਵੇ ਕਬੂਤਰ ਬਣ ਕੇ ਕੋਠੇ ਆ...।'

'ਜੁਗਨੀ', 'ਮਜਾਜਣ', 'ਪੰਜਾਬਣ', 'ਸੋਹਣੀ ਕੁੜੀ', ਸ਼ੌਕੀਨਣ', 'ਮੇਲਾ ਤੀਆਂ ਦਾ' ਆਦਿ ਨਾਵਾਂ ਵਾਲੀਆਂ ਤਖਤੀਆਂ ਫੜ ਫੜ ਬੱਚੀਆਂ, ਤ੍ਰੀਮਤਾਂ ਤੇ ਬਜ਼ੁਰਗ ਬੀਬੀਆਂ
















# ਪੀ.ਏ.ਓ. ਦਾ ਤੀਆਂ ਦਾ ਮੇਲਾ

ਵੱਲੋਂ ਫੋਟੋਆਂ ਖਿਚਵਾਉਣ ਵਾਲਾ ਦ੍ਰਿਸ਼ ਵੀ ਦਿਲਚਸਪ ਸੀ। ਰਵਾਇਤੀ ਪੰਜਾਬੀ ਪਹਿਰਾਵੇ ਵਿੱਚ ਬੱਚੀਆਂ ਬਹੁਤ ਪਿਆਰੀਆਂ ਲੱਗ ਰਹੀਆਂ ਸਨ। 'ਸਵੇਰਾ-ਵੂਮਨ ਈਰਾ' ਦੀ ਟੀਮ ਵੀ ਮੇਲੇ ਵਿੱਚ ਪਹੁੰਚੀ ਹੋਈ ਸੀ। ਜ਼ਿਕਰਯੋਗ ਹੈ ਕਿ ਇਹ ਸੰਸਥਾ ਵੀ ਰਲ-ਮਿਲ ਕੇ ਤੀਆਂ ਮਨਾਉਣ ਦਾ ਬੰਨ-ਸੁੱਬ ਕਰਦੀ ਹੈ।

ਇਸ ਮੌਕੇ 'ਤੀਆਂ ਦੇ ਮੇਲੇ' ਦੀਆਂ ਪ੍ਰਬੰਧਕ ਬੀਬੀਆਂ ਨੇ ਦੱਸਿਆ ਕਿ ਹਰ ਸਾਲ ਇਹ ਮੇਲਾ ਕਰਵਾਉਣਾ ਸਾਡੇ ਲਈ ਮਾਣ ਵਾਲੀ ਗੱਲ ਹੈ। ਉਨ੍ਹਾਂ ਕਿਹਾ ਕਿ ਸਾਡੇ ਸੱਭਿਆਚਾਰ ਵਿੱਚ ਤੀਆਂ ਦੀ ਆਪਣੀ ਅਹਿਮੀਅਤ ਹੈ ਅਤੇ ਸਾਡੀ ਸੰਸਥਾ ਸ਼ਿਕਾਗੋਲੈਂਡ ਵਿੱਚ ਪੰਜਾਬਣਾਂ ਨੂੰ ਪੰਜਾਬ ਦੇ ਸੱਭਿਆਚਾਰ ਦੀ ਯਾਦ ਤਾਜ਼ਾ ਰੱਖਣ ਅਤੇ ਮਨੋਰੰਜਨ ਪ੍ਰਦਾਨ ਕਰਨ ਵਿੱਚ ਸਰਗਰਮ ਹੈ। ਮੇਲੇ ਲਈ ਦਾਖਲਾ ਟਿਕਟ ਰੱਖੀ ਗਈ ਸੀ, ਪਰ ਖਾਣਾ ਨਾਲ ਪਰੋਸਿਆ ਗਿਆ। 'ਤੀਆਂ ਦਾ ਮੇਲਾ' ਐਲਮਹਰਸਟ ਦੇ ਵਾਟਰਫੋਰਡ ਬੈਂਕੁਇਟ ਵਿੱਚ ਜੁੜਿਆ, ਜਦਕਿ ਬੰਦਿਆਂ ਦੇ ਖਾਣ-ਪੀਣ ਦਾ ਪ੍ਰਬੰਧ ਮਹਾਰਾਜ ਰੈਸਤਰਾਂ ਵਿੱਚ ਸੀ। ਜੇ ਇੱਕ ਪਾਸੇ ਤੀਆਂ ਵਿੱਚ ਬੋਲੀਆਂ ਪੈ ਰਹੀਆਂ ਸਨ ਤਾਂ ਦੂਜੇ ਪਾਸੇ ਬੋਲੇ ਗੂੰਜ ਰਹੇ ਸਨ; ਜੇ ਇੱਕ ਪਾਸੇ ਗਿੱਧੇ ਦੀ ਧਮਾਲ ਸੀ ਤਾਂ ਦੂਜੇ ਪਾਸੇ ਗੱਲਾਂ-ਬਾਤਾਂ ਤੇ ਹਵਾ-ਪਿਆਜ਼ੀ ਮਾਹੌਲ ਸੀ। ਭਾਂਤ-ਸੁਭਾਂਤੇ 'ਸ਼ਕਤੀ ਵਾਟਰ' ਦੀ ਮਹਿਕ/ਮੁਸ਼ਕ ਕਾਰਨ ਉਥੇ ਪਹੁੰਚੇ ਕੁਝ ਸੋਫੀ ਸੱਜਣਾਂ ਵਿੱਚੋਂ ਇੱਕ ਦੀ ਟਿੱਪਣੀ ਸੀ, 'ਇੰਜ ਲੱਗਦਾ ਜਿਵੇਂ ਸ਼ਰਾਬ ਦੇ 'ਹਾਤੇ ਵਿੱਚ ਬੈਠੇ ਹੋਈਏ!'

ਇਸ ਮੌਕੇ ਪੰਜਾਬੀ ਅਮੈਰਿਕਨ ਆਰਗੇਨਾਈਜੇਸ਼ਨ ਦੇ ਗੁਲਜ਼ਾਰ ਸਿੰਘ ਮੁਲਤਾਨੀ ਨੇ ਸਾਰੇ ਮਹਿਮਾਨਾਂ ਤੇ ਸਪਾਂਸਰਾਂ ਦਾ ਧੰਨਵਾਦ ਕਰਦਿਆਂ ਛੋਟੇ ਹੁੰਦਿਆਂ ਪੀਂਘ ਝੂਟਣ ਦਾ ਕਿੱਸਾ ਸਾਂਝਾ ਕੀਤਾ। ਇਸ ਮੌਕੇ ਉਨ੍ਹਾਂ ਪੰਜਾਬ ਦੇ ਪਿੰਡਾਂ ਵਿੱਚ ਸੱਭਿਆਚਾਰਕ ਨਜ਼ਰੀਏ ਤੋਂ 'ਤੀਆਂ ਤੀਜ ਦੀਆਂ' ਦੀ ਮਹੱਤਤਾ ਦੱਸਦਿਆਂ ਸੰਸਥਾ ਵੱਲੋਂ ਇਹ ਮੇਲਾ ਕਰਵਾਏ ਜਾਣ 'ਤੇ ਚਾਨਣਾ ਪਾਇਆ। ਇਸ ਮੌਕੇ ਉਨ੍ਹਾਂ ਐਲਾਨ ਕੀਤਾ ਕਿ ਅਗਲੇ ਸਾਲ ਦੇ 'ਤੀਆਂ ਦੇ ਮੇਲੇ' ਲਈ ਕੋਈ ਦਾਖਲਾ ਟਿਕਟ ਨਹੀਂ ਹੋਵੇਗੀ ਅਤੇ ਸਭ ਬੀਬੀਆਂ ਨੂੰ ਤੀਆਂ ਦੇ ਮੇਲੇ ਲਈ ਖੁੱਲ੍ਹਾ ਸੱਦਾ ਹੋਵੇਗਾ। ਉਨ੍ਹਾਂ ਦੱਸਿਆ ਕਿ ਇਹ ਫੈਸਲਾ ਪੀ.ਏ.ਓ. ਦੀ ਪੂਰੀ ਟੀਮ ਨੇ ਲਿਆ ਹੈ।

ਮੇਲਾ ਸਮਾਪਤ ਹੋਣ ਤੱਕ ਮਰਦ ਵੀ ਬੈਂਕੁਇਟ ਹਾਲ ਪਹੁੰਚ ਗਏ ਸਨ ਅਤੇ ਨਾਲ ਹੀ ਖਾਸ ਮਹਿਮਾਨ ਤੇ ਹੋਰ ਸਪਾਂਸਰ ਵੀ। ਕਾਰੋਬਾਰੀ ਸ. ਦਰਸ਼ਨ ਸਿੰਘ ਧਾਲੀਵਾਲ ਤੇ ਉਨ੍ਹਾਂ ਦੇ ਭਰਾ ਪੰਜਾਬ ਦੇ ਸਾਬਕਾ ਕੈਬਨਿਟ ਮੰਤਰੀ ਸੁਰਜੀਤ ਸਿੰਘ ਰੱਖੜਾ ਬਤੌਰ ਮੁੱਖ ਮਹਿਮਾਨ ਪਹੁੰਚੇ। ਗਰੈਂਡ ਸਪਾਂਸਰ ਜੋੜੀ ਤੇ ਮੈਕ ਭਮਰਾ ਅਤੇ ਜੇ.ਪੀ. ਖਹਿਰਾ ਸਨ। ਤੀਆਂ ਦਾ ਮੇਲਾ ਸੰਪਨ ਹੋਣ 'ਤੇ ਸ. ਧਾਲੀਵਾਲ ਵੱਲੋਂ ਮੁੱਖ ਸਪਾਂਸਰਾਂ ਦਾ ਸਨਮਾਨ ਕੀਤਾ ਗਿਆ। ਸਪਾਂਸਰ ਬੀਬੀਆਂ ਦਾ ਪਲੇਕਾਂ ਅਤੇ ਫੁਲਕਾਰੀਆਂ ਦੇ ਕੇ ਸਨਮਾਨ ਕੀਤਾ ਗਿਆ।

ਸੰਸਥਾ ਦੀ ਬੀਬੀਆਂ ਦੀ ਟੀਮ ਵਿੱਚ ਮਿੰਨੀ ਮੁਲਤਾਨੀ, ਨੈਨਾ ਸਿੰਘ, ਜਸਮੀਤ ਸੂਗਾ, ਰਾਜ ਮਾਗੋ, ਜੋਤੀ ਖਹਿਰਾ, ਕਮਲ ਹੁੰਜਣ, ਪੰਮੀ ਸੰਘਾ, ਨੇਹਾ ਵਾਲੀਆ, ਜੀਵਨ ਧਾਮੀ, ਪਿੰਕੀ ਵਾਲੀਆ, ਪ੍ਰਭ ਖਹਿਰਾ, ਸੁੱਖੀ ਸਿੰਘ, ਜੌਲੀ ਡੰਡੋਨਾ, ਸ਼ਾਲੂ ਛਾਬੜਾ, ਗੁਰਪ੍ਰੀਤ ਕੇ. ਸਿੰਘ, ਰੋਜ਼ੀ ਰੇਹਲ, ਸ਼ੀਤਲ ਕਾਲੜਾ ਤੇ ਹੋਰ ਸ਼ਾਮਲ ਸਨ, ਜਿਨ੍ਹਾਂ ਨੇ 'ਤੀਆਂ ਦਾ ਮੇਲਾ' ਕਰਵਾਉਣ ਲਈ ਪ੍ਰਬੰਧਾਂ ਵਿੱਚ ਹੱਥ ਵਟਾਇਆ। ਇਸ ਤੋਂ ਇਲਾਵਾ ਪੀ.ਏ.ਓ. ਦੇ ਬੋਰਡ ਮੈਂਬਰਾਂ- ਗੁਲਜ਼ਾਰ ਸਿੰਘ ਮੁਲਤਾਨੀ, ਜਸਬੀਰ ਸੂਗਾ, ਪਾਲ ਡੰਡੋਨਾ, ਸੁਖਵਿੰਦਰ ਹੁੰਜਣ, ਜਗਮੀਤ ਸਿੰਘ, ਡਾ. ਹਰਜਿੰਦਰ ਖਹਿਰਾ, ਸਵੀ ਅਟੱਲ, ਦਵਿੰਦਰ ਸਿੰਘ ਤੇ ਹੋਰਨਾਂ ਨੇ ਮੇਲੇ ਲਈ ਜ਼ਰੂਰੀ ਪ੍ਰਬੰਧ ਕਰਨ ਅਤੇ ਫੰਡ ਇਕੱਤਰ ਕਰਨ ਵਿੱਚ ਯੋਗਦਾਨ ਪਾਇਆ।

**ਤਸਵੀਰਾਂ: ਏਸ਼ੀਅਨ ਮੀਡੀਆ**





































# ਜਦੋਂ ਨਿਸ਼ਾਨਾ ਖੁੰਝੇ ਨਾ...

## ਭਾਰਤ ਦਾ ਪਹਿਲਾ ਓਲੰਪਿਕ ਚੈਂਪੀਅਨ ਸੁਨਹਿਰੀ ਨਿਸ਼ਾਨਚੀ ਅਭਿਨਵ ਬਿੰਦਰਾ




- ਅਮਰੀਕਾ ਦੀ ਯੂਨੀਵਰਸਿਟੀ ਆਫ ਫਲੋਰੀਡਾ ਤੋਂ ਬੀ.ਬੀ.ਏ. ਪਾਸ ਅਭਿਨਵ ਬਿੰਦਰਾ 2008 ਦੀਆਂ ਬੀਜਿੰਗ ਓਲੰਪਿਕ ਖੇਡਾਂ ਵਿੱਚ 10 ਮੀਟਰ ਏਅਰ ਰਾਈਫਲ ਵਿੱਚ ਚੈਂਪੀਅਨ ਬਣਿਆ।
- ਰਾਸ਼ਟਰਮੰਡਲ ਖੇਡਾਂ ਵਿੱਚ ਉਸ ਨੇ ਚਾਰ ਸੋਨੇ, ਦੋ ਚਾਂਦੀ ਤੇ ਇੱਕ ਕਾਂਸੀ ਦੇ ਤਮਗੇ ਸਣੇ ਕੁੱਲ ਸੱਤ ਤਮਗੇ ਜਿੱਤੇ ਹਨ। ਏਸ਼ਿਆਈ ਖੇਡਾਂ ਵਿੱਚ ਉਸ ਨੇ ਇੱਕ ਚਾਂਦੀ ਤੇ ਦੋ ਕਾਂਸੀ ਦੇ ਤਮਗੇ ਜਿੱਤੇ।
- 'ਇੰਟਰਨੈਸ਼ਨਲ ਸ਼ੂਟਿੰਗ ਸਪੋਰਟ ਫੈਡਰੇਸ਼ਨ' (ਆਈ.ਐਸ.ਐਸ.ਐਫ.) ਨੇ ਅਭਿਨਵ ਦਾ ਨਿਸ਼ਾਨੇਬਾਜ਼ੀ ਖੇਡ ਦੇ ਸਰਵੋਤਮ ਸਨਮਾਨ 'ਬਲਿਊ ਕਰਾਸ' ਨਾਲ ਸਨਮਾਨ ਕੀਤਾ। ਹੁਣ ਅਭਿਨਵ ਨੂੰ ਪੈਰਿਸ ਵਿਖੇ ਓਲੰਪਿਕਸ ਆਰਡਰ ਨਾਲ ਸਨਮਾਨਿਆ ਜਾ ਰਿਹਾ ਹੈ।

**ਪੰਜਾਬ ਦੀ ਧਰਤੀ ਨੇ ਵੱਡੇ-ਵੱਡੇ ਖਿਡਾਰੀ ਪੈਦਾ ਕੀਤੇ ਹਨ- ਚਾਹੇ ਇਹ ਚੜ੍ਹਦਾ ਪੰਜਾਬ ਹੋਵੇ ਜਾਂ ਫਿਰ ਲਹਿੰਦਾ ਪੰਜਾਬ। ਨਾਮੀ ਖੇਡ ਲੇਖਕ ਨਵਦੀਪ ਸਿੰਘ ਗਿੱਲ ਵੱਲੋਂ ਇਸ ਕਾਲਮ ਰਾਹੀਂ ਚੋਟੀ ਦੇ ਖਿਡਾਰੀਆਂ ਦੀ ਜੀਵਨੀ ਉਤੇ ਝਾਤ ਪਾਈ ਜਾ ਰਹੀ ਹੈ। ਹਥਲੇ ਲੇਖ ਵਿੱਚ ਛੋਟੀ ਉਮਰੇ 'ਅਰਜੁਨ ਐਵਾਰਡ' ਅਤੇ 'ਰਾਜੀਵ ਗਾਂਧੀ ਖੇਲ ਰਤਨ' ਪੁਰਸਕਾਰ ਹਾਸਲ ਕਰਨ ਵਾਲੇ ਨਿਸ਼ਾਨਚੀ ਅਭਿਨਵ ਬਿੰਦਰਾ ਦਾ ਕਿੱਸਾ ਛੋਹਿਆ ਗਿਆ ਹੈ। ਅਭਿਨਵ ਨਾ ਸਿਰਫ ਪੰਜਾਬ ਬਲਕਿ ਭਾਰਤ ਦਾ ਪਹਿਲਾ ਖਿਡਾਰੀ ਹੈ, ਜਿਸ ਨੇ ਓਲੰਪਿਕ ਖੇਡਾਂ ਦੇ ਇਤਿਹਾਸ ਵਿੱਚ ਵਿਅਕਤੀਗਤ ਵਰਗ ਵਿੱਚ ਸੋਨ ਤਮਗਾ ਜਿੱਤਿਆ ਹੋਵੇ। ਪੇਸ਼ ਹੈ, ਅਭਿਨਵ ਦੀਆਂ ਪ੍ਰਾਪਤੀਆਂ ਦਾ ਸੰਖੇਪ ਵੇਰਵਾ...**

### ਖਿਡਾਰੀ ਪੰਜ-ਆਬ ਦੇ (22)



ਨਵਦੀਪ ਸਿੰਘ ਗਿੱਲ
ਫੋਨ: +91-9780036216

ਹਜ਼ਾਰੋ ਬਰਸ ਨਰਗਿਸ ਆਪਣੀ ਬੇਨੂਰੀ ਪੇ ਰੋਤੀ ਹੈ
ਬੜੀ ਮੁਸ਼ਕਲ ਸੇ ਹੋਤਾ ਹੈ ਚਮਨ ਮੇਂ ਦਿਦਾਵਰ ਪੈਦਾ।

ਅਭਿਨਵ ਬਿੰਦਰਾ ਭਾਰਤੀ ਖੇਡਾਂ ਦੇ ਮੁਕਟ ਵਿੱਚ ਜੁੜਿਆ ਉਹ ਰਤਨ ਹੈ, ਜਿਸ ਦੀ ਚਮਕ ਦੂਰੋਂ-ਦੁਰਾਡਿਓਂ ਆਪਣਾ ਚਾਨਣ ਬਿਖੇਰ ਰਹੀ ਹੈ। ਅਭਿਨਵ ਨਾ ਸਿਰਫ ਪੰਜਾਬ ਬਲਕਿ ਭਾਰਤ ਦਾ ਪਹਿਲਾ ਖਿਡਾਰੀ ਹੈ, ਜਿਸ ਨੇ ਓਲੰਪਿਕ ਖੇਡਾਂ ਦੇ ਇਤਿਹਾਸ ਵਿੱਚ ਵਿਅਕਤੀਗਤ ਵਰਗ ਵਿੱਚ ਸੋਨ ਤਮਗਾ ਜਿੱਤਿਆ ਹੋਵੇ। ਹੁਣ ਪੈਰਿਸ ਵਿਖੇ




ਓਲੰਪਿਕਸ ਚੱਲ ਰਹੀਆਂ ਹਨ ਅਤੇ ਭਾਰਤ ਨੇ ਓਲੰਪਿਕ ਖੇਡਾਂ ਦੇ 128 ਸਾਲਾਂ ਦੇ ਇਤਿਹਾਸ ਵਿੱਚ ਹੁਣ ਤੱਕ ਸਿਰਫ 10 ਸੋਨ ਤਮਗੇ ਜਿੱਤੇ ਹਨ। ਇਨ੍ਹਾਂ ਵਿੱਚੋਂ 8 ਖੇਡ ਹਾਕੀ ਵਿੱਚ ਹਨ, ਜਦੋਂ ਕਿ ਵਿਅਕਤੀਗਤ ਵਰਗ ਵਿੱਚ ਅਭਿਨਵ ਬਿੰਦਰਾ ਤੇ ਨੀਰਜ ਚੋਪੜਾ ਨੇ ਸੋਨ ਤਮਗ਼ਾ ਜਿੱਤਿਆ। ਅਭਿਨਵ 2008 ਦੀਆਂ ਬੀਜਿੰਗ ਓਲੰਪਿਕ ਖੇਡਾਂ ਵਿੱਚ 10 ਮੀਟਰ ਏਅਰ ਰਾਈਫਲ ਵਿੱਚ ਚੈਂਪੀਅਨ ਬਣਿਆ। ਅਭਿਨਵ ਬਿੰਦਰਾ ਨੇ ਓਲੰਪਿਕ ਖੇਡਾਂ ਵਿੱਚ ਇੱਕ ਵਾਰ ਚੈਂਪੀਅਨ ਬਣਨ ਸਮੇਤ ਤਿੰਨ ਵਾਰ ਫਾਈਨਲ ਖੇਡਿਆ, ਜਿਨ੍ਹਾਂ ਵਿੱਚੋਂ ਇੱਕ ਵਾਰ ਚੌਥੇ ਸਥਾਨ 'ਤੇ ਰਿਹਾ। ਉਸ ਨੇ ਇੱਕ ਵਾਰ ਵਿਸ਼ਵ ਚੈਂਪੀਅਨਸ਼ਿਪ ਵਿੱਚ ਸੋਨੇ ਦਾ ਤਮਗਾ ਜਿੱਤਿਆ। ਆਪਣੇ 22 ਵਰ੍ਹਿਆਂ ਦੇ ਖੇਡ ਕਰੀਅਰ ਵਿੱਚ ਉਸ ਨੇ ਓਲੰਪਿਕ ਤੇ ਵਿਸ਼ਵ ਚੈਂਪੀਅਨ ਬਣਨ ਦੇ ਨਾਲ 150 ਦੇ ਕਰੀਬ ਤਮਗੇ ਜਿੱਤੇ ਹਨ। ਰਾਸ਼ਟਰਮੰਡਲ ਖੇਡਾਂ ਵਿੱਚ ਉਸ ਨੇ ਚਾਰ ਸੋਨੇ, ਦੋ ਚਾਂਦੀ ਤੇ ਇੱਕ ਕਾਂਸੀ ਦੇ ਤਮਗੇ ਸਣੇ ਕੁੱਲ ਸੱਤ ਤਮਗੇ ਜਿੱਤੇ ਹਨ। ਏਸ਼ਿਆਈ ਖੇਡਾਂ ਵਿੱਚ ਉਸ ਨੇ ਇੱਕ ਚਾਂਦੀ ਤੇ ਦੋ ਕਾਂਸੀ ਦੇ ਤਮਗੇ ਜਿੱਤੇ। ਅਭਿਨਵ ਨੇ ਨਿਸ਼ਾਨੇਬਾਜ਼ੀ ਖੇਡ ਤੋਂ ਸੰਨਿਆਸ ਰੀਓ ਓਲੰਪਿਕਸ ਵਿੱਚ ਹਿੱਸਾ ਲੈਣ ਤੋਂ ਬਾਅਦ 5 ਸਤੰਬਰ 2016 ਨੂੰ ਲਿਆ। ਇਸ ਤੋਂ ਬਾਅਦ ਉਸ ਨੇ ਅਭਿਨਵ ਬਿੰਦਰਾ ਫਾਊਂਡੇਸ਼ਨ ਬਣਾਈ। ਬਿਨਾ ਕਿਸੇ ਲਾਭ ਤੋਂ ਇਹ ਸੰਸਥਾ ਸਪੋਰਟਸ ਸਾਇੰਸ, ਤਕਨਾਲੋਜੀ, ਵਧੀਆ ਪ੍ਰਦਰਸ਼ਨ ਲਈ ਫਿਜ਼ੀਕਲ ਟਰੇਨਿੰਗ ਉਤੇ ਕੰਮ ਕਰਦੀ ਹੈ।

ਅਭਿਨਵ ਬਿੰਦਰਾ ਸਭ ਤੋਂ ਛੋਟੀ ਉਮਰੇ 'ਅਰਜੁਨ ਐਵਾਰਡ' ਅਤੇ 'ਰਾਜੀਵ ਗਾਂਧੀ ਖੇਲ ਰਤਨ' ਪੁਰਸਕਾਰ ਹਾਸਲ ਕਰਨ ਵਾਲਾ ਖਿਡਾਰੀ ਹੈ। ਉਸ ਨੂੰ ਭਾਰਤ ਦਾ ਤੀਜਾ ਸਭ ਤੋਂ ਵੱਡਾ ਨਾਗਰਿਕ ਸਨਮਾਨ, ਨਿਸ਼ਾਨੇਬਾਜ਼ੀ ਖੇਡ ਦਾ ਸਰਵਉੱਚ ਅਤੇ ਭਾਰਤੀ ਖੇਡ ਦਾ ਸਰਵੋਤਮ ਸਨਮਾਨ ਮਿਲ ਚੁੱਕਾ ਹੈ। ਅਭਿਨਵ ਨੂੰ 2000 ਵਿੱਚ 'ਅਰਜੁਨ ਐਵਾਰਡ', 2002 ਵਿੱਚ ਭਾਰਤ ਦਾ ਸਭ ਤੋਂ ਵੱਡਾ ਖੇਡ ਐਵਾਰਡ 'ਰਾਜੀਵ ਗਾਂਧੀ ਖੇਲ ਰਤਨ' ਅਤੇ 2009 ਵਿੱਚ ਭਾਰਤ ਦਾ ਤੀਜਾ ਸਭ ਤੋਂ ਵੱਡਾ ਨਾਗਰਿਕ ਸਨਮਾਨ 'ਪਦਮਾ ਭੂਸ਼ਣ' ਮਿਲ ਚੁੱਕਾ ਹੈ। ਨਿਸ਼ਾਨੇਬਾਜ਼ੀ ਖੇਡ ਦੀ ਕੌਮਾਂਤਰੀ ਸੰਸਥਾ 'ਇੰਟਰਨੈਸ਼ਨਲ ਸ਼ੂਟਿੰਗ ਸਪੋਰਟ ਫੈਡਰੇਸ਼ਨ' (ਆਈ.ਐਸ.ਐਸ.ਐਫ.) ਨੇ ਭਾਰਤ ਦੇ ਇਸ ਸੁਨਹਿਰੀ ਨਿਸ਼ਾਨਚੀ ਨੂੰ ਨਿਸ਼ਾਨੇਬਾਜ਼ੀ ਖੇਡ ਦਾ ਸਰਵੋਤਮ ਸਨਮਾਨ 'ਬਲਿਊ ਕਰਾਸ' ਨਾਲ ਸਨਮਾਨਤ ਕੀਤਾ। 2016 ਦੀਆਂ ਰੀਓ ਓਲੰਪਿਕ ਖੇਡਾਂ ਵਿੱਚ ਉਸ ਨੂੰ ਭਾਰਤੀ ਓਲੰਪਿਕ ਐਸੋਸੀਏਸ਼ਨ ਨੇ ਗੁੱਡਵਿੱਲ ਅੰਬੈਡਸਰ ਨਿਯੁਕਤ ਕੀਤਾ। 2010 ਦੀਆਂ ਰਾਸ਼ਟਰਮੰਡਲ ਖੇਡਾਂ, ਜਿਸ ਦੀ ਭਾਰਤ ਨੇ ਪਹਿਲੀ ਵਾਰ ਮੇਜ਼ਬਾਨੀ ਕੀਤੀ ਸੀ, ਵਿੱਚ ਉਹ ਜਵਾਹਰ ਲਾਲ ਨਹਿਰੂ ਸਟੇਡੀਅਮ ਵਿਖੇ ਹੋਏ ਉਦਘਾਟਨੀ ਸਮਾਰੋਹ ਵਿੱਚ ਭਾਰਤੀ ਖੇਡ ਦਲ ਦਾ ਝੰਡਾਬਰਦਾਰ ਸੀ। ਹੁਣ ਅਭਿਨਵ ਨੂੰ ਪੈਰਿਸ ਵਿਖੇ ਓਲੰਪਿਕਸ ਆਰਡਰ ਨਾਲ ਸਨਮਾਨਿਆ ਜਾ ਰਿਹਾ ਹੈ। ਉਹ ਪੈਰਿਸ ਵਿਖੇ ਮਸ਼ਾਲ ਲੈ ਕੇ ਵੀ ਦੌੜਿਆ।


ਭਾਰਤੀ ਸੈਨਾ ਉਸ ਨੂੰ ਆਨਰੇਰੀ ਲੈਫਟੀਨੈਂਟ ਕਰਨਲ ਦੇ ਰੈਂਕ ਨਾਲ ਵੀ ਸਨਮਾਨ ਦੇ ਚੁੱਕੀ ਹੈ। ਐਸ.ਆਰ.ਐਮ. ਯੂਨੀਵਰਸਿਟੀ ਅਮਰਾਵਤੀ ਵੱਲੋਂ ਅਭਿਨਵ ਨੂੰ ਆਨਰੇਰੀ ਡਾਕਟਰੇਟ (ਡੀ.ਲਿਟ) ਦੀ ਡਿਗਰੀ ਦਿੱਤੀ ਗਈ। ਅਸਾਮ ਦੀ ਕਾਜ਼ੀਰੰਗਾ ਯੂਨੀਵਰਸਿਟੀ ਨੇ ਡੀ.ਫਿਲ ਦੀ ਡਿਗਰੀ ਦਿੱਤੀ। ਉਹ ਕੌਮਾਂਤਰੀ ਓਲੰਪਿਕ ਕਮੇਟੀ ਅਥਲੀਟ ਕਮਿਸ਼ਨ ਦਾ ਮੌਜੂਦਾ ਮੈਂਬਰ ਹੈ। ਅਭਿਨਵ ਖੇਡਾਂ ਦੇ ਨਾਲ ਪੜ੍ਹਾਈ ਵਿੱਚ ਵੀ ਮੋਹਰੀ ਰਿਹਾ ਹੈ। ਅਮਰੀਕਾ ਦੀ ਯੂਨੀਵਰਸਿਟੀ ਆਫ ਫਲੋਰੀਡਾ ਤੋਂ ਉਸ ਨੇ ਬੀ.ਬੀ.ਏ. ਪਾਸ ਕੀਤੀ ਹੈ। ਖੇਡਾਂ ਤੇ ਸਿਹਤ ਸੇਵਾਵਾਂ ਦੇ ਖੇਤਰ ਵਿੱਚ ਨਵੀਆਂ ਤਕਨੀਕਾਂ ਤੇ ਖੋਜਾਂ ਨੂੰ ਲਿਆਉਣ ਵਾਲੀ ਸੰਸਥਾ ਅਭਿਨਵ ਬਿੰਦਰਾ ਫਿਊਚਰਸਟਿਕ ਲਿਮਟਿਡ ਦਾ ਉਹ ਸੀ.ਈ.ਓ. ਹੈ। ਅਭਿਨਵ ਨੇ 2011 ਵਿੱਚ ਆਪਣੇ ਖੇਡ ਸਫਰ 'ਤੇ ਸਵੈ-ਜੀਵਨੀ 'ਏ ਸ਼ੂਟ ਐਟ ਹਿਸਟਰੀ: ਮਾਈ ਓਬੈਸਿਸਵ ਜਰਨੀ ਟੂ ਓਲੰਪਿਕ ਗੋਲਡ' ਲਿਖੀ, ਜਿਹੜੀ ਹਾਰਪਰ ਸਪੋਰਟ ਨੇ ਪ੍ਰਕਾਸ਼ਿਤ ਕੀਤੀ। ਅਭਿਨਵ ਦੀ ਜ਼ਿੰਦਗੀ 'ਤੇ ਬਾਇਓ ਪਿਕ ਵੀ ਬਣ ਰਹੀ ਹੈ, ਜਿਸ ਵਿਚ ਉਸ ਹਰਸ਼ਵਰਧਨ ਕਪੂਰ ਮੁੱਖ ਕਿਰਦਾਰ ਨਿਭਾਅ ਰਿਹਾ ਹੈ।

28 ਸਤੰਬਰ 1982 ਨੂੰ ਜਨਮੇ ਅਭਿਨਵ ਬਿੰਦਰਾ ਨੇ ਜ਼ੀਰਕਪੁਰ ਨੇੜੇ ਬਿੰਦਰਾ ਫਾਰਮ ਵਿੱਚ ਆਪਣੇ ਘਰ ਬਣਾਈ ਸ਼ੂਟਿੰਗ ਰੇਂਜ ਵਿੱਚ ਵੀ ਛੋਟੇ ਹੁੰਦਿਆਂ ਓਲੰਪਿਕ ਜਿੱਤਣ ਦਾ ਸੁਫਨਾ ਸੰਜੋਇਆ ਸੀ। 10 ਮੀਟਰ ਏਅਰ ਰਾਈਫਲ ਈਵੈਂਟ ਵਾਲਾ ਬਿੰਦਰਾ ਸਿਡਨੀ ਓਲੰਪਿਕ ਖੇਡਾਂ (2000) ਵਿੱਚ ਸਭ ਤੋਂ ਛੋਟੀ ਉਮਰ ਦਾ ਨਿਸ਼ਾਨੇਬਾਜ਼ ਸੀ। ਇਸ ਤੋਂ ਪਹਿਲਾਂ ਉਸ ਨੇ 15 ਵਰ੍ਹਿਆਂ ਦੀ ਉਮਰੇ 1998 ਦੀਆਂ ਕੁਆਲਾਲੰਪਰ ਰਾਸ਼ਟਰਮੰਡਲ ਖੇਡਾਂ ਵਿੱਚ ਵੀ ਹਿੱਸਾ ਲਿਆ ਸੀ। ਕੌਮਾਂਤਰੀ ਪੱਧਰ 'ਤੇ ਅਭਿਨਵ ਦੀ ਪਹਿਲੀ ਵੱਡੀ ਪਛਾਣ 2001 ਵਿੱਚ ਬਣੀ, ਜਦੋਂ ਉਸ ਨੇ ਮਿਊਨਿਖ ਵਿਸ਼ਵ ਕੱਪ ਵਿੱਚ ਕਾਂਸੀ ਦਾ ਤਮਗਾ ਜਿੱਤ ਕੇ ਪਹਿਲੀ ਵਾਰ ਖੇਡ ਪ੍ਰੇਮੀਆਂ ਦਾ ਧਿਆਨ ਖਿੱਚਿਆ।

2006 ਵਿੱਚ ਅਭਿਨਵ ਨੇ ਜ਼ੈਗਰੇਬ ਵਿਖੇ ਵਿਸ਼ਵ ਚੈਂਪੀਅਨ ਬਣ ਕੇ ਭਾਰਤ ਨੂੰ ਪਹਿਲੀ ਵਾਰ ਵਿਸ਼ਵ ਸ਼ੂਟਿੰਗ ਚੈਂਪੀਅਨਸ਼ਿਪ ਦਾ ਸੋਨ ਤਮਗਾ ਦਿਵਾਇਆ। ਉਸ ਦੇ ਨਾਲ ਇਹੋ ਪ੍ਰਾਪਤੀ ਪੰਜਾਬ ਦੇ ਇੱਕ ਹੋਰ 'ਖੇਡ ਰਤਨ' ਮਾਨਵਜੀਤ ਸਿੰਘ ਸੰਧੂ ਨੇ ਵੀ ਦਿਵਾਈ ਸੀ। 2004 ਦੀਆਂ ਏਥਨਜ਼ ਓਲੰਪਿਕ ਖੇਡਾਂ ਵਿੱਚ ਉਹ ਫ਼ਾਈਨਲ ਵਿੱਚ ਤਮਗੇ ਤੋਂ ਖੁੰਝ ਗਿਆ। ਬਿੰਦਰਾ ਨੇ 2008 ਦੀਆਂ ਬੀਜਿੰਗ ਓਲੰਪਿਕ ਖੇਡਾਂ ਵਿੱਚ 700.5 ਅੰਕ ਲੈ ਕੇ ਭਾਰਤ ਨੂੰ ਪਹਿਲੀ ਵਾਰ ਵਿਅਕਤੀਗਤ ਖੇਡਾਂ ਵਿੱਚ ਓਲੰਪਿਕ ਚੈਂਪੀਅਨ ਬਣਨ ਦਾ ਮਾਣ ਬੀਜਿੰਗ ਦੀ ਲੁਸੇਲ ਰੇਂਜ ਵਿਖੇ 10 ਅਗਸਤ ਨੂੰ ਨਿਸ਼ਾਨੇਬਾਜ਼ੀ ਦੇ 10 ਮੀਟਰ ਏਅਰ ਰਾਈਫ਼ਲ ਈਵੈਂਟ ਵਿੱਚ ਦਿਵਾਇਆ। ਉਸ ਵੇਲੇ ਮੈਂ 'ਪੰਜਾਬੀ ਟ੍ਰਿਬਿਊਨ' ਤਰਫੋਂ ਬੀਜਿੰਗ ਵਿਖੇ ਓਲੰਪਿਕ ਖੇਡਾਂ ਦੀ ਕਵਰੇਜ਼ ਲਈ ਆਇਆ ਸੀ ਅਤੇ ਇਤਿਹਾਸ ਬਣਦਿਆਂ ਅੱਖੀਂ ਵੇਖਿਆ।

ਅਭਿਨਵ ਬਿੰਦਰਾ ਨੇ ਪੰਜ ਓਲੰਪਿਕ ਖੇਡਾਂ ਵਿੱਚ ਹਿੱਸਾ ਲਿਆ ਹੈ। ਉਸ ਨੇ 2000 ਵਿੱਚ ਸਿਡਨੀ, 2004 ਵਿੱਚ ਏਥਨਜ਼, 2008 ਵਿੱਚ ਬੀਜਿੰਗ, 2012 ਵਿੱਚ ਲੰਡਨ ਅਤੇ 2016 ਵਿੱਚ ਰੀਓ ਓਲੰਪਿਕ ਖੇਡਾਂ ਵਿੱਚ ਹਿੱਸਾ ਲਿਆ ਹੈ। ਰੀਓ ਓਲੰਪਿਕਸ ਦੇ 10 ਮੀਟਰ ਏਅਰ ਰਾਈਫਲ ਈਵੈਂਟ ਵਿੱਚ ਉਹ ਦੂਜੀ ਵਾਰ ਓਲੰਪਿਕ ਪੋਡੀਅਮ 'ਤੇ ਪਹੁੰਚਣ ਤੋਂ ਇੱਕ ਕਦਮ ਪਿੱਛੇ ਰਹਿ ਗਿਆ। ਇਹ ਉਸ ਦੀ ਆਖਰੀ ਓਲੰਪਿਕ ਸੀ, ਜਿੱਥੇ ਉਹ ਚੌਥੇ ਨੰਬਰ 'ਤੇ ਰਿਹਾ। ਰਾਸ਼ਟਰਮੰਡਲ ਖੇਡਾਂ ਦੀ ਗੱਲ ਕਰੀਏ ਤਾਂ ਬਿੰਦਰਾ ਨੇ 2002 ਵਿੱਚ ਮਾਨਚੈਸਟਰ, 2006 ਵਿੱਚ ਮੈਲਬਰਨ, 2010 ਵਿੱਚ ਦਿੱਲੀ ਅਤੇ 2014 ਵਿੱਚ ਗਲਾਸਗੋ ਵਿਖੇ ਹੋਈਆਂ ਕ੍ਰਮਵਾਰ ਚਾਰੇ ਰਾਸ਼ਟਰਮੰਡਲ ਖੇਡਾਂ ਵਿੱਚ ਚਾਰ ਸੋਨ ਤਮਗੇ, 2 ਚਾਂਦੀ ਅਤੇ ਇੱਕ ਕਾਂਸੀ ਦਾ ਤਮਗਾ ਜਿੱਤਿਆ। 2010 ਵਿੱਚ ਹੀ ਗੁਆਂਗਜ਼ੂ ਏਸ਼ਿਆਈ ਖੇਡਾਂ ਵਿੱਚ ਉਸ ਨੇ ਚਾਂਦੀ ਦਾ ਤਮਗਾ ਜਿੱਤਿਆ।

ਅਭਿਨਵ ਦੀ ਖੇਡ ਭਾਵੇਂ ਨਿਸ਼ਾਨੇਬਾਜ਼ੀ ਹੈ, ਪਰ ਪਤਲਾ ਛਾਟਵਾਂ ਸਰੀਰ ਹੋਣ ਕਰ ਕੇ ਦੇਖਣ ਵਾਲਾ ਉਸ ਦੇ ਅਥਲੀਟ ਹੋਣ ਤਾਂ ਭੁਲੇਖਾ ਖਾ ਲੈਂਦਾ। ਦੇਖਣ ਨੂੰ ਸੋਹਣਾ ਸੁਨੱਖਾ ਇਹ ਨਿਸ਼ਾਨਚੀ ਕਿਸੇ ਫਿਲਮੀ ਐਕਟਰ ਤੋਂ ਵੀ ਘੱਟ ਨਹੀਂ ਲੱਗਦਾ। ਅਭਿਨਵ ਬਾਰੇ ਉਸ ਦੇ ਸਾਥੀ ਨਿਸ਼ਾਨਚੀ ਇਹੋ ਕਹਿੰਦੇ ਹਨ ਕਿ ਇਹ ਕਿਸੇ ਵੱਖਰੀ ਹੀ ਮਿੱਟੀ ਦਾ ਬਣਿਆ ਹੈ, ਜਿਹੜਾ ਚੁੱਪ-ਚਾਪ ਖੇਡ ਵੱਲ ਹੀ ਧਿਆਨ ਦਿੰਦਾ ਹੈ। ਸ਼ਾਇਦ ਇਹੋ ਕਾਰਨ ਹੈ ਕਿ ਉਹ ਭਾਰਤ ਦਾ ਇਕਲੌਤਾ ਓਲੰਪਿਕ ਚੈਂਪੀਅਨ ਖਿਡਾਰੀ ਹੈ। ਇਕਾਗਰਤਾ ਦੇ ਨਾਲ ਉਹ ਪ੍ਰੈਕਟਿਸ ਵੱਲ ਵਿਸ਼ੇਸ਼ ਧਿਆਨ ਦਿੰਦਾ ਅਤੇ ਆਪਣੇ ਖੇਡ ਕਰੀਅਰ ਦੌਰਾਨ ਰੋਜ਼ਾਨਾ 9-10 ਘੰਟੇ ਦੇ ਪ੍ਰੈਕਟਿਸ ਸ਼ਡਿਊਲ ਵਿੱਚ ਉਹ 8 ਘੰਟੇ ਸਿਰਫ ਨਿਸ਼ਾਨੇਬਾਜ਼ੀ ਹੀ ਕਰਦਾ ਹੁੰਦਾ ਸੀ। ਜਰਮਨੀ ਵਿੱਚ ਕੋਚਿੰਗ ਲੈਣ ਤੋਂ ਇਲਾਵਾ ਉਹ ਜਦੋਂ ਜ਼ੀਰਕਪੁਰ ਸਥਿਤ ਆਪਣੇ ਬਿੰਦਰਾ ਫਾਰਮ ਆਇਆ ਹੁੰਦਾ ਹੈ ਤਾਂ ਉਥੇ ਵੀ ਪਿਤਾ ਏ.ਐਸ. ਬਿੰਦਰਾ ਵੱਲੋਂ ਘਰ ਵਿੱਚ ਹੀ ਕੌਮਾਂਤਰੀ ਮਿਆਰ ਦੀ ਬਣਾਈ ਏਅਰ ਕੰਡੀਸ਼ਨਡ ਸ਼ੂਟਿੰਗ ਰੇਂਜ ਵਿੱਚ ਅਭਿਆਸ ਕਰਦਾ ਹੁੰਦਾ ਸੀ। ਉਸ ਦੇ ਪਿਤਾ ਵੱਲੋਂ ਘਰ ਵਿੱਚ ਬੀਜਿੰਗ ਦੀ ਲੁਸੇਲ ਰੇਂਜ ਵਾਲਾ ਮਾਹੌਲ ਸਿਰਜਿਆ ਗਿਆ ਸੀ। ਉਹੋ ਜਿਹਾ ਤਪਮਾਨ, ਇੱਥੋਂ ਤੱਕ ਸ਼ੂਟਿੰਗ ਰੇਂਜ ਦੀਆਂ ਦੀਵਾਰਾਂ, ਟਾਈਲਾਂ ਦਾ ਰੰਗ-ਰੋਗਨ ਵੀ ਬੀਜਿੰਗ ਵਾਲਾ ਕੀਤਾ ਗਿਆ ਸੀ। ਅਭਿਨਵ ਦੀ ਸੁਨਹਿਰੀ ਪ੍ਰਾਪਤੀ ਪਿੱਛੇ ਉਸ ਦੇ ਪਿਤਾ ਵੱਲੋਂ ਮੁਹੱਈਆ ਕਰਵਾਏ ਗਏ ਮਾਹੌਲ ਦਾ ਵੀ ਅਹਿਮ ਯੋਗਦਾਨ ਸੀ।




**ਖੇਡ ਸਫਰ 'ਤੇ ਆਧਾਰਿਤ ਅਭਿਨਵ ਬਿੰਦਰਾ ਦੀ ਸਵੈ-ਜੀਵਨੀ 'ਏ ਸ਼ੂਟ ਐਟ ਹਿਸਟਰੀ: ਮਾਈ ਓਬੈਸਿਸਵ ਜਰਨੀ ਟੂ ਓਲੰਪਿਕ ਗੋਲਡ'**

ਅੰਬੀਆਂ ਨੂੰ ਬੂਰ ਪੈ ਗਏ...

# 'ਅੰਬ' ਵੀ ਹਨ ਸੱਭਿਆਚਾਰ ਦਾ ਅਨਿੱਖੜਵਾਂ ਅੰਗ





ਦੁਨੀਆ ਦਾ ਸਭ ਤੋਂ ਮਹਿੰਗਾ ਜਪਾਨੀ 'ਮੀਆਜ਼ਾਕੀ ਅੰਬ'

ਅੰਬਨਾਮਾ



ਡਾ. ਪੀ. ਐੱਸ. ਤਿਆਗੀ
ਫੋਨ: +91-9855446519

ਡਾ. ਸ਼ਾਲੂ ਵਿਆਸ
ਫੋਨ: +91-9996692444

ਖੇਤੀਬਾੜੀ ਵਿਭਾਗ, ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ, ਖਿਆਲਾ (ਜਲੰਧਰ)



ਪੰਜਾਬ ਵਿੱਚ ਬਹੁਤ ਸਾਰੇ ਰੁੱਖ ਧਾਰਮਿਕ ਦ੍ਰਿਸ਼ਟੀਕੋਣ ਅਤੇ ਸੱਭਿਆਚਾਰਕ ਵਿਰਸੇ ਦੇ ਦ੍ਰਿਸ਼ਟੀਕੋਣ ਤੋਂ ਮਹੱਤਵਪੂਰਨ ਹਨ ਜਿਵੇਂ ਕਿ ਬੇਰ, ਫਲਾਹੀ, ਕਿੱਕਰ, ਜੰਡ, ਟਾਹਲੀ ਆਦਿ। ਅੰਬ ਅਜਿਹੇ ਰੁੱਖਾਂ ਵਿੱਚੋਂ ਇੱਕ ਹੈ, ਜੋ ਸੱਭਿਆਚਾਰਕ ਵਿਰਸੇ ਨਾਲ ਡੂੰਘੀਆਂ ਜੜ੍ਹਾਂ ਰੱਖਦਾ ਹੈ। ਪਿੰਡਾਂ ਵਿੱਚ ਆਮ ਵੇਖਣ ਨੂੰ ਮਿਲਦਾ ਹੈ ਕਿ ਛੋਟੇ ਬੱਚੇ ਅੰਬਾਂ ਦੇ ਦਰੱਖਤ ਉੱਤੇ ਚੜ੍ਹ ਕੇ ਅੰਬ ਤੋੜਦੇ ਹਨ। ਉਹ ਅੰਬ ਦੇ ਬੀਜ ਤੋਂ ਪੀਪਨੀ ਨਾਂ ਦੀ ਸੀਟੀ ਵੀ ਬਣਾਉਂਦੇ ਹਨ। ਕਈ ਪੁਰਾਣੇ ਪੰਜਾਬੀ ਗੀਤਾਂ ਵਿੱਚ ਅੰਬ ਦਾ ਜ਼ਿਕਰ ਕੀਤਾ ਗਿਆ ਹੈ। 1959 ਦੀ ਪੰਜਾਬੀ ਫਿਲਮ ਭੰਗੜਾ ਵਿੱਚ ਮੁਹੰਮਦ ਰਫੀ ਅਤੇ ਸ਼ਮਸ਼ਾਦ ਬੇਗਮ ਦੁਆਰਾ ਗਾਏ ਗਏ ਸਦਾਬਹਾਰ ਗਾਣੇ ਸ਼ਾਮਲ ਹਨ ਜਿਵੇਂ ਕਿ "ਰੁਤ ਭੰਗੜਾ ਪਾਉਣ ਦੀ ਆਈ ਕਿ ਅੰਬੀਆਂ ਨੂੰ ਬੂਰ ਪੈ ਗਏ", "ਅੰਬੀਆਂ ਦੇ ਬੂਟਿਆਂ 'ਤੇ ਲੱਗ ਗਿਆ ਬੂਰ ਨੀ... ਰੁਤ ਐ ਮਿਲਾਪਾਂ ਵਾਲੀ, ਚੰਨ ਮੇਰਾ ਦੂਰ ਨੀ।" ਇਸੇ ਤਰ੍ਹਾਂ ਹੋਰ ਵੀ ਬਹੁਤ ਸਾਰੇ ਗੀਤ ਹਨ, ਜਿਨ੍ਹਾਂ ਵਿੱਚ ਪੰਜਾਬੀ ਦੇ ਮਸ਼ਹੂਰ ਗਾਇਕਾਂ ਨੇ ਅੰਬ ਦਾ ਜ਼ਿਕਰ ਕੀਤਾ ਹੈ, ਜਿਵੇਂ ਕਿ "ਮੁਖੜਾ ਸੰਦੂਰੀ ਅੰਬ ਵਰਗਾ", "ਅੰਬ ਚੂਪਦੀ ਜਾਂਦੀ ਛਤਰੀ ਦੀ ਛਾਂ ਕਰ ਦੇ" ਆਦਿ।

ਗਰਮੀ ਦੇ ਮੌਸਮ ਵਿੱਚ ਪਿੰਡਾਂ ਦੀਆਂ ਸੜਕਾਂ ਦੇ ਕਿਨਾਰੇ ਅਤੇ ਅਰਧ-ਸ਼ਹਿਰੀ ਖੇਤਰ ਅੰਬਾਂ ਦੀ ਮਿੱਠੀ ਮਹਿਕ ਨਾਲ ਭਰ ਜਾਂਦੇ ਹਨ। ਫਲਾਂ ਦੀਆਂ ਦੁਕਾਨਾਂ, ਰੇਹੜੀਆਂ ਅਤੇ ਫਲਾਂ ਦੀਆਂ ਮੰਡੀਆਂ ਵਿੱਚ ਹਰ ਥਾਂ ਅੰਬ ਹੀ ਅੰਬ ਨਜ਼ਰ ਆਉਂਦੇ ਹਨ। ਅਜਿਹਾ ਕੋਈ ਘਰ ਨਹੀਂ ਹੋਵੇਗਾ, ਜਿੱਥੇ ਲੋਕ ਰੋਜ਼ਾਨਾ ਅੰਬ ਨਾ ਖਾਂਦੇ ਹੋਣ। ਪੰਜਾਬ ਵਿੱਚ ਪੱਕੇ ਅੰਬਾਂ ਤੋਂ ਇਲਾਵਾ ਖੱਟੇ, ਕੱਚੇ ਅੰਬਾਂ ਦੀ ਵਰਤੋਂ ਅੰਬ ਦੀ ਚਟਨੀ ਲਈ, ਅੰਬ ਦੇ ਅਚਾਰ ਦੇ ਰੂਪ ਵਿੱਚ ਲਗਭਗ ਹਰ ਘਰ ਵਿੱਚ ਕੀਤੀ ਜਾਂਦੀ ਹੈ। ਆਮ ਪੰਨਾ ਨਾਮਕ ਗਰਮੀਆਂ ਦਾ ਡਰਿੰਕ ਅੰਬਾਂ ਨਾਲ ਬਣਾਇਆ ਜਾਂਦਾ ਹੈ। ਮੈਂਗੋ ਸ਼ੇਕ, ਸਮੂਦੀਜ਼, ਮੈਂਗੋ ਕੇਕ, ਮੈਂਗੋ ਆਈਸਕ੍ਰੀਮ, ਮੈਂਗੋ ਲੱਸੀ ਆਦਿ ਅੰਬ ਪ੍ਰੇਮੀਆਂ ਦੁਆਰਾ ਪਸੰਦ ਕੀਤੇ ਜਾਂਦੇ ਹਨ ਅਤੇ ਅੰਬ ਮਨਪਸੰਦ ਫਲਾਂ ਦੀ ਸੂਚੀ ਵਿੱਚ ਸਭ ਤੋਂ ਉੱਪਰ ਹਨ।

ਅੰਬ ਕੇਵਲ ਪੰਜਾਬ ਦਾ ਹੀ ਪ੍ਰਸਿੱਧ ਫਲ ਨਹੀਂ ਹੈ, ਸਗੋਂ ਇਹ ਪੂਰੇ ਭਾਰਤ ਅਤੇ ਦੁਨੀਆ ਦੇ ਕਈ ਹਿੱਸਿਆਂ ਦਾ ਪ੍ਰਸਿੱਧ ਫਲ ਹੈ, ਜਿਸ ਕਾਰਨ ਇਸ ਨੂੰ 'ਫਲਾਂ ਦਾ ਰਾਜਾ' ਦਾ ਖਿਤਾਬ ਦਿੱਤਾ ਗਿਆ ਹੈ। ਇਹ ਭਾਰਤ ਦਾ ਰਾਸ਼ਟਰੀ ਫਲ ਹੈ। 1987 ਵਿੱਚ ਭਾਰਤ ਦੇ ਰਾਸ਼ਟਰੀ ਬਾਗਬਾਨੀ ਬੋਰਡ ਨੇ ਫਲਾਂ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਇੱਕ ਅੰਤਰਰਾਸ਼ਟਰੀ ਅੰਬ ਫੈਸਟੀਵਲ ਆਯੋਜਿਤ ਕਰਨ ਦਾ ਵਿਚਾਰ ਪੇਸ਼ ਕੀਤਾ। ਇਸ ਤਰ੍ਹਾਂ ਅੰਬਾਂ ਲਈ ਇੱਕ ਦਿਨ ਸਮਰਪਿਤ ਕਰਨ ਦਾ ਵਿਚਾਰ ਆਇਆ ਅਤੇ ਬਾਅਦ ਵਿੱਚ ਇਹ ਹਰ ਸਾਲ 22 ਜੁਲਾਈ ਨੂੰ ਪੂਰੇ ਭਾਰਤ ਵਿੱਚ ਮਨਾਇਆ ਜਾਣ ਵਾਲਾ ਸਾਲਾਨਾ ਜਸ਼ਨ 'ਰਾਸ਼ਟਰੀ ਮੈਂਗੋ ਡੇਅ' (ਰਾਸ਼ਟਰੀ ਅੰਬ ਦਿਵਸ) ਬਣ ਗਿਆ। ਇਹ ਦਿਵਸ ਅੰਬ ਦੇ ਮਿੱਠੇ ਸੁਆਦਾਂ ਦਾ ਆਨੰਦ ਲੈਣ ਅਤੇ ਵੱਖ-ਵੱਖ ਸਭਿਆਚਾਰਾਂ ਵਿੱਚ ਇਸਦੀ ਮਹੱਤਤਾ ਬਾਰੇ ਜਾਣਨ ਦਾ ਦਿਨ ਹੈ। ਰਾਸ਼ਟਰੀ ਅੰਬ ਦਿਵਸ, ਅੰਬ ਦੇ ਸੱਭਿਆਚਾਰਕ ਮਹੱਤਵ ਅਤੇ ਸਿਹਤ ਲਾਭਾਂ ਬਾਰੇ ਦੱਸਦਾ ਹੈ ਅਤੇ ਲੋਕਾਂ ਨੂੰ ਅੰਬ ਦੀਆਂ ਵੱਖ-ਵੱਖ ਕਿਸਮਾਂ ਅਤੇ ਟਿਕਾਊ ਸਰੋਤਾਂ ਦੀ ਖੋਜ ਕਰਨ ਲਈ ਉਤਸ਼ਾਹਿਤ ਕਰਦਾ ਹੈ। ਇਹ ਦਿਨ ਅੰਬ ਦੀ ਬਹੁਪੱਖੀਅਤਾ ਅਤੇ ਲੋਕਾਂ ਨੂੰ ਇਕੱਠੇ ਲਿਆਉਣ ਦੀ ਸਮਰੱਥਾ ਦੀ ਯਾਦ ਦਿਵਾਉਂਦਾ ਹੈ। ਅੱਜ-ਕੱਲ੍ਹ ਅੰਬਾਂ ਦੀ ਟੋਕਰੀ ਦੇਣਾ ਦੋਸਤੀ ਦਾ ਪ੍ਰਤੀਕ ਬਣ ਗਿਆ ਹੈ।

ਅੰਬ ਦਾ ਵਿਗਿਆਨਕ ਨਾਮ ਮੈਂਗੀਫੇਰਾ ਇੰਡੀਕਾ ਹੈ ਅਤੇ ਇਹ ਐਨਾਕਾਰਡਿਆਸੀ ਪਰਿਵਾਰ ਦਾ ਮੈਂਬਰ ਹੈ। ਵਿਗਿਆਨਕ ਨਾਮ ਦਰਸਾਉਂਦਾ ਹੈ ਕਿ ਇਹ ਭਾਰਤੀ ਮੂਲ ਦਾ ਹੈ। ਅੰਗਰੇਜ਼ੀ ਨਾਮ ਮੈਂਗੋ ਦੀ ਉਤਪੱਤੀ ਮਲਿਆਲਮ ਸ਼ਬਦ ਮੰਨਾ ਤੋਂ ਹੋਈ ਸੀ, ਜੋ ਬਾਅਦ ਵਿੱਚ ਪੁਰਤਗਾਲੀਆ ਦੁਆਰਾ ਮੰਗਾ ਵਿੱਚ ਬਦਲ ਗਿਆ ਅਤੇ ਆਖਰਕਾਰਾਂ ਵਿੱਚ ਇਹ ਸ਼ਬਦ ਮੈਂਗੋ ਬਣ ਗਿਆ। ਭਾਰਤ ਵਿੱਚ ਅੰਬ ਨੂੰ ਪਹਿਲੀ ਵਾਰ ਲਗਭਗ 5000 ਸਾਲ ਪਹਿਲਾਂ ਉਗਾਇਆ ਗਿਆ ਸੀ। ਪੱਛਮੀ ਬੰਗਾਲ ਰਾਜ ਦੇ ਸ਼ਹਿਰ ਮਾਲਦਾ ਨੂੰ 'ਮੈਂਗੋ ਸਿਟੀ' ਵਜੋਂ ਜਾਣਿਆ ਜਾਂਦਾ ਹੈ। ਮਾਲਦਾ ਉੱਚ ਗੁਣਵੱਤਾ ਵਾਲੇ ਅੰਬਾਂ ਦੇ ਵਿਸ਼ਾਲ ਉਤਪਾਦਨ ਲਈ ਮਸ਼ਹੂਰ ਹੈ। ਉੱਤਰ ਪ੍ਰਦੇਸ਼ ਭਾਰਤ ਦਾ ਸਭ ਤੋਂ ਵੱਡਾ ਅੰਬ ਉਤਪਾਦਕ ਰਾਜ ਹੈ। 'ਅਲਫੋਂਸੋ' ਅੰਬਾਂ ਦੀ ਸਭ ਤੋਂ ਮਹਿੰਗੀ ਅਤੇ ਵਧੀਆ ਕਿਸਮਾਂ ਵਿੱਚੋਂ ਇੱਕ ਹੈ, ਜੋ ਮੁੱਖ ਤੌਰ 'ਤੇ ਭਾਰਤ ਦੇ ਪੱਛਮੀ ਹਿੱਸੇ ਵਿੱਚ ਉਗਾਈ ਜਾਂਦੀ ਹੈ। ਅਲਫੋਂਸੋ ਨੂੰ ਮਹਾਰਾਸ਼ਟਰ ਅਤੇ ਗੁਜਰਾਤ ਰਾਜਾਂ ਵਿੱਚ ਅਕਸਰ 'ਹਾਪੁਸ' ਕਿਹਾ ਜਾਂਦਾ ਹੈ। ਦਸਹਿਰੀ ਇੱਕ ਹੋਰ ਮਸ਼ਹੂਰ ਅੰਬ ਦੀ ਕਿਸਮ ਹੈ, ਜੋ 18ਵੀਂ ਸਦੀ ਵਿੱਚ ਲਖਨਊ ਜ਼ਿਲ੍ਹੇ ਦੇ ਇੱਕ ਪਿੰਡ ਦਾਸ਼ਾਰੀ ਵਿੱਚ ਗ੍ਰਾਫਟਿੰਗ ਰਾਹੀਂ ਪੈਦਾ ਹੋਈ ਸੀ। ਇਹ ਉੱਤਰੀ ਭਾਰਤ ਵਿੱਚ ਉਗਾਈ ਜਾਣ ਵਾਲੀ ਅੰਬ ਦੀ ਇੱਕ ਮਿੱਠੀ ਅਤੇ ਸੁਗੰਧਿਤ ਕਿਸਮ ਹੈ। ਉੱਤਰ ਪ੍ਰਦੇਸ਼ ਵਿੱਚ ਮਲੀਹਾਬਾਦ ਇਸ ਕਿਸਮ ਦਾ ਸਭ ਤੋਂ ਵੱਡਾ ਉਤਪਾਦਕ ਹੈ। ਇੱਕ ਹੋਰ ਮਸ਼ਹੂਰ ਕਿਸਮ, ਲੰਗੜਾ ਅੰਬ ਦਾ ਜਨਮ ਲਗਭਗ 250 ਤੋਂ 300 ਸਾਲ ਪਹਿਲਾਂ ਵਾਰਾਣਸੀ ਸ਼ਹਿਰ ਦੇ ਇੱਕ ਸ਼ਿਵ ਮੰਦਰ ਵਿੱਚ ਹੋਇਆ ਦੱਸਿਆ ਜਾਂਦਾ ਹੈ। ਕਥਾ ਹੈ ਕਿ ਇੱਕ ਸੰਤ ਆਪਣੇ ਨਾਲ ਅੰਬ ਦਾ ਇੱਕ ਵਿਸ਼ੇਸ਼ ਬੀਜ ਲੈ ਕੇ ਆਇਆ ਤੇ ਇਸ ਨੂੰ ਸ਼ਿਵ ਮੰਦਰ ਵਿੱਚ ਉਗਾਇਆ। ਸੰਤ ਲੰਗੜਾ ਹੋਣ ਕਰਕੇ ਉਸ ਦਰੱਖਤ 'ਤੇ ਪੈਦਾ ਹੋਏ ਅੰਬ ਨੂੰ ਲੰਗੜਾ ਕਿਹਾ ਜਾਣ ਲੱਗਾ। ਲੰਗੜਾ ਅੰਬ ਸੁੰਦਰ, ਖੁਸ਼ਬੂ, ਭਰਪੂਰ ਸੁਆਦ, ਪਤਲੀ ਚਮੜੀ ਅਤੇ ਭਰਪੂਰ ਮਿੱਝ ਲਈ ਜਾਣਿਆ ਜਾਂਦਾ ਹੈ। ਇਹ ਯੂ.ਪੀ., ਬਿਹਾਰ ਅਤੇ ਬੰਗਾਲ ਦੇ ਪੂਰਬੀ ਹਿੱਸਿਆਂ ਵਿੱਚ ਬਹੁਤ ਮਸ਼ਹੂਰ ਹੈ, ਪਰ ਬਨਾਰਸੀ ਲੰਗੜਾ ਅੰਬ ਖੇਤਰ ਦੇ ਪਾਣੀ ਤੇ ਮਿੱਟੀ ਦੀ ਬਣਤਰ ਕਾਰਨ ਵਿਲੱਖਣ ਸੁਆਦ ਰੱਖਦਾ ਹੈ।

ਭਾਰਤ ਵਿੱਚ ਅੰਬਾਂ ਦੀਆਂ ਸਭ ਤੋਂ ਮਹਿੰਗੀਆਂ ਕਿਸਮਾਂ ਵਿੱਚੋਂ ਇੱਕ ਕਿਸਮ ਦਾ ਨਾਮ 'ਕੋਹਿਤੂਰ' ਹੈ, ਜੋ ਪੱਛਮੀ ਬੰਗਾਲ ਦੇ ਮੁਰਸ਼ਿਦਾਬਾਦ ਵਿੱਚ ਉਗਾਇਆ ਜਾਂਦਾ ਹੈ। ਇਸ ਕਿਸਮ ਦੇ ਇੱਕ ਅੰਬ ਦੀ ਕੀਮਤ 2000 ਤੋਂ 3000 ਰੁਪਏ ਤੱਕ ਹੋ ਸਕਦੀ ਹੈ। ਸਮੇਂ-ਸਮੇਂ ਬਾਜ਼ਾਰ 'ਚ ਉਪਲਬਧ ਹੋਣ ਵਾਲੀਆਂ ਅੰਬਾਂ ਦੀਆਂ ਕੁਝ ਹੋਰ ਪ੍ਰਸਿੱਧ ਕਿਸਮਾਂ ਸਿੰਦੂਰੀ, ਨੂਰਜਹਾਂ, ਤੋਤਾਪੁਰੀ, ਹਿਮਸਾਗਰ, ਚੌਸਾ, ਕੇਸਰ, ਬਦਾਮ, ਸਫੇਦਾ ਅਤੇ ਨੀਲਮ ਹਨ। "ਮੀਆਜ਼ਾਕੀ ਅੰਬ" ਜਾਪਾਨ ਵਿੱਚ ਉਗਾਏ ਜਾਣ ਵਾਲੇ ਅੰਬ ਨੂੰ ਦੁਨੀਆ ਦਾ ਸਭ ਤੋਂ ਮਹਿੰਗਾ ਅੰਬ ਕਿਹਾ ਜਾਂਦਾ ਹੈ, ਜਿਸ ਦੀ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਕੀਮਤ 3 ਲੱਖ ਰੁਪਏ ਪ੍ਰਤੀ ਕਿਲੋਗ੍ਰਾਮ ਹੈ। ਪਦਮ ਸ਼੍ਰੀ ਹਾਜੀ ਕਲੀਮਉਲ੍ਹਾ ਖਾਨ, ਜੋ ਕਿ 'ਭਾਰਤ ਦਾ ਮੈਂਗੋ ਮੈਨ' (Mango Man Of the India) ਵਜੋਂ ਜਾਣੇ ਜਾਂਦੇ ਹਨ, ਦੇ ਯੋਗਦਾਨ ਦੀ ਚਰਚਾ ਨਾ ਕਰੀਏ ਤਾਂ ਇਹ ਬਹੁਤ ਵੱਡੀ ਬੇਇਨਸਾਫ਼ੀ ਹੋਵੇਗੀ। ਉਹ ਇੱਕ ਅਨੁਭਵੀ ਬਾਗਬਾਨੀ ਵਿਗਿਆਨੀ ਹੈ ਅਤੇ ਆਪਣੇ ਜੱਦੀ ਸ਼ਹਿਰ ਮਲੀਹਾਬਾਦ, ਉੱਤਰ ਪ੍ਰਦੇਸ਼ ਵਿੱਚ ਅੰਬਾਂ ਦੀਆਂ ਵੱਖ ਵੱਖ ਕਿਸਮਾਂ ਉਗਾਉਣ ਲਈ ਜਾਣਿਆ ਜਾਂਦਾ ਹੈ। ਅੰਬਾਂ ਦੀਆਂ 300 ਤੋਂ ਵੱਧ ਕਿਸਮਾਂ ਦੇ ਨਾਲ 'ਅਨਾਰਕਲੀ' ਨਾਮਕ ਇੱਕ ਵਿਲੱਖਣ ਦਰੱਖਤ ਵਿਕਸਤ ਕਰਨ ਲਈ ਉਸਦਾ ਨਾਮ 'ਲਿਮਕਾ ਬੁੱਕ ਆਫ਼ ਰਿਕਾਰਡਜ਼' ਵਿੱਚ ਦਰਜ ਹੈ।



'ਮੈਂਗੋ ਮੈਨ ਆਫ ਦਾ ਇੰਡੀਆ' ਹਾਜੀ ਕਲੀਮਉਲ੍ਹਾ ਖਾਨ

ਅੰਬ ਇਤਿਹਾਸਕ ਅਤੇ ਧਾਰਮਿਕ ਪੱਖੋਂ ਵੀ ਮਹੱਤਵਪੂਰਨ ਹੈ। ਜਿਵੇਂ ਕਿ ਉੱਪਰ ਦੱਸਿਆ ਗਿਆ ਹੈ, ਅੰਬ ਸਭ ਤੋਂ ਪਹਿਲਾਂ ਭਾਰਤ ਵਿੱਚ ਉਗਾਇਆ ਗਿਆ ਸੀ ਅਤੇ ਇਸ ਦੇਸ਼ ਲਈ ਇਸਦਾ ਵਿਸ਼ੇਸ਼ ਮਹੱਤਵ ਹੈ। ਗੌਤਮ ਬੁੱਧ ਨੂੰ ਅੰਬ ਦੇ ਇੱਕ ਵਿਸ਼ਾਲ ਦਰੱਖਤ ਕੋਲ ਬੈਠੇ ਦਰਸਾਇਆ ਗਿਆ ਹੈ। ਕੁਝ ਇਤਿਹਾਸਕਾਰ ਇਹ ਮੰਨਦੇ ਹਨ ਕਿ ਮੁਗਲ ਸਮਰਾਟ ਬਾਬਰ ਨੇ ਇੱਕ ਖਾਸ ਸੁਆਦੀ ਅੰਬ ਚੱਖਣ ਤੋਂ ਬਾਅਦ ਭਾਰਤ ਨੂੰ ਜਿੱਤਣ ਦਾ ਫੈਸਲਾ ਕੀਤਾ। ਅੰਬ ਮੁਗਲ ਸਾਮਰਾਜ ਨੂੰ ਇੰਨੇ ਪਿਆਰੇ ਸਨ ਕਿ ਬਾਦਸ਼ਾਹ ਸ਼ਾਹਜਹਾਂ ਨੇ ਆਪਣੇ ਪੁੱਤਰ ਨੂੰ ਇਹ ਜਾਣ ਕੇ ਸਜ਼ਾ ਦਿੱਤੀ ਕਿ ਉਸਨੇ ਮਹਿਲ ਦੇ ਅੰਬ ਖਾ ਲਏ। ਕਵੀ ਕਾਲੀਦਾਸ ਨੇ ਅੰਬ ਦਾ ਗੁਣਗਾਨ ਕੀਤਾ। ਇੱਥੋਂ ਤੱਕ ਕਿ ਅਲੈਗਜ਼ੈਂਡਰ ਅਤੇ ਚੀਨੀ ਤੀਰਥ ਯਾਤਰੀ ਹਿਊਨ ਸਾਂਗ ਨੇ ਵੀ ਇਸਦਾ ਸੁਆਦ ਲਿਆ। ਮੁਗਲ ਬਾਦਸ਼ਾਹ ਅਕਬਰ ਵੱਲੋਂ ਦਰਭੰਗਾ, ਬਿਹਾਰ ਵਿੱਚ ਲੱਖੀ ਬਾਗ ਵਜੋਂ ਜਾਣੀ ਜਾਂਦੀ ਜਗ੍ਹਾ 'ਤੇ ਲਗਭਗ 100,000 ਅੰਬ ਦੇ ਦਰੱਖਤ ਲਗਾਏ ਗਏ ਸਨ।

ਧਾਰਮਿਕ ਨਜ਼ਰੀਏ ਤੋਂ ਵੀ ਅੰਬ ਦਾ ਵਿਲੱਖਣ ਸਥਾਨ ਹੈ। ਹਿੰਦੂ ਧਾਰਮਿਕ ਰੀਤੀ ਰਿਵਾਜਾਂ ਵਿੱਚ ਅੰਬ ਦੇ ਪੱਤੇ ਇੱਕ ਕਲਸ਼ ਉੱਤੇ ਨਾਰੀਅਲ ਦੇ ਨਾਲ ਰੱਖੇ ਜਾਂਦੇ ਹਨ। ਗੁਰਬਾਣੀ ਵਿੱਚ ਅੰਬ ਦਾ ਜ਼ਿਕਰ ਅਕਸਰ ਕੋਇਲ ਨਾਲ ਕੀਤਾ ਗਿਆ ਹੈ। ਅੰਬਾਂ ਲਈ ਕੋਇਲ ਦੀ ਅਸਾਧਾਰਣ ਸਾਂਝ ਅਤੇ ਪਿਆਰ ਉਸ ਪਿਆਰ ਨੂੰ ਦਰਸਾਉਂਦਾ ਹੈ, ਜਿਸ ਨੂੰ ਸਾਨੂੰ ਆਪਣੇ ਦਿਲਾਂ ਵਿੱਚ ਰੱਬ ਲਈ ਰੱਖਣਾ ਚਾਹੀਦਾ ਹੈ। ਮੋਹਾਲੀ (ਪੰਜਾਬ) ਵਿੱਚ 'ਅੰਬ ਸਾਹਿਬ' ਨਾਮ ਦਾ ਇੱਕ ਗੁਰਦੁਆਰਾ ਹੈ। ਇਸ ਗੁਰਦੁਆਰੇ ਦੇ ਪਿੱਛੇ ਦਾ ਇਤਿਹਾਸ ਇਹ ਹੈ ਕਿ 7ਵੇਂ ਗੁਰੂ ਸ਼੍ਰੀ ਹਰਿਰਾਇ ਸਾਹਿਬ ਨੇ ਇਸ ਸਥਾਨ 'ਤੇ ਇੱਕ ਅੰਬ ਦੇ ਦਰੱਖਤ ਹੇਠਾਂ ਬੈਠ ਕੇ ਆਪਣੇ ਕੱਟੜ ਸ਼ਰਧਾਲੂ ਭਾਈ ਕੁਰਮ ਜੀ ਨੂੰ ਆਸ਼ੀਰਵਾਦ ਦਿੱਤਾ ਸੀ। ਗੁਰੂ ਜੀ ਦੀ ਬਖਸ਼ਿਸ਼ ਸਦਕਾ ਅੰਬ ਦਾ ਦਰਖਤ ਦਸੰਬਰ ਦੇ ਮਹੀਨੇ ਬੇ-ਮੌਸਮੀ ਅੰਬਾਂ ਨਾਲ ਲੱਦਿਆ ਗਿਆ ਤਾਂ ਜੋ ਭਾਈ ਕੁਰਮ, ਗੁਰੂ ਜੀ ਨੂੰ ਅੰਬ ਭੇਟ ਕਰਨ ਦਾ ਆਪਣਾ ਵਾਅਦਾ ਪੂਰਾ ਕਰ ਸਕੇ। ਅੰਬ ਨਾਲ ਸਬੰਧਤ ਇੱਕ ਮਿਥਿਹਾਸਕ ਕਥਾ ਅਨੁਸਾਰ ਦੇਵਰਿਸ਼ੀ ਨਾਰਦ ਨੇ ਭਗਵਾਨ ਸ਼ਿਵ ਅਤੇ ਮਾਂ ਪਾਰਵਤੀ ਦੇ ਦਰਸ਼ਨ ਕੀਤੇ ਅਤੇ ਇਹ ਕਹਿੰਦੇ ਹੋਏ ਇੱਕ ਅਨੋਖਾ ਅੰਬ ਭੇਟ ਕੀਤਾ ਕਿ ਜੋ ਕੋਈ ਇਸ ਦਾ ਸੇਵਨ ਕਰੇਗਾ, ਉਹ ਅਸਧਾਰਨ ਗੁਣ ਅਤੇ ਸ਼ਕਤੀਆਂ ਪ੍ਰਾਪਤ ਕਰੇਗਾ। ਸ਼ਿਵ ਜੀ ਅਤੇ ਮਾਤਾ ਪਾਰਵਤੀ ਦੁਬਿਧਾ ਵਿੱਚ ਸਨ ਕਿ ਅੰਬ ਆਪਣੇ ਪੁੱਤਰ ਕਾਰਤੀਕੇ ਨੂੰ ਦੇਵੇ ਜਾਂ ਸ਼੍ਰੀ ਗਣੇਸ਼ ਨੂੰ। ਇਸ ਲਈ ਉਨ੍ਹਾਂ ਨੇ ਇੱਕ ਮੁਕਾਬਲਾ ਕਰਵਾਇਆ ਅਤੇ ਕਿਹਾ ਕਿ ਜੋ ਕੋਈ ਧਰਤੀ ਦੇ 3 ਚੱਕਰ ਲਗਾਉਣ ਤੋਂ ਬਾਅਦ ਪਹਿਲੇ ਨੰਬਰ 'ਤੇ ਆਵੇਗਾ, ਉਸ ਨੂੰ ਅੰਬ ਦਿੱਤਾ ਜਾਵੇਗਾ। ਸ਼੍ਰੀ ਗਣੇਸ਼ ਨੇ ਸ਼ਿਵ ਜੀ ਅਤੇ ਮਾਤਾ ਪਾਰਵਤੀ ਦੇ ਦੁਆਲੇ 3 ਚੱਕਰ ਲਗਾ ਕੇ ਇਹ ਕਹਿ ਕੇ ਮੁਕਾਬਲਾ ਜਿੱਤਿਆ ਕਿ ਮੇਰੇ ਲਈ ਤੁਸੀਂ ਦੋਵੇਂ ਪੂਰਨ ਧਰਤੀ ਹੋ।

ਉੱਪਰ ਦਿੱਤੇ ਵੇਰਵੇ ਅਨੁਸਾਰ ਇਹ ਸਪੱਸ਼ਟ ਹੈ ਕਿ ਅੰਬ ਧਰਮ, ਸੱਭਿਆਚਾਰ, ਵਿਰਾਸਤ ਅਤੇ ਖੁਸ਼ਹਾਲੀ ਦਾ ਅਨਿੱਖੜਵਾਂ ਅੰਗ ਹੈ।

# 'ਪੰਜਾਬ ਸਮਝੌਤਾ' ਅਤੇ ਸੰਤ ਹਰਚੰਦ ਸਿੰਘ ਲੌਂਗੋਵਾਲ

ਜਗਤਾਰ ਸਿੰਘ

## *ਕੀ ਸਮਝੌਤਾ ਹੀ ਮੌਤ ਦਾ ਕਾਰਨ ਬਣਿਆ?



ਸੰਤ ਹਰਚੰਦ ਸਿੰਘ ਲੌਂਗੋਵਾਲ ਪੰਥਕ ਸਫਾਂ ਵਿੱਚ ਇੱਕ ਅਜਿਹਾ ਨਾਮ ਹੈ, ਜਿਨ੍ਹਾਂ ਨੇ ਨਾਜ਼ੁਕ ਸਮੇਂ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਦੋ ਮੋਰਚਿਆਂ ਦੀ ਅਗਵਾਈ ਕੀਤੀ। ਉਹ ਪਹਿਲੇ ਆਗੂ ਸਨ, ਜਿਨ੍ਹਾਂ ਨੇ ਦੇਸ ਦੇ ਪ੍ਰਧਾਨ ਮੰਤਰੀ ਨਾਲ ਕਿਸੇ ਸਮਝੌਤੇ 'ਤੇ ਦਸਤਖ਼ਤ ਕੀਤੇ ਹੋਣ; ਪਰ ਹਾਲੇ ਤੱਕ ਉਨ੍ਹਾਂ ਦੀ ਵਿਰਾਸਤ ਨੂੰ ਘੱਟ ਹੀ ਪਛਾਣਿਆ ਗਿਆ ਹੈ। ਉਨ੍ਹਾਂ ਬਾਰੇ ਇੱਕ ਹੋਰ ਖ਼ਾਸੀਅਤ ਸੀ ਕਿ ਉਨ੍ਹਾਂ ਨੇ ਇੱਕ ਸਾਬਕਾ ਮੁੱਖ ਮੰਤਰੀ ਨੂੰ ਵਿਧਾਨ ਸਭਾ ਚੋਣਾਂ ਵਿੱਚ ਮਾਤ ਦਿੱਤੀ ਸੀ, ਉਹ ਵੀ ਦੋ ਵਾਰ। ਇੱਕ ਹੋਰ ਪਹਿਲੂ ਨੂੰ ਇਸ ਤੱਥ ਰਾਹੀਂ ਦੱਸਿਆ ਜਾ ਸਕਦਾ ਹੈ ਕਿ ਪਰਕਾਸ਼ ਸਿੰਘ ਬਾਦਲ ਜਿਹੇ ਸੀਨੀਅਰ ਆਗੂ ਸਾਲਾਂ ਤੱਕ, ਉਨ੍ਹਾਂ ਦੀ ਮੌਤ ਦੀ ਵਰ੍ਹੇਗੰਢ ਮੌਕੇ ਸ਼ਾਮਲ ਨਹੀਂ ਹੋਏ। ਉਨ੍ਹਾਂ ਦੀ ਮੌਤ ਤੋਂ ਬਾਅਦ ਕਾਂਗਰਸ ਅਤੇ ਕਮਿਊਨਿਸਟ ਆਗੂਆਂ ਵੱਲੋਂ ਉਨ੍ਹਾਂ ਦੇ ਨਾਮ ਦਾ ਜ਼ਿਕਰ ਵਧੇਰੇ ਹੋਇਆ, ਜਿਨ੍ਹਾਂ ਨੇ ਲੌਂਗੋਵਾਲ ਨੂੰ ਖ਼ੂਨ ਨਾਲ ਲਥਪਥ ਪੰਜਾਬ ਅੰਦਰ ਸ਼ਾਂਤੀ ਦੂਤ ਵਜੋਂ ਯਾਦ ਕੀਤਾ।

ਜਦੋਂ ਸੰਤ ਲੌਂਗੋਵਾਲ ਦੀ ਅਗਵਾਈ ਵਾਲੇ ਅਕਾਲੀ ਦਲ ਦਾ ਆਖ਼ਰੀ ਸੰਘਰਸ਼ ਸਿਖਰ 'ਤੇ ਸੀ, ਤਾਂ ਉਨ੍ਹਾਂ ਨੂੰ ਅੰਮ੍ਰਿਤਸਰ ਵਿਖੇ ਦਰਬਾਰ ਸਾਹਿਬ ਕੰਪਲੈਕਸ ਦੇ ਤੇਜਾ ਸਿੰਘ ਸਮੁੰਦਰੀ ਹਾਲ ਦੀ ਪਹਿਲੀ ਮੰਜ਼ਿਲ ਉੱਤੇ ਸਥਿਤ ਉਨ੍ਹਾਂ ਦੇ ਕਮਰੇ ਵਿੱਚ ਇਕੱਲਿਆਂ ਬੈਠੇ ਦੇਖਿਆ ਜਾ ਸਕਦਾ ਹੁੰਦਾ ਸੀ। ਉਹ ਅਕਾਲੀ ਦਲ ਦੇ ਸਭ ਤੋਂ ਸੀਨੀਅਰ ਆਗੂ ਸਨ, ਜਿਨ੍ਹਾਂ ਨੂੰ ਸਿੱਖ ਖਾੜਕੂਆਂ ਨੇ ਗੋਲੀਆਂ ਨਾਲ ਮਾਰ ਦਿੱਤਾ ਸੀ। ਉਹ ਪਹਿਲੀ ਵਾਰ ਸਾਲ 1969 ਵਿੱਚ ਸੁਰਖ਼ੀਆਂ ਵਿੱਚ ਛਾਏ ਸਨ, ਜਦੋਂ ਕਾਂਗਰਸ ਵੱਲੋਂ ਚੋਣ ਲੜ ਰਹੇ ਪੈਪਸੂ ਰਾਜ ਦੇ ਸਾਬਕਾ ਮੁੱਖ ਮੰਤਰੀ ਬ੍ਰਿਜ ਭਾਨ ਨੂੰ ਉਨ੍ਹਾਂ ਨੇ ਲਹਿਰਾਗਾਗਾ ਸੀਟ ਤੋਂ ਹਰਾ ਦਿੱਤਾ ਸੀ। ਸੰਤ ਹਰਚੰਦ ਸਿੰਘ ਲੌਂਗੋਵਾਲ ਅਕਾਲੀ ਦਲ ਦੇ ਸਾਬਕਾ ਪ੍ਰਧਾਨ ਸਨ। ਉਨ੍ਹਾਂ ਨੂੰ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਰਾਜੀਵ ਗਾਂਧੀ ਤੇ ਲੌਂਗੋਵਾਲ ਵਿਚਕਾਰ 24 ਜੁਲਾਈ 1985 'ਪੰਜਾਬ ਐਕੋਰਡ' ਹੋਇਆ ਸੀ।

ਹਰਚੰਦ ਸਿੰਘ ਲੌਂਗੋਵਾਲ ਜ਼ਿਲ੍ਹਾ ਸੰਗਰੂਰ ਦੇ ਪਿੰਡ ਗਿੱਦੜਆਣੀ ਵਿੱਚ 2 ਜਨਵਰੀ 1932 ਨੂੰ ਇੱਕ ਅਕਾਲੀ ਪਰਿਵਾਰ ਦੇ ਘਰ ਜਨਮੇ ਸਨ। ਮਾਲਵਾ ਖੇਤਰ ਦਾ ਇਹ ਇਲਾਕਾ ਪੰਜਾਬ ਦੇ ਸਭ ਤੋਂ ਪੱਛੜੇ ਇਲਾਕਿਆਂ ਵਿੱਚੋਂ ਸੀ। ਉਨ੍ਹਾਂ ਨੇ ਰਸਮੀ ਸਿੱਖਿਆ ਤੱਕ ਹਾਸਿਲ ਨਹੀਂ ਕੀਤੀ ਸੀ; ਇੱਕ ਡੇਰੇ ਵਿੱਚ ਧਾਰਮਿਕ ਗ੍ਰੰਥਾਂ ਦੀ ਪੜ੍ਹਾਈ ਕੀਤੀ ਸੀ। ਪੰਜ ਸਾਲ ਦੀ ਉਮਰ ਵਿੱਚ ਉਹ ਬਠਿੰਡਾ ਦੇ ਸੰਤ ਜੋਧ ਸਿੰਘ ਦੇ ਡੇਰੇ ਵਿੱਚ ਚਲੇ ਗਏ ਸਨ ਅਤੇ ਕਰੀਬ 10 ਸਾਲ ਉੱਥੇ ਗੁਜ਼ਾਰਨ ਤੇ ਧਾਰਮਿਕ ਗ੍ਰੰਥਾਂ ਦੀ ਪੜ੍ਹਾਈ ਕਰਨ ਬਾਅਦ ਸਾਲ 1946 ਵਿੱਚ ਆਪਣੇ ਪਿੰਡ ਪਰਤੇ ਸੀ। ਉਨ੍ਹਾਂ ਨੇ ਗੁਰਦੁਆਰਾ ਸਾਹਿਬ ਵਿਖੇ ਸੇਵਾ ਕਰਨੀ ਸ਼ੁਰੂ ਕਰ ਦਿੱਤੀ ਸੀ।

ਮਾਰਚ 1953 ਵਿੱਚ ਅਕਾਲੀ ਦਲ ਦੀ ਪੈਪਸੂ ਸਰਕਾਰ ਭੰਗ ਹੋਣ ਦੇ ਸਮੇਂ ਦੌਰਾਨ ਹੀ ਉਹ ਸਰਗਰਮ ਸਿਆਸਤ ਵਿੱਚ ਸ਼ਾਮਲ ਹੋਏ। ਪੈਪਸੂ ਅਕਾਲੀ ਦਲ ਨੇ ਇਸ ਖ਼ਿਲਾਫ਼ ਮੋਰਚਾ ਸ਼ੁਰੂ ਕੀਤਾ ਅਤੇ ਇਸ ਮੋਰਚੇ ਦੌਰਾਨ ਹਰਚੰਦ ਸਿੰਘ ਨੇ ਵੀ ਗ੍ਰਿਫ਼ਤਾਰੀ ਦਿੱਤੀ। ਉਹ ਮੋਰਚੇ ਅਧੀਨ ਤਿੰਨ ਮਹੀਨੇ ਤੱਕ ਫਰੀਦਕੋਟ ਜੇਲ੍ਹ ਵਿੱਚ ਰਹੇ। ਪੈਪਸੂ ਰਾਜ ਵਿੱਚ ਕਮਿਊਨਿਸਟਾਂ ਵੱਲੋਂ ਚਲਾਏ ਗਏ ਮੁਜ਼ਾਰਾ ਅੰਦੋਲਨ ਵਿੱਚ ਵੀ ਉਹ ਸਰਗਰਮ ਰਹੇ। ਸਾਲ 1957 ਵਿੱਚ ਰਸਮੀ ਤੌਰ 'ਤੇ ਉਹ ਅਕਾਲੀ ਦਲ ਦੇ ਮੈਂਬਰ ਬਣ ਗਏ।

ਸਾਲ 1953 ਵਿੱਚ ਉਹ ਪਿੰਡ ਲੌਂਗੋਵਾਲ ਆ ਗਏ ਸਨ, ਜੋ ਕਿ ਸਿੱਖ ਸ਼ਹੀਦ ਭਾਈ ਮਨੀ ਸਿੰਘ ਦਾ ਜੱਦੀ ਪਿੰਡ ਸੀ। ਜਿੱਥੇ ਉਨ੍ਹਾਂ ਦੀ ਯਾਦ ਵਿੱਚ ਗੁਰਦੁਆਰਾ ਸਾਹਿਬ ਦੀ ਉਸਾਰੀ ਹੋ ਰਹੀ ਸੀ। ਭਾਈ ਮਨੀ ਸਿੰਘ ਨੂੰ 1724 ਵਿੱਚ ਮੁਗਲ ਹਕੂਮਤ ਨੇ ਜਦੋਂ 'ਸ਼ਹੀਦ' ਕੀਤਾ ਤਾਂ ਉਸ ਵੇਲੇ ਉਹ ਸ੍ਰੀ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਸਨ। ਭਾਈ ਮਨੀ ਸਿੰਘ ਦੀ ਯਾਦ ਵਿੱਚ ਬਣੇ ਰਹੇ ਗੁਰਦੁਆਰੇ ਦੀ ਉਸਾਰੀ ਦੇ ਕਾਰਜ ਨੂੰ ਫਿਰ ਹਰਚੰਦ ਸਿੰਘ ਨੇ ਸਾਂਭ ਲਿਆ। ਇੱਥੇ ਆਉਣ ਤੋਂ ਬਾਅਦ ਹੀ ਉਨ੍ਹਾਂ ਦਾ ਨਾਮ ਹਰਚੰਦ ਸਿੰਘ ਲੌਂਗੋਵਾਲ ਬਣ ਗਿਆ ਅਤੇ ਉਹ ਗੁਰਦੁਆਰਾ ਸਾਹਿਬ ਉਨ੍ਹਾਂ ਦਾ ਪੱਕਾ ਘਰ ਬਣ ਗਿਆ।

ਸੰਤ ਲੌਂਗੋਵਾਲ ਦੀ ਅਕਾਲੀ ਆਗੂ ਵਜੋਂ ਦੂਜੀ ਗ੍ਰਿਫ਼ਤਾਰੀ 1955 ਵਿੱਚ ਪੰਜਾਬੀ ਸੂਬੇ ਦੇ ਪਹਿਲੇ ਮੋਰਚੇ ਦੌਰਾਨ ਹੋਈ ਸੀ। ਹੁਣ ਉਹ ਸਰਗਰਮ ਪੰਥਕ ਧਰਮ-ਸਿਆਸਤ ਸਫਾਂ ਵਿੱਚ ਸ਼ਾਮਲ ਹੋ ਚੁੱਕੇ ਸਨ। ਉਹ ਫਿਰ ਸਾਲ 1960 ਵਿੱਚ ਚਲਾਏ ਗਏ ਪੰਜਾਬੀ ਸੂਬੇ ਦੇ ਦੂਜੇ ਮੋਰਚੇ ਦੌਰਾਨ ਵੀ ਜੇਲ੍ਹ ਗਏ। 'ਮੁਜ਼ਾਰਾ ਅੰਦੋਲਨ' ਦੀ ਤਰ੍ਹਾਂ ਕਮਿਊਨਿਸਟਾਂ ਵੱਲੋਂ ਪ੍ਰਤਾਪ ਸਿੰਘ ਕੈਰੋਂ ਸਰਕਾਰ ਵੱਲੋਂ ਲਗਾਏ ਗਏ 'ਖੁਸ਼ ਹੈਸੀਅਤੀ ਟੈਕਸ' ਖ਼ਿਲਾਫ਼ ਚਲਾਏ ਅੰਦੋਲਨ ਵਿੱਚ ਵੀ ਸੰਤ ਲੌਂਗੋਵਾਲ ਸ਼ਾਮਲ ਹੋਏ।

ਅਕਾਲੀ ਦਲ ਨੇ ਪਹਿਲੀ ਵਾਰ ਉਨ੍ਹਾਂ ਨੂੰ 1960 ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਹਾਊਸ ਲਈ ਚੋਣ ਲੜਨ ਲਈ ਕਿਹਾ, ਪਰ ਉਨ੍ਹਾਂ ਨੇ ਸਨਮਾਨ ਸਹਿਤ ਮਨ੍ਹਾਂ ਕਰ ਦਿੱਤਾ। ਉਨ੍ਹਾਂ ਨੇ ਪਾਰਟੀ ਪ੍ਰਧਾਨ ਨੂੰ ਕਿਹਾ, "ਮੇਰਾ ਮੰਤਵ ਪੰਥ ਦੀ ਸੇਵਾ ਕਰਨਾ ਹੈ, ਚੋਣ ਲੜਨਾ ਨਹੀਂ; ਪਰ ਲਾਜ਼ਮੀ ਤੌਰ 'ਤੇ ਮੈਂ ਪਾਰਟੀ ਦੇ ਉਮੀਦਵਾਰ ਦੀ ਜਿੱਤ ਯਕੀਨੀ ਬਣਾਵਾਂਗਾ।"

ਸਾਲ 1963 ਵਿੱਚ ਵਿਸਾਖੀ ਦੇ ਦਿਨ ਜਦੋਂ ਤਖ਼ਤ ਸ੍ਰੀ ਦਮਦਮਾ ਸਾਹਿਬ ਨੂੰ ਪੰਜਵੇਂ ਤਖ਼ਤ ਵਜੋਂ ਮੰਨਿਆ ਗਿਆ, ਤਾਂ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਉੱਥੋਂ ਦੇ ਪਹਿਲੇ ਜਥੇਦਾਰ ਬਣਾਇਆ ਗਿਆ। ਉਹ ਇੱਕ ਸਾਲ ਤੋਂ ਵਧ ਦਾ ਸਮਾਂ ਇਸ ਅਹੁਦੇ 'ਤੇ ਰਹੇ। ਇਸ ਦੌਰਾਨ ਉਨ੍ਹਾਂ ਨੇ ਆਪਣੀ ਰਿਹਾਇਸ਼ ਲੌਂਗੋਵਾਲ ਹੀ ਰੱਖੀ ਅਤੇ ਹਫ਼ਤੇ ਵਿੱਚ ਦੋ ਵਾਰ ਦਮਦਮਾ ਸਾਹਿਬ ਵਿਖੇ ਜਾਂਦੇ ਸਨ। ਜਦੋਂ ਪਾਰਟੀ ਨੇ ਮਈ 1964 ਵਿੱਚ ਗੁਰਦੁਆਰਾ ਪਾਉਂਟਾ ਸਾਹਿਬ ਵਿਖੇ ਪੁਲਿਸ ਵੱਲੋਂ ਗੋਲੀ ਚਲਾਉਣ ਖ਼ਿਲਾਫ਼ ਮੋਰਚੇ ਦਾ ਐਲਾਨ ਕੀਤਾ ਤਾਂ ਸੰਤ ਲੌਂਗੋਵਾਲ ਨੇ ਜਥੇਦਾਰ ਦੇ ਅਹੁਦੇ ਤੋਂ ਅਸਤੀਫ਼ਾ ਦਿੱਤਾ।

ਸੰਤ ਲੌਂਗੋਵਾਲ ਨੂੰ 1965 ਵਿੱਚ ਅਕਾਲੀ ਦਲ ਦੀ ਸੰਗਰੂਰ ਇਕਾਈ ਦਾ ਪ੍ਰਧਾਨ ਬਣਾਇਆ ਗਿਆ। ਫਿਰ 1969 ਅਸੈਂਬਲੀ ਚੋਣ ਦੌਰਾਨ ਉਹ ਵਿਧਾਨ ਸਭਾ ਦੇ ਪਿੜ ਵਿੱਚ ਆਏ। ਪਾਰਟੀ ਨੇ ਉਨ੍ਹਾਂ ਨੂੰ ਕਾਂਗਰਸ ਵੱਲੋਂ ਚੋਣ ਲੜ ਰਹੇ ਸਾਬਕਾ ਪੈਪਸੂ ਮੁੱਖ ਮੰਤਰੀ ਬ੍ਰਿਜ ਭਾਨ ਖ਼ਿਲਾਫ਼ ਮੈਦਾਨ ਵਿੱਚ ਉਤਾਰਿਆ ਅਤੇ ਉਹ ਜਿੱਤ ਗਏ। ਹਾਲਾਂਕਿ, ਕਿਸੇ ਹੋਰ ਉਮੀਦਵਾਰ ਦੇ ਕਾਗਜ਼ ਰੱਦ ਹੋਣ ਸਬੰਧੀ ਤਕਨੀਕੀ ਤੱਥਾਂ 'ਤੇ ਆਧਾਰਤ ਪਾਈ ਗਈ ਪਟੀਸ਼ਨ ਤੋਂ ਬਾਅਦ ਅਦਾਲਤ ਨੇ ਲਹਿਰਾਗਾਗਾ ਤੋਂ ਇਸ ਚੋਣ ਨੂੰ ਗੈਰ-ਕਾਨੂੰਨੀ ਕਰਾਰ ਦਿੱਤਾ। ਇੱਥੇ ਹੋਈ ਜ਼ਿਮਨੀ ਚੋਣ ਵਿੱਚ ਪਾਰਟੀ ਨੇ ਦੁਬਾਰਾ ਲੌਂਗੋਵਾਲ ਨੂੰ ਮੈਦਾਨ ਵਿੱਚ ਉਤਾਰਿਆ, ਕਾਂਗਰਸ ਵੱਲੋਂ ਫਿਰ ਬ੍ਰਿਜ ਭਾਨ ਉਨ੍ਹਾਂ ਦੇ ਖ਼ਿਲਾਫ਼ ਸੀ। ਇਸ ਚੋਣ ਵਿੱਚ ਵੀ ਸੰਤ ਲੌਂਗੋਵਾਲ ਵੱਡੇ ਫਰਕ ਨਾਲ ਜੇਤੂ ਰਹੇ।

ਦਿਲਚਸਪ ਗੱਲ ਇਹ ਰਹੀ ਕਿ ਕੁਝ ਸਮਾਂ ਬਾਅਦ ਹੀ ਉਨ੍ਹਾਂ ਨੂੰ ਇਹ ਸੀਟ ਛੱਡਣ ਲਈ ਕਿਹਾ ਗਿਆ। ਅਕਾਲੀ ਦਲ ਪ੍ਰਧਾਨ ਸੰਤ ਫਤਿਹ ਸਿੰਘ ਨੂੰ ਸਾਬਕਾ ਮੁੱਖ ਮੰਤਰੀ ਗਿਆਨ ਸਿੰਘ ਰਾੜੇਵਾਲਾ ਨੂੰ ਵਿਧਾਨ ਸਭਾ ਵਿੱਚ ਲਿਆਉਣ ਲਈ ਸੀਟ ਚਾਹੀਦੀ ਸੀ। ਸੰਤ ਲੌਂਗੋਵਾਲ ਨੇ ਪਾਰਟੀ ਪ੍ਰਧਾਨ ਨੂੰ ਆਪਣਾ ਅਸਤੀਫ਼ਾ ਸੌਂਪਿਆ। ਹਾਲਾਂਕਿ, ਕੁਝ ਹੋਰ ਘਟਨਾਵਾਂ ਬਾਅਦ ਪਾਰਟੀ ਨੇ ਆਪਣਾ ਫ਼ੈਸਲਾ ਬਦਲ ਲਿਆ ਅਤੇ ਲੌਂਗੋਵਾਲ ਉੱਥੋਂ ਵਿਧਾਨ ਸਭਾ ਦੇ ਮੈਂਬਰ ਬਣੇ ਰਹੇ। ਸੰਤ ਲੌਂਗੋਵਾਲ ਮਾਰਚ 1972 ਵਿੱਚ ਲਹਿਰਾਗਾਗਾ ਦੀ ਚੋਣ ਬ੍ਰਿਜ ਭਾਨ ਨੂੰ ਹਾਰ ਗਏ, ਜਦੋਂ ਕਾਂਗਰਸ ਸੂਬੇ ਅੰਦਰ ਸੱਤਾ ਵਿੱਚ ਆਈ ਸੀ ਅਤੇ ਗਿਆਨੀ ਜ਼ੈਲ ਸਿੰਘ ਮੁੱਖ ਮੰਤਰੀ ਬਣੇ ਸਨ।

ਜਦੋਂ ਦੇਸ਼ ਦੀ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਸਾਲ 1975 ਵਿੱਚ ਐਮਰਜੈਂਸੀ ਐਲਾਨੀ, ਉਸ ਵੇਲੇ ਅਕਾਲੀ ਸਿਆਸਤ ਨਵੇਂ ਪੜਾਅ ਅੰਦਰ ਦਾਖ਼ਲ ਹੋਈ। 'ਦਮਨਕਾਰੀ ਕਾਰਵਾਈਆਂ' ਖ਼ਿਲਾਫ਼ ਅਕਾਲੀ ਦਲ ਨੇ ਮੋਰਚਾ ਸ਼ੁਰੂ ਕਰਨ ਦਾ ਐਲਾਨ ਕੀਤਾ, ਹਾਲਾਂਕਿ ਉਦੋਂ ਤੱਕ ਕਿਸੇ ਅਕਾਲੀ ਲੀਡਰ ਦੀ ਗ੍ਰਿਫ਼ਤਾਰੀ ਨਹੀਂ ਹੋਈ ਸੀ। ਉਸ ਵੇਲੇ ਮੋਹਨ ਸਿੰਘ ਤੁੜ ਪਾਰਟੀ ਪ੍ਰਧਾਨ ਸਨ। ਇਸ ਮੋਰਚੇ ਅਧੀਨ ਅਦਾਲਤ ਸਾਹਮਣੇ ਗ੍ਰਿਫ਼ਤਾਰੀਆਂ ਦੇਣ ਵਾਲੇ ਪਹਿਲੇ ਪੰਜ ਲੀਡਰਾਂ ਵਿੱਚ ਗੁਰਚਰਨ ਸਿੰਘ ਟੌਹੜਾ, ਪਰਕਾਸ਼ ਸਿੰਘ ਬਾਦਲ, ਜਗਦੇਵ ਸਿੰਘ ਤਲਵੰਡੀ, ਆਤਮਾ ਸਿੰਘ ਅਤੇ ਬਸੰਤ ਸਿੰਘ ਖ਼ਾਲਸਾ ਸਨ। ਅਕਾਲੀ ਦਲ ਦੀ ਰਵਾਇਤ ਮੁਤਾਬਕ ਤੁੜ ਨੂੰ ਮੋਰਚੇ ਦੇ ਕਰਤਾ-ਧਰਤਾ ਨਿਯੁਕਤ ਕੀਤਾ ਗਿਆ ਸੀ। ਤੁੜ ਵੀ ਅਦਾਲਤ ਸਾਹਮਣੇ ਗ੍ਰਿਫ਼ਤਾਰੀ ਦੇਣਾ ਚਾਹੁੰਦੇ ਸੀ ਅਤੇ ਇਸ ਲਈ ਕਿਸੇ ਹੋਰ ਲੀਡਰ ਨੂੰ ਮੋਰਚੇ ਦਾ ਕਰਤਾ-ਧਰਤਾ ਵਜੋਂ ਨਿਯੁਕਤ ਕੀਤਾ ਜਾਣਾ ਸੀ।

ਸ. ਟੌਹੜਾ ਨੇ ਸੰਤ ਲੌਂਗੋਵਾਲ ਨੂੰ ਸੰਦੇਸ਼ ਭੇਜਿਆ ਅਤੇ ਫ਼ਿਰੋਜ਼ਪੁਰ ਜੇਲ੍ਹ (ਜਿੱਥੇ ਉਨ੍ਹਾਂ ਨੂੰ ਰੱਖਿਆ ਗਿਆ ਸੀ) ਵਿੱਚ ਆ ਕੇ ਮਿਲਣ ਲਈ ਕਿਹਾ। ਸ. ਟੌਹੜਾ ਨੇ ਪ੍ਰਸਤਾਵ ਦਿੱਤਾ ਕਿ ਲੌਂਗੋਵਾਲ ਇਸ ਮੋਰਚੇ ਦੀ ਕਮਾਂਡ ਸਾਂਭਣ, ਬਾਕੀ ਆਗੂ ਵੀ ਇਸ ਪ੍ਰਸਤਾਵ 'ਤੇ ਸਹਿਮਤ ਹੋ ਗਏ। ਸ. ਤੁੜ ਨੇ ਗ੍ਰਿਫ਼ਤਾਰੀ ਦੇ ਦਿੱਤੀ ਅਤੇ ਲੌਂਗੋਵਾਲ ਦੀ ਅਗਵਾਈ ਹੇਠ ਮੋਰਚਾ ਚੱਲਿਆ। ਮੋਰਚਾ ਕਮਾਂਡ ਕਰਨ ਵਾਲੇ ਨੂੰ ਇਸ ਦੌਰਾਨ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਅੰਦਰ ਰਹਿਣਾ ਪੈਣਾ ਸੀ। ਐਮਰਜੈਂਸੀ ਚੁੱਕੇ ਜਾਣ ਬਾਅਦ 1977 ਵਿੱਚ ਇਹ ਮੋਰਚਾ ਖ਼ਤਮ ਹੋਇਆ।

ਸਾਰੇ ਸੀਨੀਅਰ ਆਗੂਆਂ ਨੂੰ ਲੋਕ ਸਭਾ ਚੋਣ ਲਈ ਮੈਦਾਨ ਵਿੱਚ ਉਤਾਰਿਆ ਗਿਆ ਅਤੇ ਪਰਕਾਸ਼ ਸਿੰਘ ਬਾਦਲ ਫਰੀਦਕੋਟ ਤੋਂ ਜਿੱਤ ਗਏ। ਮੋਰਾਰਜੀ ਦੇਸਾਈ ਸਰਕਾਰ ਵਿੱਚ ਉਨ੍ਹਾਂ ਨੂੰ ਖੇਤੀਬਾੜੀ ਮੰਤਰੀ ਬਣਾਇਆ ਗਿਆ। ਹਾਲਾਂਕਿ, ਉਹ ਵਾਪਸ ਸੂਬੇ ਦੀ ਸਿਆਸਤ ਵਿੱਚ ਆਉਣ ਦੇ ਇੱਛੁਕ ਸਨ ਅਤੇ ਵਿਧਾਨ ਸਭਾ ਚੋਣ ਲੜਨਾ ਚਾਹੁੰਦੇ ਸਨ। ਸ. ਬਾਦਲ ਨੇ ਮੁੱਖ ਮੰਤਰੀ ਬਣਨ ਲਈ ਲੋਕ ਸਭਾ ਤੋਂ ਅਸਤੀਫ਼ਾ ਦੇ ਦਿੱਤਾ। ਪਾਰਟੀ ਲੌਂਗੋਵਾਲ ਨੂੰ ਲੋਕ ਸਭਾ ਲਈ ਫਰੀਦਕੋਟ ਦੀ ਜ਼ਿਮਨੀ ਚੋਣ ਲੜਾਉਣਾ ਚਾਹੁੰਦੀ ਸੀ, ਪਰ ਉਨ੍ਹਾਂ ਨੇ ਇਨਕਾਰ ਕਰ ਦਿੱਤਾ। ਧੜੇਬੰਦੀ ਵਿਚਕਾਰ ਲੌਂਗੋਵਾਲ ਨੂੰ 20 ਅਗਸਤ 1980 ਨੂੰ ਪਾਰਟੀ ਪ੍ਰਧਾਨ ਚੁਣ ਲਿਆ ਗਿਆ ਅਤੇ ਫਿਰ 17 ਮਈ 1981 ਨੂੰ ਨਵੇਂ ਡੈਲੀਗੇਟ ਹਾਊਸ ਵਜੋਂ ਚੁਣੇ ਗਏ।

ਪਾਰਟੀ ਨੇ 15 ਨੁਕਾਤੀ ਡਿਮਾਂਡ ਚਾਰਟਰ ਲਈ 4 ਅਗਸਤ 1982 ਤੋਂ ਧਰਮ ਯੁੱਧ ਮੋਰਚਾ ਲੜਨ ਦਾ ਐਲਾਨ ਕੀਤਾ। ਇਨ੍ਹਾਂ ਮੰਗਾਂ ਵਿੱਚ ਚੰਡੀਗੜ੍ਹ ਪੰਜਾਬ ਨੂੰ ਵਾਪਸ ਦੇਣ, ਪਾਣੀਆਂ ਦੇ ਮਸਲੇ ਦਾ ਹੱਲ ਅਤੇ ਅਨੰਦਪੁਰ ਸਾਹਿਬ ਦਾ ਮਤਾ ਲਾਗੂ ਕਰਨ ਦੀਆਂ ਮੰਗਾਂ ਸਨ। ਉਦੋਂ ਤੱਕ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਵੀ ਦ੍ਰਿਸ਼ ਵਿੱਚ ਆ ਚੁੱਕੇ ਸਨ। ਪੰਜਾਬ ਦੀ ਧਰਤੀ 'ਤੇ ਹਿੰਸਾ ਦਾ ਦਾਖ਼ਲਾ ਹੋ ਚੁੱਕਿਆ ਸੀ।

ਸਾਲ 1983 ਦੇ ਅੰਤ ਦੌਰਾਨ ਸੰਤ ਭਿੰਡਰਾਂਵਾਲੇ ਅਤੇ ਸੰਤ ਲੌਂਗੋਵਾਲ ਵਿਚਕਾਰ ਤਣਾਅ ਵਧਣਾ ਸ਼ੁਰੂ ਹੋ ਗਿਆ ਸੀ। ਇਹ ਉਹ ਸਮਾਂ ਸੀ ਜਦੋਂ ਸੰਤ ਲੌਂਗੋਵਾਲ ਇਕੱਲੇ ਪੈ ਰਹੇ ਸਨ। ਕਈ ਵੇਲੇ, ਉਹ ਆਪਣੇ ਕਮਰੇ ਵਿੱਚ ਇਕੱਲੇ ਹੁੰਦੇ ਸਨ, ਕਿਸੇ ਮੋਰਚੇ ਦੌਰਾਨ ਇਹ ਹੋਣਾ ਸਧਾਰਨ ਗੱਲ ਨਹੀਂ ਸੀ। ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਕੇਸ ਵਿੱਚ ਅਜਿਹਾ ਨਹੀਂ ਸੀ, ਜੋ ਕਿ ਮੰਜੀ ਸਾਹਿਬ ਹਾਲ ਵਿਖੇ ਅਕਾਲੀ ਵਾਲੰਟੀਅਰਾਂ ਨੂੰ ਸੰਬੋਧਨ ਕਰਿਆ ਕਰਦੇ ਸਨ।

ਜੂਨ 1984 ਵਿੱਚ ਦਰਬਾਰ ਸਾਹਿਬ 'ਤੇ ਫ਼ੌਜੀ ਕਾਰਵਾਈ ਹੋਈ, ਜਿਸ ਨੂੰ ਅਪਰੇਸ਼ਨ ਬਲੂ ਸਟਾਰ ਕਿਹਾ ਗਿਆ। ਸੰਤ ਲੌਂਗੋਵਾਲ ਅਤੇ ਸ. ਟੌਹੜਾ ਨੂੰ ਫ਼ੌਜ ਨੇ ਗ੍ਰਿਫ਼ਤਾਰ ਕਰ ਲਿਆ। ਅਪ੍ਰੈਲ ਅਤੇ ਮਈ 1985 ਵਿੱਚ ਸੀਨੀਅਰ ਅਕਾਲੀ ਆਗੂਆਂ ਦੀ ਜੇਲ੍ਹ ਤੋਂ ਰਿਹਾਈ ਬਾਅਦ ਨਵਾਂ ਅਧਿਆਇ ਸ਼ੁਰੂ ਹੋਇਆ। ਅਪਰੇਸ਼ਨ ਬਲੂ ਸਟਾਰ ਦੇ ਬਦਲੇ ਤਹਿਤ 31 ਅਕਤੂਬਰ 1984 ਨੂੰ ਇੰਦਰਾ ਗਾਂਧੀ ਦਾ ਕਤਲ ਕਰ ਦਿੱਤਾ ਗਿਆ ਅਤੇ ਉਨ੍ਹਾਂ ਦੇ ਪੁੱਤਰ ਰਾਜੀਵ ਗਾਂਧੀ ਪ੍ਰਧਾਨ ਮੰਤਰੀ ਬਣੇ।

ਕਾਂਗਰਸ ਨੂੰ ਦਸੰਬਰ 1984 ਦੀਆਂ ਲੋਕ ਸਭਾ ਚੋਣਾਂ ਵਿੱਚ ਬੇਮਿਸਾਲ ਬਹੁਮਤ ਹਾਸਿਲ ਹੋਇਆ। ਰਾਜੀਵ ਗਾਂਧੀ ਨੇ ਅਕਾਲੀ ਦਲ ਨਾਲ ਗੱਲਬਾਤ ਦਾ ਰਾਹ ਖੋਲ੍ਹਿਆ ਅਤੇ ਨਤੀਜੇ ਵਜੋਂ 24 ਜੁਲਾਈ 1985 ਨੂੰ 'ਪੰਜਾਬ ਸਮਝੌਤੇ' 'ਤੇ ਦਸਤਖ਼ਤ ਹੋਏ। ਇਹ ਪਹਿਲੀ ਵਾਰ ਸੀ, ਜਦੋਂ ਦੇਸ਼ ਦੇ ਪ੍ਰਧਾਨ ਮੰਤਰੀ ਅਤੇ ਕਿਸੇ ਪਾਰਟੀ ਦੇ ਪ੍ਰਧਾਨ ਵਿਚਕਾਰ ਅਜਿਹਾ ਕੋਈ ਸਮਝੌਤਾ ਹੋਇਆ ਹੋਵੇ।

ਸੰਤ ਲੌਂਗੋਵਾਲ ਦੇ ਪੱਖ ਤੋਂ ਬਲਵੰਤ ਸਿੰਘ ਅਤੇ ਸੁਰਜੀਤ ਸਿੰਘ ਬਰਨਾਲਾ ਨੇ ਪ੍ਰਧਾਨ ਮੰਤਰੀ ਨਾਲ ਸਮਝੌਤੇ 'ਤੇ ਪਹੁੰਚਣ ਲਈ ਗੱਲਬਾਤ ਕੀਤੀ। ਸੰਤ ਲੌਂਗੋਵਾਲ ਸਿਰਫ਼ ਇਸ ਸਮਝੌਤੇ 'ਤੇ ਦਸਤਖ਼ਤ ਕਰਨ ਲਈ ਦਿੱਲੀ ਗਏ, ਜਿਸ ਦੀ ਬਾਅਦ ਵਿੱਚ ਲੋਕ ਸਭਾ ਵਿੱਚ ਪ੍ਰਸ਼ਟੀ ਕੀਤੀ ਗਈ। ਹਾਲਾਂਕਿ, ਇਹ ਸਮਝੌਤਾ ਇਤਿਹਾਸ ਵਿੱਚ ਇੱਕ ਡੱਬੇ ਵਿੱਚ ਬੰਦ ਰਿਹਾ।

ਸਮਝੌਤੇ 'ਤੇ ਦਸਤਖ਼ਤ ਕਰਨ ਤੋਂ ਇੱਕ ਮਹੀਨੇ ਦੇ ਅੰਦਰ 20 ਅਗਸਤ 1985 ਨੂੰ ਲੌਂਗੋਵਾਲ ਨੂੰ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਸੰਤ ਲੌਂਗੋਵਾਲ ਨੇ ਸਗੋਂ ਆਪਣੇ ਡੈੱਥ ਵਾਰੰਟ 'ਤੇ ਦਸਤਖ਼ਤ ਕਰ ਦਿੱਤੇ ਸਨ, ਕਿਉਂਕਿ ਇਹ ਸਮਝੌਤਾ ਬਿਨਾ ਸ਼ਰਤਾਂ ਤੋਂ ਸੀ। ਗੱਲਬਾਤ ਦਾ ਰਾਹ ਤਿਆਰ ਕਰਨ ਲਈ ਉਨ੍ਹਾਂ ਦੇ ਪ੍ਰਧਾਨ ਮੰਤਰੀ ਨੂੰ 2 ਜੂਨ ਨੂੰ ਲਿਖੇ ਖ਼ਤ ਤੋਂ ਬਾਅਦ 6 ਜੂਨ 1985 ਦੇ ਖ਼ਤ ਵਿੱਚ ਲਿਖਿਆ ਸੀ, "ਮੈਂ ਆਪਣੇ ਖ਼ਤ ਵਿੱਚ ਜਿਨ੍ਹਾਂ ਮਸਲਿਆਂ ਦਾ ਜ਼ਿਕਰ ਕੀਤਾ ਹੈ, ਉਨ੍ਹਾਂ ਬਾਰੇ ਪਹਿਲਾਂ ਤੋਂ ਸ਼ਰਤਾਂ ਲਾਏ ਜਾਣਾ ਸਹੀ ਸੰਦਰਭ ਵਿੱਚ ਨਹੀਂ ਹੋਵੇਗਾ।"

ਮੌਤ ਤੋਂ ਬਾਅਦ ਸਾਲਾਂ ਤੱਕ ਸੀਨੀਅਰ ਅਕਾਲੀ ਲੀਡਰਾਂ ਦੇ ਇੱਕ ਧੜੇ ਨੇ ਉਨ੍ਹਾਂ ਨੂੰ ਨਹੀਂ ਅਪਣਾਇਆ; ਇਨ੍ਹਾਂ ਲੀਡਰਾਂ ਵਿੱਚ ਪਰਕਾਸ਼ ਸਿੰਘ ਬਾਦਲ ਵੀ ਸ਼ਾਮਲ ਹਨ, ਜੋ ਸਾਲਾਂ ਤੱਕ ਉਨ੍ਹਾਂ ਦੀ ਮੌਤ ਦੇ ਵਰ੍ਹੇਗੰਢ ਦੇ ਸਮਾਗਮਾਂ ਵਿੱਚ ਸ਼ਾਮਲ ਨਹੀਂ ਹੋਏ। 'ਪੰਜਾਬ ਅਕੋਰਡ' ਯਾਨਿ ਪੰਜਾਬ ਸਮਝੌਤੇ 'ਤੇ ਦਸਤਖ਼ਤ ਉਨ੍ਹਾਂ ਲਈ ਆਤਮਘਾਤੀ ਸਾਬਿਤ ਹੋਇਆ।

## ਨਹੀਂ ਖ਼ਲਕ ਦੀ ਬੰਦ ਜ਼ੁਬਾਨ ਹੁੰਦੀ...

-ਸੰਤ ਸੰਧੂ, ਤਲਵੰਡੀ ਸਲੇਮ (ਜਲੰਧਰ)



| | |
|---|---|
| **ਵੰਡ ਪੰਜਾਬ:** | ਰਾਤੀਂ ਟੁੱਟ ਗਈ ਨੀਂਦ ਨਾ ਆਵੇ, ਕਾਲੀ ਗਾਨੀ ਮਿੱਤਰਾਂ ਦੀ |
| **ਕਮਿਊਨਿਸਟ:** | ਚੜ੍ਹ ਗਿਆ ਚੀਨ ਦੀ ਗੱਡੀ, ਸਾਨੂੰ ਦੇ ਗਿਆ ਯੱਕੇ ਦਾ ਭਾੜਾ |
| **ਬਿੱਟੂ-ਚੰਨੀ:** | ਘੋਲ ਨਾਲ ਗਰੀਬ ਦੇ ਤੈਅ ਹੋਇਆ, ਵਾਰਸਸ਼ਾਹ ਫਿਰ ਲੋਕਾਂ 'ਤੇ ਹੱਸਦਾ ਈ |
| **ਪਰਵਾਸ:** | ਤੇਰੇ ਲੇਖ ਜਾਣਗੇ ਨਾਲੇ, ਨਾ ਜਾਹ ਬਰ੍ਹਮਾ ਨੂੰ |
| **ਘੱਟਗਿਣਤੀ ਕੌਮਾਂ:** | ਦਿਊਰਾ ਮੇਰੀ ਭੌਂ ਵੰਡ ਦੇ, ਮੈਂ ਅੱਧਿਆਂ ਮੁਰੱਬਿਆਂ ਵਾਲੀ |
| **ਬਾਗੀ ਅਕਾਲੀ:** | ਜਦੋਂ ਮੁੱਕ ਗਏ ਘੜੇ 'ਚੋਂ ਦਾਣੇ, ਬਣ ਗਏ ਸਿੰਘ ਸਭੀਏ |
| **ਸੁਖਬੀਰ ਬਾਦਲ:** | ਸੌਦਾ ਮੁੱਕਿਆ ਦੁਕਾਨ ਵਿੱਚੋਂ ਸਾਰਾ, ਮੈਨੂੰ ਕਹਿੰਦਾ ਗੱਲ ਸੁਣ'ਜਾ |
| **ਭਾਜਪਾ:** | ਮਲਮਲ ਆਉਂਦੀ ਇੱਧਰ, ਖੱਦਰਾ ਰਾਹ ਛੱਡਦੇ |
| **ਈ.ਡੀ.:** | ਕਾਹਨੂੰ ਫਿਰਦੀ ਮਾਰਦੀ ਡਾਕੇ, ਕਿਹੜੇ ਤੇਰੇ ਅੰਬ ਤੋੜ ਲਏ |
| **ਖੇਤੀ ਕਾਨੂੰਨ:** | ਮੇਰੀ ਝੋਲੀ 'ਚੋਂ ਸਾਗ ਸੁਟਵਾਇਆ, ਮਰ ਜਾਣੇ ਰਾਖੇ ਨੇ |
| **ਅਜੀਤ ਕੌਰ ਦਿੱਲੀ:** | ਤੈਨੂੰ ਲੈ ਦਊਂ ਸਲੀਪਰ ਕਾਲੇ, ਭਾਵੇਂ ਮੇਰੀ ਮੱਝ ਵਿਕ ਜਾਏ |
| **ਤੀਆਂ:** | ਮੇਰਾ ਜੀਅ ਨਹੀਂ ਨੱਚਣ ਨੂੰ ਕਰਦਾ, ਖੇਤ ਉਜਾੜ ਪਿਆ |
| **ਨੀਤੀ ਆਯੋਗ:** | ਮੇਰੀ ਰੱਖ ਲਈ ਸੁੱਥਣ 'ਚੋਂ ਟਾਕੀ, ਟੁੱਟ ਪੈਣੇ ਦਰਜੀ ਨੇ |
| **ਅਡਾਨੀ-ਅੰਬਾਨੀ:** | ਸਾਰੇ ਜੱਟ ਕਰਜ਼ਾਈ ਕੀਤੇ, ਬਾਣੀਆਂ ਨੇ ਅੱਤ ਚੁੱਕ ਲਈ |
| **ਐਮ.ਐਸ.ਪੀ:** | ਬੋਹਲ ਸਾਰਾ ਵੇਚ ਘੱਤਿਆ, ਛੱਲਾਂ ਪੰਦਰਾਂ ਨਾ ਜੱਟ ਨੂੰ ਬਿਆਈਆਂ |
| **ਪੰਜਾਬ:** | ਰੇਲ ਕੋਟਕਪੂਰੇ ਜਾਂਦੀ, ਅਸੀਂ ਜਾਂਦੇ ਸਿਵਿਆਂ ਨੂੰ |
| **ਐਨ.ਡੀ.ਏ.:** | ਗੱਡੀ ਟਿੱਬਿਆਂ 'ਚ ਨਾ ਖੜ੍ਹ ਜਾਵੇ, ਧੱਕਾ ਲਾ ਕੇ ਗਾਰਡ ਵੇਖਦਾ |
| **ਮੁਫਤ ਬਿਜਲੀ:** | ਐਡਾ ਮੇਰਾ ਕਿਹੜਾ ਦਰਦੀ, ਸੁੱਤੀ ਪਈ ਨੂੰ ਪੱਖੇ ਦੀ ਝੱਲ ਮਾਰੇ |
| **ਭਗਵੰਤ ਮਾਨ:** | ਮੈਨੂੰ ਛੋਟਾ ਬੰਦਾ ਨਾ ਜਾਣੀਂ, ਬਣ ਜਾਊਂ ਨ੍ਹੇਰੀ ਦਾ ਬੁੱਲਾ |
| **ਬਾਬਾ ਨਜ਼ਮੀ:** | ਡਾਚੀ ਘੋੜਾ ਨਾ ਲਵੇਰਾ ਗਊ ਮੰਗਦਾ, ਭੁੱਖ ਤੇਰੇ ਦਰਸ਼ਨ ਦੀ। |

ਭਖਦੇ ਮੁੱਦੇ

# ਸਿੱਖ/ਪੰਥਕ ਸੰਸਥਾਵਾਂ ਦੀ ਅਣਵੇਖੀ ਕਰਨ ਕਰਕੇ ਸ਼੍ਰੋਮਣੀ ਅਕਾਲੀ ਦਲ ਦਾ ਸੰਕਟ ਗਹਿਰਾਇਆ

ਉਜਾਗਰ ਸਿੰਘ
ਫੋਨ: 91-9417813072



ਪੰਥਕ ਸੋਚ ਤੇ ਗੁਰਮਤਿ ਦੇ ਧਾਰਨੀ ਸਿੱਖਾਂ ਨੂੰ ਸਿੱਖ/ਪੰਥਕ ਸੰਸਥਾਵਾਂ ਦੀ ਕਾਰਗੁਜ਼ਾਰੀ ਵਿੱਚ ਆਏ ਨਿਘਾਰ ਬਾਰੇ ਸੰਗਠਤ ਹੋ ਕੇ ਉਪਰਾਲੇ ਕਰਨੇ ਚਾਹੀਦੇ ਹਨ। ਸਿਆਸੀ ਜ਼ੁਲਮ ਦੇ ਵਿਰੁੱਧ ਆਵਾਜ਼ ਬਲੰਦ ਕਰਨ, ਸਿੱਖ ਵਿਚਾਰਧਾਰਾ ਦੀ ਪ੍ਰਫੁੱਲਤਾ, ਅਧਿਆਤਮਕ ਅਗਵਾਈ ਤੇ ਰਾਜਨੀਤਕ ਪ੍ਰਭੁਸਤਾ ਹਾਸਲ ਕਰਨ ਲਈ ਗੁਰੂ ਹਰਿ ਗੋਬਿੰਦ ਸਾਹਿਬ ਦੇ ਅਕਾਲ ਤਖ਼ਤ ਸਾਹਿਬ ਨੂੰ ਸਥਾਪਤ ਕਰਨ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਸਿੱਖ ਜਗਤ ਨੂੰ ਇੱਕਮੁੱਠ ਹੋ ਕੇ ਪਹਿਰਾ ਦੇਣਾ ਚਾਹੀਦਾ ਹੈ। ਸਿੱਖ/ਪੰਥਕ ਸੰਸਥਾਵਾਂ ਹੀ ਸਾਡੀ ਨੌਜਵਾਨ ਪੀੜ੍ਹੀ ਨੂੰ ਸਿੱਖ ਵਿਚਾਰਧਾਰਾ ਨਾਲ ਜੋੜੀ ਰੱਖਣ ਲਈ ਸਹਾਈ ਹੋ ਸਕਦੀਆਂ ਹਨ, ਪਰ ਦੁੱਖ ਦੀ ਗੱਲ ਹੈ ਕਿ ਸਿੱਖ ਸਿਆਸਤਦਾਨਾਂ ਦੇ ਰਾਜ ਕਰਨ ਦੇ ਲਾਲਚ ਕਰਕੇ ਇਹ ਸੰਸਥਾਵਾਂ ਅਣਵੇਖੀਆਂ ਹੋ ਗਈਆਂ ਹਨ। ਸਿੱਖਾਂ ਦੀਆਂ ਸਿਆਸੀ ਪਾਰਟੀਆਂ ਖਾਸ ਤੌਰ 'ਤੇ ਸ਼੍ਰੋਮਣੀ ਅਕਾਲੀ ਦਲ ਨੇ ਸਿੱਖ/ਪੰਥਕ ਸੰਸਥਾਵਾਂ ਨੂੰ ਉਤਸ਼ਾਹਤ ਕਰਨ ਦੀ ਥਾਂ ਉਨ੍ਹਾਂ ਨੂੰ ਅਣਡਿਠ ਕਰਨਾ ਸ਼ੁਰੂ ਕਰ ਦਿੱਤੇ ਜਾਣ ਕਰਕੇ ਲੰਬਾ ਸਮਾਂ ਸਿਆਸੀ ਤਾਕਤ ਵਿੱਚ ਰਹੀ ਸਿੱਖਾਂ ਦੀ ਨੁਮਾਇੰਦਾ ਪਾਰਟੀ ਸ਼੍ਰੋਮਣੀ ਅਕਾਲੀ ਦਲ ਹਾਸ਼ੀਏ 'ਤੇ ਚਲੀ ਗਈ ਹੈ। ਮੁੱਖ ਕਾਰਨ ਉਸ ਵੱਲੋਂ ਸਿੱਖ/ਪੰਥਕ ਸੰਸਥਾਵਾਂ ਦੀ ਦੁਰਵਰਤੋਂ ਕਰਨਾ ਹੈ। ਸਿੱਖ/ਪੰਥਕ ਸੰਸਥਾਵਾਂ ਇੱਕ ਸਿਆਸੀ ਪਾਰਟੀ ਦੀਆਂ ਹੀ ਨਹੀਂ, ਸਗੋਂ ਸਮੁੱਚੇ ਸਿੱਖ ਜਗਤ ਦੀਆਂ ਹਨ, ਭਾਵੇਂ ਸਿੱਖ ਕਿਸੇ ਵੀ ਜਾਤ, ਫ਼ਿਰਕੇ ਅਤੇ ਪਾਰਟੀ ਦੇ ਹੋਣ। ਸਿੱਖ ਸਿਆਸਤਦਾਨ ਸਿਆਸੀ ਤਾਕਤ ਹਾਸਲ ਕਰਨ ਲਈ ਅਨੇਕਾਂ ਸ਼੍ਰੋਮਣੀ ਅਕਾਲੀ ਦਲ ਬਣਾਈ ਬੈਠੇ ਹਨ। ਉਨ੍ਹਾਂ ਦੀ ਹਉਮੈ ਤੇ ਸਿਆਸੀ ਤਾਕਤ ਪ੍ਰਾਪਤ ਕਰਨ ਦੀ ਇੱਛਾ ਉਨ੍ਹਾਂ ਨੂੰ ਇੱਕਮੁੱਠ ਹੋਣ ਨਹੀਂ ਦੇ ਰਹੀ। ਸਿੱਖ ਜਗਤ ਇਸ ਕਰਕੇ ਚਿੰਤਾ ਵਿੱਚ ਹੈ ਕਿ ਕਿਹੜੇ ਸ਼੍ਰੋਮਣੀ ਅਕਾਲੀ ਦਲ ਦਾ ਸਾਥ ਦਿੱਤਾ ਜਾਵੇ। ਸ਼੍ਰੋਮਣੀ ਅਕਾਲੀ ਦਲ ਇਸ ਸਮੇਂ ਪੰਜਾਬ ਦੀ ਸਥਾਪਤ ਰੀਜਨਲ ਰਾਜਨੀਤਕ ਪਾਰਟੀ ਹੈ, ਇਸ ਦੇ ਵੀ ਅਨੇਕਾਂ ਧੜੇ ਬਣ ਚੁੱਕੇ ਹਨ। ਇਸ ਲਈ ਸ਼੍ਰੋਮਣੀ ਕੌਣ ਹੈ, ਇਸ ਦਾ ਫ਼ੈਸਲਾ ਸਿੱਖ ਜਗਤ ਨੇ ਹੀ ਕਰਨਾ ਹੈ।

ਅਕਾਲੀ ਦਲ ਦੀ ਸਥਾਪਨਾ 14 ਦਸੰਬਰ 1920 ਨੂੰ ਇੱਕ ਧਾਰਮਿਕ ਸੰਸਥਾ ਦੇ ਤੌਰ 'ਤੇ ਹੋਈ ਸੀ। ਇਹ ਸੰਸਥਾ ਅੰਗਰੇਜ਼ਾਂ ਦੇ ਪਿੱਠੂ ਮਹੰਤਾਂ ਵੱਲੋਂ ਗੁਰੂ ਘਰਾਂ ਦੀ ਬੇਹੁਰਮਤੀ ਦੀਆਂ ਘਟਨਾਵਾਂ ਤੋਂ ਬਾਅਦ ਹੋਂਦ ਵਿੱਚ ਆਈ ਸੀ। ਗੁਰਦੁਆਰਾ ਸੁਧਾਰ ਲਹਿਰ ਦਾ ਵੀ ਮੁੱਖ ਮੰਤਵ ਗੁਰੂ ਘਰਾਂ ਦੀ ਪਵਿਤਰਤਾ ਬਰਕਰਾਰ ਰੱਖਣਾ ਸੀ, ਪਰ ਦੋਹਾਂ ਦੇ ਕੰਮ ਵੱਖਰੇ-ਵੱਖਰੇ ਸਨ। ਦੇਸ਼ ਦੇ ਆਜ਼ਾਦ ਹੋਣ ਤੋਂ ਬਾਅਦ 1952 ਵਿੱਚ ਜਦੋਂ ਆਮ ਚੋਣਾਂ ਹੋਈਆਂ ਤਾਂ ਸ਼੍ਰੋਮਣੀ ਅਕਾਲੀ ਦਲ ਸਿਆਸੀ ਪਾਰਟੀ ਦੇ ਤੌਰ 'ਤੇ ਰਜਿਸਟਰਡ ਨਹੀਂ ਸੀ, ਫਿਰ ਸ਼੍ਰੋਮਣੀ ਅਕਾਲੀ ਦਲ ਦੇ ਨੇਤਾਵਾਂ ਨੇ ਕਾਂਗਰਸ ਪਾਰਟੀ ਨਾਲ ਸਮਝੌਤਾ ਕਰਕੇ ਕਾਂਗਰਸ ਪਾਰਟੀ ਦੀਆਂ ਟਿਕਟਾਂ 'ਤੇ ਚੋਣ ਲੜੀ ਸੀ। ਮਰਹੂਮ ਪਰਕਾਸ਼ ਸਿੰਘ ਬਾਦਲ ਵੀ ਪਹਿਲੀ ਵਾਰ ਕਾਂਗਰਸ ਪਾਰਟੀ ਦੇ ਟਿਕਟ 'ਤੇ ਚੋਣ ਲੜੇ ਤੇ ਜਿੱਤੇ ਸਨ। ਕਈ ਕਾਂਗਰਸੀ ਨੇਤਾ ਜਿਵੇਂ ਗਿਆਨੀ ਗੁਰਮੁੱਖ ਸਿੰਘ ਮੁਸਾਫਿਰ ਪੰਜਾਬ ਕਾਂਗਰਸ ਦੇ ਪ੍ਰਧਾਨ ਅਤੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੀ ਇੱਕੋ ਸਮੇਂ ਰਹੇ ਹਨ। ਉਦੋਂ ਸਾਰੇ ਸਿਆਸੀ ਸਿੱਖ ਲੀਡਰ ਜੰਮਦੇ ਹੀ ਅਕਾਲੀ ਹੁੰਦੇ ਸਨ, ਅਕਾਲੀ ਦਲ 'ਚੋਂ ਸਿਖਿਆ ਲੈ ਕੇ ਉਹ ਵੱਖੋ-ਵੱਖਰੀਆਂ ਪਾਰਟੀਆਂ ਵਿੱਚ ਚਲੇ ਜਾਂਦੇ ਸਨ। ਹੁਣ ਅਕਾਲੀ ਜੰਮਦੇ ਨਹੀਂ ਸਗੋਂ ਸਿਆਸੀ ਤਾਕਤ ਪ੍ਰਾਪਤ ਕਰਨ ਲਈ ਅਕਾਲੀ ਬਣਦੇ ਹਨ, ਇਸ ਕਰਕੇ ਅਕਾਲੀ ਦਲ ਵਿੱਚ ਨਿਘਾਰ ਆਇਆ ਹੈ। ਗੁਰਦੁਆਰਾ ਸੁਧਾਰ ਲਹਿਰ ਵਿੱਚੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣੀ। ਅਕਾਲੀ ਦਲ ਭਾਵੇਂ ਰਾਜਨੀਤਕ ਪਾਰਟੀ ਹੈ, ਭਾਰਤ ਦੇ ਸੰਵਿਧਾਨ ਅਨੁਸਾਰ ਕੰਮ ਕਰਨਾ ਪਰ ਪੰਥਕ ਹਿਤਾਂ 'ਤੇ ਪਹਿਰਾ ਦੇਣਾ ਉਸ ਦਾ ਮੁੱਖ ਕੰਮ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪੰਥਕ ਹਿਤਾਂ ਅਨੁਸਾਰ ਕੰਮ ਕਰਨਾ ਹੈ। ਇਸ ਲਈ ਅਕਾਲੀ ਦਲ ਦੇ ਮੈਂਬਰ ਸ਼੍ਰੋਮਣੀ ਕਮੇਟੀ ਦੇ ਮੈਂਬਰ ਨਹੀਂ ਬਣਨੇ ਚਾਹੀਦੇ ਤੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਅਕਾਲੀ ਦਲ ਦੇ ਮੈਂਬਰ ਨਹੀਂ ਹੋਣੇ ਚਾਹੀਦੇ।

ਗੁਰੂ ਨਾਨਕ ਦੇਵ ਜੀ ਨੇ ਸਿੱਖ ਪੰਥ ਦੀ ਸਥਾਪਨਾ ਕੀਤੀ। ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨੇ ਜਦੋਂ ਜ਼ੁਲਮ ਦੇ ਵਿਰੁੱਧ ਆਵਾਜ਼ ਬੁਲੰਦ ਕੀਤੀ ਤਾਂ ਉਨ੍ਹਾਂ ਨੂੰ ਮੁਗਲ ਬਾਦਸ਼ਾਹ ਜਹਾਂਗੀਰ ਨੇ ਤੱਤੀ ਤਵੀ 'ਤੇ ਬਿਠਾ ਕੇ ਸ਼ਹੀਦ ਕਰ ਦਿੱਤਾ ਸੀ। ਫਿਰ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਨੇ ਭਗਤੀ ਤੇ ਸ਼ਕਤੀ ਦੇ ਪ੍ਰਤੀਕ ਜ਼ੁਲਮ ਦੇ ਵਿਰੁੱਧ ਅਤੇ ਸਰਬੱਤ ਦੇ ਭਲੇ ਲਈ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ 15 ਜੂਨ 1606 ਵਿੱਚ ਕੀਤੀ, ਜੋ 1609 ਵਿੱਚ ਮੁਕੰਮਲ ਹੋਇਆ। ਪਹਿਲਾਂ ਇਸ ਨੂੰ ਅਕਾਲ ਬੁੰਗਾ ਕਿਹਾ ਜਾਂਦਾ ਸੀ। ਅਕਾਲ ਤਖ਼ਤ ਨੂੰ ਰਾਜਨੀਤਕ ਪ੍ਰਭੁਸਤਾ ਅਤੇ ਅਧਿਆਤਮਕ ਅਗਵਾਈ ਦਾ ਕੇਂਦਰ ਕਿਹਾ ਜਾਂਦਾ ਹੈ। ਅਕਾਲ ਤਖ਼ਤ ਤੋਂ ਸਿੱਖ ਪੰਥ ਸੰਬੰਧੀ ਧਾਰਮਿਕ ਹੁਕਮਨਾਮੇ ਜਾਰੀ ਕੀਤੇ ਜਾਂਦੇ ਸਨ। ਜਹਾਂਗੀਰ ਨੇ ਗੁਰੂ ਹਰਿਗੋਬਿੰਦ ਸਾਹਿਬ ਨੂੰ 12 ਸਾਲ ਗਵਾਲੀਅਰ ਦੇ ਕਿਲੇ ਵਿੱਚ ਕੈਦ ਕਰਕੇ ਰੱਖਿਆ। ਗੁਰੂ ਹਰਿਗੋਬਿੰਦ ਸਾਹਿਬ ਨੇ ਸ਼ਾਹਜਹਾਂ ਨੂੰ ਚਾਰ ਲੜਾਈਆਂ ਵਿੱਚ ਹਰਾਇਆ ਸੀ। ਗੁਰੂ ਤੇਗ ਬਹਾਦਰ ਸਾਹਿਬ ਨੇ ਜ਼ੁਲਮ ਦੇ ਵਿਰੁੱਧ ਤੇ ਹਿੰਦੂ ਧਰਮ ਦੀ ਰੱਖਿਆ ਲਈ ਕੁਰਬਾਨੀ ਦਿੱਤੀ, ਉਨ੍ਹਾਂ ਨੂੰ ਮੁਗਲ ਬਾਦਸ਼ਾਹ ਔਰੰਗਜ਼ੇਬ ਨੇ ਦਿੱਲੀ ਵਿਖੇ ਸ਼ਹੀਦ ਕਰ ਦਿੱਤਾ। ਗੁਰੂ ਗੋਬਿੰਦ ਸਿੰਘ ਜੀ ਦੇ ਦੋ ਵੱਡੇ ਸਾਹਿਬਜ਼ਾਦੇ ਚਮਕੌਰ ਦੀ ਲੜਾਈ ਅਤੇ ਦੋ ਛੋਟੇ ਸਾਹਿਬਜ਼ਾਦੇ ਸਰਹੰਦ ਵਿਖੇ ਨੀਂਹਾਂ ਵਿੱਚ ਚਿਣ ਕੇ ਸ਼ਹੀਦ ਕਰ ਦਿੱਤੇ ਗਏ। ਇਸ ਤੋਂ ਬਾਅਦ ਜ਼ੁਲਮ ਦਾ ਮੁਕਾਬਲਾ ਕਰਨ ਲਈ ਗੁਰੂ ਗੋਬਿੰਦ ਸਿੰਘ ਜੀ ਨੇ 13 ਅਪ੍ਰੈਲ 1699 ਨੂੰ ਆਨੰਦਪੁਰ ਸਾਹਿਬ ਵਿਖੇ ਖਾਲਸੇ ਦੀ ਸਾਜਨਾ ਕੀਤੀ। ਵੱਖ ਵੱਖ ਜਾਤਾਂ ਅਤੇ ਰਾਜਾਂ ਦੇ 5 ਵਿਅਕਤੀਆਂ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਾਜਿਆ ਗਿਆ ਅਤੇ ਫਿਰ ਆਪ ਉਨ੍ਹਾਂ ਤੋਂ ਅੰਮ੍ਰਿਤ ਪਾਨ ਕਰਕੇ ਆਪੇ ਗੁਰ ਆਪੇ ਚੇਲਾ ਬਣੇ।

ਅਕਾਲ ਤਖ਼ਤ ਤੋਂ ਸਿੱਖ ਧਰਮ ਦੀਆਂ ਪਰੰਪਰਾਵਾਂ ਦੀ ਉਲੰਘਣਾ ਕਰਨ ਵਾਲਿਆਂ ਨੂੰ ਭਾਵੇਂ ਉਹ ਕਿਸੇ ਵੀ ਪਾਰਟੀ ਦੇ ਹੋਣ, ਧਾਰਮਿਕ ਤਨਖ਼ਾਹ ਲਗਾਈ ਜਾਂਦੀ ਸੀ। ਮਹਾਰਾਜਾ ਰਣਜੀਤ ਸਿੰਘ ਨੂੰ ਕੋੜੇ ਮਾਰ ਕੇ ਤਨਖ਼ਾਹ ਲਗਾਈ ਗਈ। ਸਮਾਂ ਗੁਜਰਦਾ ਗਿਆ। ਤਨਖ਼ਾਹ ਦੇਣ ਦੇ ਢੰਗ ਤਰੀਕੇ ਵੀ ਸਿਆਸਤਦਾਨਾਂ ਨੇ ਆਪਣੇ ਅਨੁਸਾਰ ਬਦਲ ਲਏ। ਸਿਆਸੀ ਨੇਤਾ ਅਕਾਲ ਤਖ਼ਤ ਸਾਹਿਬ ਤੋਂ ਲੱਗੀ ਤਨਖ਼ਾਹ ਨੂੰ ਪ੍ਰਵਾਨ ਕਰਦਿਆਂ ਲਗਾਈ ਤਨਖਾਹ ਅਨੁਸਾਰ ਸੇਵਾ ਕਰਕੇ ਦੋਸ਼ਾਂ ਤੋਂ ਸੁਰਖ਼ੁਰੂ ਹੋ ਕੇ ਮੁੜ ਪੰਥ ਵਿੱਚ ਸ਼ਾਮਲ ਹੋ ਜਾਂਦੇ ਹਨ, ਪ੍ਰੰਤੂ ਸਿਆਸੀ ਤਾਕਤ ਨਹੀਂ ਛੱਡਦੇ।



ਸ਼੍ਰੋਮਣੀ ਅਕਾਲੀ ਦਲ ਇੱਕ ਪੰਥਕ ਸਿਆਸੀ ਪਾਰਟੀ ਸੀ, ਪਰ ਤਤਕਾਲੀ ਮੁੱਖ ਮੰਤਰੀ ਪਰਕਾਸ਼ ਸਿੰਘ ਬਾਦਲ ਨੇ 1995 ਦੀ ਮੋਗਾ ਕਾਨਫਰੰਸ ਵਿੱਚ ਅਕਾਲੀ ਦਲ ਨੂੰ ਸਿਆਸੀ ਤਾਕਤ ਹਾਸਲ ਕਰਨ ਲਈ ਪੰਜਾਬੀ ਪਾਰਟੀ ਬਣਾ ਲਿਆ ਸੀ। ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਤਿਆਰ ਕਰਨ ਲਈ ਪੰਥਕ ਸੰਸਥਾਵਾਂ ਕੰਮ ਕਰ ਰਹੀਆਂ ਸਨ। ਉਨ੍ਹਾਂ ਵਿੱਚ ਸਭ ਤੋਂ ਮਹੱਤਵਪੂਰਨ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਆਲ ਇੰਡੀਆ ਸਿੱਖ ਸਟੂਡੈਂਟ ਫ਼ੈਡਰੇਸ਼ਨ ਅਤੇ ਸਿੱਖ ਵਿਦਿਅਕ ਕਾਨਫਰੰਸਾਂ ਆਦਿ ਸਨ। ਆਲ ਇੰਡੀਆ ਸਿੱਖ ਸਟੂਡੈਂਟ ਫ਼ੈਡਰੇਸ਼ਨ ਵਿਦਿਆਰਥੀਆਂ ਵਿੱਚ ਸਿੱਖ ਧਰਮ ਬਾਰੇ ਪ੍ਰਚਾਰ ਅਤੇ ਪ੍ਰਸਾਰ ਦਾ ਕੰਮ ਕਰਦੀ ਸੀ। ਧਾਰਮਿਕ ਸੈਮੀਨਾਰ, ਗੁਰਮਤਿ ਸਮਾਗਮ, ਸਿੱਖ ਇਤਿਹਾਸ ਸੰਬੰਧੀ ਭਾਸ਼ਣ ਮੁਕਾਬਲੇ ਅਤੇ ਗੁਰਬਾਣੀ ਕੰਠ ਮੁਕਾਬਲੇ ਕਰਵਾਏ ਜਾਂਦੇ ਸਨ। ਇਹ ਸਾਰੇ ਅੰਮ੍ਰਿਤਧਾਰੀ ਹੁੰਦੇ ਸਨ, ਪਰ ਜਦੋਂ ਅਕਾਲੀ ਦਲ ਪੰਜਾਬੀ ਪਾਰਟੀ ਬਣ ਗਿਆ ਤਾਂ ਅਕਾਲੀ ਦਲ ਨੇ ਸਟੂਡੈਂਟ ਆਰਗੇਨਾਈਜੇਸ਼ਨ ਆਫ਼ ਇੰਡੀਆ ਬਣਾ ਲਈ। ਇਸ ਸੰਸਥਾ ਦਾ ਸਿੱਖ ਰਹਿਤ ਮਰਿਆਦਾ ਅਤੇ ਪਰੰਪਰਾਵਾਂ ਨਾਲੋਂ ਨਾਤਾ ਟੁੱਟ ਗਿਆ। ਸਿੱਖ ਸਟੂਡੈਂਟ ਫੈਡਰੇਸ਼ਨ ਖ਼ਤਮ ਕਰ ਦਿੱਤੀ ਗਈ। ਸਟੂਡੈਂਟ ਆਰਗੇਨਾਈਜੇਸ਼ਨ ਦਾ ਮੁੱਖ ਕੰਮ ਅਕਾਲੀ ਨੂੰ ਮਜਬੂਤ ਕਰਨਾ ਰਹਿ ਗਆ। ਸਭ ਤੋਂ ਮਾੜੀ ਗੱਲ ਇਹ ਹੋਈ ਕਿ ਅਕਾਲੀ ਦਲ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਅਕਾਲੀ ਦਲ ਦੇ ਚੋਣ ਨਿਸ਼ਾਨ 'ਤੇ ਲੜਨੀਆਂ ਸ਼ੁਰੂ ਕਰ ਦਿੱਤੀਆਂ, ਜਿਸ ਦਾ ਨਤੀਜਾ ਇਹ ਹੋਇਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਕਾਲੀ ਦਲ ਦੀ ਗ਼ੁਲਾਮ ਬਣ ਗਈ। ਇਸ ਤੋਂ ਬਾਅਦ ਅਕਾਲੀ ਦਲ ਨੇ ਪੰਥਕ ਸੋਚ ਨੂੰ ਤਿਲਾਂਜ਼ਲੀ ਦੇ ਦਿੱਤੀ।


ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਧਾਰਮਿਕ ਕੰਮਾਂ ਵਿੱਚ ਅਕਾਲੀ ਦਲ ਦੀ ਦਖ਼ਲਅੰਦਾਜ਼ੀ ਨਾਲ ਸ਼੍ਰੋਮਣੀ ਕਮੇਟੀ ਆਪਣੇ ਕਾਰਜ ਖੇਤਰ ਤੋਂ ਖਿਸਕ ਗਈ, ਜਿਸ ਕਰਕੇ ਅਕਾਲੀ ਦਲ ਦਾ ਪਤਨ ਸ਼ੁਰੂ ਹੋ ਗਿਆ। ਅਕਾਲੀ ਦਲ ਵਿੱਚ ਅੰਮ੍ਰਿਤਧਾਰੀ ਤਾਂ ਛੱਡੋ, ਪੂਰਨ ਸਿੱਖ ਵੀ ਨਹੀਂ ਰਹੇ ਸਗੋਂ ਹੋਰ ਲੋਕ ਸ਼ਾਮਲ ਹੋ ਗਏ। ਧਾਰਮਿਕ ਅਵੱਗਿਆ ਵਾਲਿਆਂ ਨੂੰ ਤਨਖ਼ਾਹਾਂ ਦੀ ਥਾਂ ਗੁਰੂ ਘਰਾਂ ਦੀ ਸੇਵਾ ਦੀ ਤਨਖ਼ਾਹ ਲਗਾ ਕੇ ਮੁੜ ਪੰਥ ਵਿੱਚ ਸ਼ਾਮਲ ਕਰ ਲਿਆ ਜਾਂਦਾ ਹੈ। ਇਸ ਦਾ ਮੁੱਖ ਕਾਰਨ ਅਕਾਲੀ ਦਲ ਦੀ ਦਖ਼ਲਅੰਦਾਜ਼ੀ ਹੈ। ਸਿੱਖ ਸਾਰੀਆਂ ਸਿਆਸੀ ਪਾਰਟੀਆਂ ਵਿੱਚ ਹੁੰਦੇ ਹਨ। ਜਦੋਂ ਵੀ ਸਿੱਖ/ਪੰਥ 'ਤੇ ਕੋਈ ਸੰਕਟ ਆਉਂਦਾ ਹੈ ਤਾਂ ਅਕਾਲ ਤਖ਼ਤ ਸਾਹਿਬ ਤੋਂ ਪ੍ਰੇਰਨਾ ਲਈ ਜਾਂਦੀ ਹੈ। ਹੁਣ ਜਦੋਂ ਅਕਾਲੀ ਦਲ ਫਿਰ ਗਹਿਰੇ ਸੰਕਟ ਵਿੱਚ ਹੈ, ਦੁਫਾੜ ਹੋਣ ਦੇ ਕਿਨਾਰੇ ਹੈ ਤਾਂ ਇੱਕ ਧੜੇ ਨੇ ਅਕਾਲ ਤਖ਼ਤ 'ਤੇ ਪੇਸ਼ ਹੋ ਕੇ ਅਕਾਲੀ ਸਰਕਾਰ ਮੌਕੇ ਕੀਤੀਆਂ ਧਾਰਮਿਕ ਅਵੱਗਿਆਵਾਂ ਦੀ ਮੁਆਫ਼ੀ ਮੰਗੀ ਹੈ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਦੀ ਸ਼ਿਕਾਇਤ ਕੀਤੀ ਹੈ। ਪੰਜ ਸਿੰਘ ਸਾਹਿਬਾਨ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੂੰ 15 ਦਿਨਾਂ ਵਿੱਚ ਅਕਾਲ ਤਖ਼ਤ ਸਾਹਿਬ ਨੂੰ ਸ਼ਪਸ਼ਟੀਕਰਨ ਦੇਣ ਲਈ ਕਿਹਾ ਸੀ। ਸੁਖਬੀਰ ਸਿੰਘ ਬਾਦਲ ਨੇ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋ ਕੇ ਬੰਦ ਲਿਫਾਫਾ ਦਿੱਤਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਵੀ ਸੁਖਬੀਰ ਸਿੰਘ ਬਾਦਲ ਨਾਲ ਜਥੇਦਾਰ ਨੂੰ ਮਿਲੇ ਹਨ। ਹੁਣ ਜੇਕਰ ਅਕਾਲ ਤਖ਼ਤ ਸਾਬਿਬ ਤੋਂ ਪੰਜ ਸਿੰਘ ਸਾਹਿਬਨ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੂੰ ਤਨਖ਼ਾਹ ਲਗਾ ਦਿੱਤੀ ਤਾਂ ਉਹ ਤਨਖਾਹ ਵਿੱਚ ਲਗਾਈ ਸੇਵਾ ਪੂਰੀ ਕਰ ਲਵੇਗਾ, ਪਰ ਪਰਨਾਲਾ ਉਥੇ ਦਾ ਉਥੇ ਹੀ ਰਹੇਗਾ।

ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੁਲਾਜ਼ਮ ਨਹੀਂ ਹੋਣਾ ਚਾਹੀਦਾ ਹੈ। ਤਿੰਨ ਤਖ਼ਤਾਂ ਦੇ ਜਥੇਦਾਰ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮ ਹਨ। ਉਹ ਕਿਵੇਂ ਨਿਰਪੱਖਤਾ ਨਾਲ ਫ਼ੈਸਲੇ ਕਰ ਸਕਦੇ ਹਨ? ਅਕਾਲ ਤਖ਼ਤ ਸਾਹਿਬ ਨੂੰ ਨਿਰਪੱਖਤਾ ਦਾ ਸਬੂਤ ਦਿੰਦਿਆਂ ਦੋਹਾਂ ਧੜਿਆਂ ਤੋਂ ਬਿਨਾ ਹੋਰ ਕੋਈ ਰਸਤਾ ਲੱਭ ਕੇ ਅਕਾਲੀ ਦਲ ਨੂੰ ਬਚਾਉਣ ਦਾ ਉਪਰਾਲਾ ਕਰਨਾ ਚਾਹੀਦਾ ਹੈ। ਜੇਕਰ ਕਿਸੇ ਇੱਕ ਧੜੇ ਦਾ ਪੱਖ ਲਿਆ ਗਿਆ ਤਾਂ ਅਕਾਲੀ ਦਲ ਵਿੱਚ ਰੋਲ ਘਚੋਲਾ ਪਿਆ ਰਹੇਗਾ ਅਤੇ ਅਕਾਲ ਤਖ਼ਤ ਸਾਹਿਬ ਦੀ ਸਰਵਉਚਤਾ ਨੂੰ ਵੰਗਾਰ ਹੋਵੇਗੀ।

# ਰਾਜੀਵ-ਲੌਂਗੋਵਾਲ ਸਮਝੌਤਾ ਲਿਖਣ ਵੇਲੇ 'ਪਾਣੀ ਦੀ ਵੰਡ'

ਮਸਲੇ

ਗੁਰਪ੍ਰੀਤ ਸਿੰਘ ਮੰਡਿਆਣੀ
ਫੋਨ: +91-8872664000



24 ਜੁਲਾਈ 1985 ਨੂੰ ਰਾਜੀਵ-ਲੌਂਗੋਵਾਲ ਸਮਝੌਤੇ ਨੂੰ ਲਿਖਣ ਵੇਲੇ ਖ਼ਾਸ ਕਰ ਪਾਣੀ ਦੀ ਵੰਡ ਵਾਲੀ ਕਲਾਜ਼ 9.1 ਨੂੰ ਇਉਂ ਲਿਖਿਆ ਗਿਆ ਕਿ ਇਹਦੇ ਮਾਇਨੇ ਜੋ ਸਿੱਧੀ ਸਾਧੀ ਨਿਗ੍ਹਾ ਨਾਲ ਦਿਸਦੇ ਸਨ, ਅਸਲ 'ਚ ਉਹ ਨਹੀਂ ਸੀਗੇ; ਗੁੱਝੇ ਮਾਇਨੇ ਕੁਝ ਹੋਰ ਸੀਗੇ, ਜਿਹਦੇ 'ਚ ਟ੍ਰਿਬਿਊਨਲ ਨੂੰ ਪੰਜਾਬ ਨਾਲ ਧੱਕਾ ਕਰਨ ਦੀ ਪੂਰੀ ਗੁੰਜਾਇਸ਼ ਦਿੱਤੀ ਗਈ ਤੇ ਜਿਸ ਦੀ ਵਰਤੋਂ ਉਹਨੇ ਕੀਤੀ ਵੀ। ਇਹਦੇ 'ਚ ਪੰਜਾਬ, ਹਰਿਆਣਾ ਐਂਡ ਰਾਜਸਥਾਨ ਲਿਖਣ ਦੀ ਬਜਾਏ ਇਨ੍ਹਾਂ ਦੇ ਮੂਹਰੇ 'The farmers of' ਲਿਖ ਦਿੱਤਾ। ਦੇਖਣ ਨੂੰ ਇਹਦੇ 'ਚ ਘੁੰਡੀ ਨਹੀਂ ਦਿਸਦੀ, ਪਰ ਇਹੀ ਬੇਈਮਾਨੀ ਦੀ ਗੁੰਜਾਇਸ਼ ਸੀ।

ਸਮਝੌਤੇ ਦੀ ਕਲਾਜ਼ 9.1 ਅਨੁਸਾਰ The settlement assures that the farmers of Punjab, Haryana and Rajasthan will continue to get water not less than what they were using from the Ravi-Beas System as on 1-7-1985. The quantum of water used for consumptive purposes as on that date is also assured.

ਸਿੱਧੀ ਸਾਧੀ ਨਿਗ੍ਹਾ ਨਾਲ ਦੇਖਿਆਂ ਇਹਦੇ ਮਾਇਨੇ ਇਹ ਬਣਦੇ ਨੇ ਕਿ 1 ਜੁਲਾਈ 1985 ਵਾਲੇ ਦਿਨ ਜੋ ਪਾਣੀ ਇਨ੍ਹਾਂ ਤਿੰਨਾਂ ਸੂਬਿਆਂ ਨੂੰ ਮਿਲ ਰਿਹਾ ਸੀ, ਉਹਤੋਂ ਘੱਟ ਨਹੀਂ ਮਿਲੂ; ਪਰ ਪੰਜਾਬ ਦੇ ਵਕੀਲਾਂ ਦੀਆਂ ਅੱਖਾਂ ਉਦੋਂ ਅੱਡੀਆਂ ਰਹਿ ਗਈਆਂ ਜਦੋਂ ਟ੍ਰਿਬਿਊਨਲ ਨੇ ਉਨ੍ਹਾਂ ਨੂੰ Rajasthan ਲਫ਼ਜ਼ ਦੇ ਮੂਹਰੇ ਲੱਗੇ 3 ਸ਼ਬਦਾਂ The farmers of ਦੇ ਮਾਇਨੇ ਸਮਝਾਏ। ਪੰਜਾਬ ਦੇ ਵਕੀਲ ਕਹਿੰਦੇ, ਜਨਾਬ ਜਿੰਨਾ ਹਰੀਕੇ ਹੈੱਡ ਤੋਂ ਰਾਜਸਥਾਨ ਨੂੰ 1 ਜੁਲਾਈ ਵਾਲੇ ਦਿਨ ਪਾਣੀ ਵਗਦਾ ਸੀ, ਉਹਨੂੰ 365 ਨਾਲ ਜਰਬ ਕਰਕੇ ਰਾਜਸਥਾਨ ਦਾ ਸਾਲਾਨਾ ਪਾਣੀ ਮੰਨ ਕੇ ਅਲਾਟ ਕਰ ਦਿਓ।

ਟ੍ਰਿਬਿਊਨਲ ਕਹਿੰਦਾ, ਲੈ-ਲੈ! ਇਉਂ ਥੋੜ੍ਹੀ ਹੁੰਦੈ, ਸਮਝੌਤੇ 'ਚ ਰਾਜਸਥਾਨ ਨਹੀਂ ਬਲਕਿ 'ਰਾਜਸਥਾਨ ਦੇ ਕਿਸਾਨ' ਲਿਖਿਆ ਹੈ। ਸੋ ਰਾਜਸਥਾਨ ਦੇ ਕਿਸਾਨਾਂ ਨੂੰ ਮਿਲਦੇ ਪਾਣੀ ਦੀ ਮਿਣਤੀ ਹਰੀਕੇ ਹੈੱਡ ਦੀ ਬਜਾਏ ਕਿਸਾਨਾਂ ਦੇ ਨੱਕਿਆਂ 'ਤੇ ਹੀ ਜਾ ਕੇ ਹੋ ਸਕਦੀ ਹੈ। ਰਾਜਸਥਾਨ ਢੁੱਚਰ ਡਾਹੁੰਦਾ ਹੋਇਆ ਕਹਿੰਦਾ, ਹਾਂ ਜਨਾਬ! ਹਰੀਕੇ ਤੋਂ ਸਾਡੇ ਕਿਸਾਨਾਂ ਤੱਕ ਪਾਣੀ ਪਹੁੰਚਣ ਨੂੰ ਕਈ ਦਿਨ ਲੱਗ ਜਾਂਦੇ ਹਨ, ਇਸ ਕਰਕੇ ਹਰੀਕੇ ਤੋਂ ਕਿਸੇ ਖ਼ਾਸ ਤਰੀਕ ਨੂੰ ਛੱਡੇ ਗਏ ਪਾਣੀ ਨੂੰ ਕਿਸਾਨਾਂ ਨੂੰ ਪਾਣੀ ਮਿਲਣ ਵਾਲੀ ਤਰੀਕ ਨਹੀਂ ਮੰਨਿਆ ਜਾ ਸਕਦਾ।

ਹਰਿਆਣਾ-ਰਾਜਸਥਾਨ ਕੋਲ ਢੁੱਚਰਾਂ ਡਾਹੁਣ ਵਾਸਤੇ ਸਮਝੌਤੇ 'ਚ ਲਿਖਿਆ The farmer ਲਫ਼ਜ਼ ਹੀ ਕਾਫ਼ੀ ਸੀ, ਇਹਦਾ ਬਹਾਨਾ ਲੈ ਕੇ ਉਹ ਕਹਿੰਦੇ ਕਿ ਰਾਜਸਥਾਨੀ ਕਿਸਾਨਾਂ ਦੇ ਖੇਤਾਂ 'ਚ ਹੋ ਰਹੀ ਪਾਣੀ ਦੀ ਵਰਤੋਂ ਨਾਪਣ ਵਾਸਤੇ ਸਾਡੇ ਕੋਲ ਕੋਈ ਪੈਮਾਨਾ ਨਹੀਂ ਹੈ। ਟ੍ਰਿਬਿਊਨਲ ਉਨ੍ਹਾਂ ਨਾਲ ਸਹਿਮਤ ਹੁੰਦਾ ਕਹਿੰਦਾ, ਠੀਕ ਹੈ, 1 ਜੁਲਾਈ 1985 ਵਾਲੀ ਲਿਖੀ ਗੱਲ ਹੁਣ ਬੇਮਤਲਬੀ ਸਮਝੋ। ਇਰਾਡੀ ਟ੍ਰਿਬਿਊਨਲ ਨੇ ਇਹਨੂੰ ਅੰਗਰੇਜ਼ੀ 'ਚ ਇਉਂ ਬਿਆਨ ਕੀਤਾ:

The plea raised by Punjab that the use by farmers and for consumption purposes for one year should be the multiple for 365 days of the releases at canal heads on 1-7-1985 cannot be accepted as realistic. The date 1-7-1985 apparently had been chosen by the signatories of the Punjab accord as a near date prior to the date of the accord and the words used "as on 1-7-1985" would clearly indicate that it is not the discharge at the canal heads on that particular day that is material. The expression 'as on' indicates the terminus date with reference to which the state of facts existing during a period terminating on that date should be ascertained.

ਸੋ ਜੋ ਸਮਝੌਤੇ ਵਿੱਚ ਲਿਖਿਆ ਦਿਸ ਰਿਹਾ ਸੀ, ਉਹਦੇ ਗੁੱਝੇ ਮਾਇਨੇ ਭਾਵੇਂ ਆਮ ਜਨਤਾ ਨੂੰ ਸਮਝ ਨਹੀਂ ਸੀ ਆ ਰਹੇ, ਪਰ ਸਮਝੌਤੇ ਵਾਲੇ ਟੇਬਲ 'ਤੇ ਬੈਠੇ ਹਾਈ ਕੋਰਟ ਦੇ ਵਕੀਲ ਅਤੇ ਕੇਂਦਰ 'ਚ ਵਜ਼ੀਰੀ ਹੰਢਾ ਚੁੱਕੇ ਸੁਰਜੀਤ ਸਿੰਘ ਬਰਨਾਲਾ ਨੂੰ ਤਾਂ ਸਮਝ ਆਏ ਹੀ ਹੋਣਗੇ ਤੇ ਸਿਆਸੀ ਚਤੁਰਾਈ ਦੇ ਮਾਹਰ ਬਲਵੰਤ ਸਿੰਘ ਨੂੰ ਵੀ ਜ਼ਰੂਰ ਸਮਝ ਆਏ ਹੋਣਗੇ। ਇੱਕ ਹੋਰ ਹੈਰਾਨੀ ਇਹ ਹੈ ਕਿ Wikipedia 'ਤੇ ਸਮਝੌਤੇ ਦਾ ਜੋ ਡਰਾਫ਼ਟ ਮਿਲਦਾ ਹੈ, ਉਹਦੇ 'ਚ The farmers ਲਫ਼ਜ਼ ਨਜ਼ਰ ਨਹੀਂ ਆਉਂਦਾ।

# ਸ਼ਾਹਸਵਾਰ

## ਨਾਵਲ

**ਜਸਵੀਰ ਸਿੰਘ ਸ਼ੀਰੀ**
**ਫੋਨ: +91-6280574657**

***ਇੱਕ ਅਰਸੇ ਤੋਂ ਲੀਡਰਸ਼ਿਪ ਪੰਜਾਬ ਦੇ ਲੋਕਾਂ, ਖਾਸ ਕਰਕੇ ਜਵਾਨੀ ਨੂੰ ਝਕਾਨੀ ਦਿੰਦੀ ਰਹੀ ਹੈ। ਆਪਣੇ ਹਾਣ ਦੀ ਅਗਵਾਈ ਲਈ ਕਿਸੇ ਸਮਰੱਥ ਆਗੂ ਵਾਸਤੇ ਤਰਸੇਵਾਂ ਪੰਜਾਬ ਦੇ ਮੁੰਡਿਆਂ ਨੂੰ ਇੱਕ ਜਾਂ ਦੂਜੇ ਰਾਹੇ/ਕੁਰਾਹੇ ਭਟਕਾਉਂਦਾ ਰਿਹਾ ਹੈ। ਗੁਰੂ ਇਤਿਹਾਸ ਨੇ ਪੰਜਾਬ ਦੀ ਜ਼ਮੀਨ ਵਿੱਚ ਬਹੁਤ ਵੱਡੇ ਆਦਰਸ਼ਾਂ ਦੇ ਬੀਜ ਬੀਜੇ ਹਨ। ਆਪਣੇ ਇਤਿਹਾਸ ਵਿੱਚ ਬੀਜੇ ਆਦਰਸ਼ ਆਪਣੇ ਅਸਲ ਨਾਇਕਾਂ ਦੀ ਤਾਲਾਸ਼ ਵਿੱਚ ਸਦਾ ਪੰਜਾਬ ਦੀ ਜਵਾਨੀ ਨੂੰ ਬੇਚੈਨ ਰੱਖਦੇ ਹਨ। ਮੀਡੀਆ ਖੇਤਰ ਨਾਲ ਪਿਛਲੇ ਲੰਮੇ ਸਮੇਂ ਤੋਂ ਜੁੜੇ ਹੋਏ ਲੇਖਕ ਜਸਵੀਰ ਸਿੰਘ ਸ਼ੀਰੀ ਨੇ ਇਸ ਨਾਵਲ ਵਿੱਚ ਪੰਜਾਬ ਦੀ ਇਸ ਬੇਚੈਨ ਆਤਮਾ ਨੂੰ ਹੀ ਸੰਬੋਧਨ ਹੋਣ ਦੀ ਕੋਸ਼ਿਸ਼ ਕੀਤੀ ਹੈ। ਇਹ ਨਾਵਲ ਅਸੀਂ ਕਿਸ਼ਤ-ਦਰ-ਕਿਸ਼ਤ ਪ੍ਰਕਾਸ਼ਿਤ ਕਰ ਰਹੇ ਹਾਂ...***

ਪਹਿਲਾਂ ਅਖਬਾਰਾਂ ਕਰੋਨਾ ਨਾਲ ਭਰੀਆਂ ਹੁੰਦੀਆਂ ਸਨ, ਫਿਰ ਅਖਬਾਰਾਂ ਦੇ ਪਹਿਲੇ ਪੇਜ ਕਿਸਾਨ ਲਹਿਰ ਨੇ ਮੱਲ ਲਏ। ਜਿਸ ਧਾਕੜ ਢੰਗ ਨਾਲ ਪੰਜਾਬ-ਹਰਿਆਣਾ ਦੇ ਕਿਸਾਨ ਦਿੱਲੀ ਦੇ ਬਾਰਡਰਾਂ ਤੱਕ ਪੁੱਜੇ ਸਨ ਅਤੇ ਜਿਸ ਤਰ੍ਹਾਂ ਇਸ ਲਹਿਰ ਨੇ ਸਾਰੇ ਦੇਸ਼ ਦੀ ਕਿਸਾਨੀ ਦਾ ਧਿਆਨ ਖਿੱਚਿਆ ਸੀ, ਉਸ ਨਾਲ ਕੇਂਦਰ ਸਰਕਾਰ ਵੀ ਸਕਤੇ ਵਿੱਚ ਆ ਗਈ। ਸਰਕਾਰ ਨੇ ਕਿਸਾਨ ਲੀਡਰਾਂ ਨਾਲ 10-12 ਗੇੜ ਗੱਲਬਾਤ ਦੇ ਚਲਾਏ, ਪਰ ਗੱਲ ਕਿਸੇ ਕੰਢੇ ਨਾ ਲੱਗੀ। ਸਰਕਾਰ ਨੇ ਨਵੇਂ ਕਾਨੂੰਨਾਂ ਨੂੰ ਤਿੰਨ ਸਾਲ ਲਈ ਅੱਗੇ ਪਾਉਣ ਦਾ ਸੁਝਾਅ ਵੀ ਦਿੱਤਾ, ਪਰ ਕਿਸਾਨ ਕਾਨੂੰਨਾਂ ਨੂੰ ਮੁਕੰਮਲ ਤੌਰ 'ਤੇ ਵਾਪਸ ਕਰਵਾਉਣ ਲਈ ਅੜੇ ਰਹੇ।

ਅੱਜ ਸ਼ਾਮ ਨੂੰ ਜਦੋਂ ਅੰਬੇ ਦਾ ਫੋਨ ਆਇਆ ਤਾਂ ਦਿਲਬਾਗ ਨੇ ਉਨ੍ਹਾਂ ਦੋਹਾਂ ਨੂੰ ਪਿੰਡ ਸੱਦ ਲਿਆ। 'ਸਵੇਰੇ ਤੜਕੇ-ਤੜਕੇ ਚੱਲਿਉ ਤੇ ਦਿਨੇ-ਦਿਨੇ ਪਹੁੰਚ ਜਾਇਉ' ਉਹਨੇ ਤਾੜਨਾ ਕੀਤੀ। ਉਹਨੂੰ ਸੀ ਬਈ ਰਾਤ ਵੇਲੇ ਮੁੰਡੇ ਅਚਾਨਕ ਕਿਸੇ ਚੈਕ ਪੁਆਇੰਟ 'ਤੇ ਨਾ ਫਸ ਜਾਣ। ਸ਼ਾਮ ਵੇਲੇ ਮੂੰਹ ਹਨੇਰਾ ਹੋਣ ਤੋਂ ਪਹਿਲਾਂ ਦੋਵੇਂ ਮੁੰਡੇ ਘਰ ਪਹੁੰਚ ਗਏ ਸਨ। ਦੋ ਦਿਨ ਸਾਰੇ ਜਣੇ ਘਰ ਰਹੇ। ਇੱਕ ਦਿਨ ਤਾਂ ਉਹ ਸੁੱਤੇ ਹੀ ਰਹੇ। ਲਗਦਾ ਸੀ ਧਰਨੇ ਦਾ ਥਕੇਵਾਂ ਉਤਾਰ ਰਹੇ ਸਨ। ਅਗਲੇ ਦਿਨ ਉਨ੍ਹਾਂ ਧਰਨੇ ਵਾਲੀ ਜ਼ਿੰਦਗੀ ਬਾਰੇ ਖੁੱਲ੍ਹ ਕੇ ਗੱਲਾਂ ਕੀਤੀਆਂ। ਸਭ ਤੋਂ ਛੋਟਾ ਗੋਲੂ ਅੱਜ ਵੇਗਮਈ ਹੋ ਗਿਆ, 'ਬਾਈ ਐਵੇਂ ਬੁਲਾ ਲਿਆ ਯਾਰ ਤੁਸੀਂ, ਇੰਨਾ ਦਿਲ ਲੱਗਿਆ ਬਈ ਪੁੱਛ ਨਾ। ਛੋਟੇ ਹੁੰਦੇ ਮੇਲਾ ਵੇਖਣ ਜਾਈਦਾ ਸੀ, ਇੱਕ ਦਿਨ ਹਵਾ ਦੇ ਬੁੱਲੇ ਵਾਂਗ ਲੰਘ ਜਾਂਦਾ ਸੀ। ਉਥੇ ਇੰਨੇ ਦਿਨ ਰਹੇ, ਪਤਾ ਈ ਨਹੀਂ ਲੱਗਾ ਸਮਾਂ ਕਿੱਧਰ ਉਡ ਗਿਆ। ਲਗਦਾ ਜਿਵੇਂ ਕੋਈ ਸੋਹਣਾ ਜਿਹਾ ਸੁਪਨਾ ਵੇਖਿਆ ਹੋਵੇ। ਬੰਦੇ ਵਿੱਚ ਇੰਨੀ ਬੰਦਗੀ, ਇੱਕ-ਦੂਜੇ ਨਾਲ ਇੰਨੀ ਨੇੜਤਾ। ਆਪਣੇ ਇੱਥੇ ਪਿੰਡਾਂ ਵਿੱਚ ਹਰ ਕੋਈ ਇੱਕ-ਦੂਜੇ ਦੇ ਪੈਰ ਵੱਢੀ ਜਾਂਦਾ, ਉਥੇ ਹਰੇਕ ਦੂਜੇ ਨਾਲ ਪਿਆਰ 'ਚ ਬੱਝਾ ਹੋਇਆ। ਜਿਵੇ ਟਿੱਬੀ ਵਾਲੇ ਬਾਬੇ ਧਾਰਨਾ ਲਾਉਂਦੇ ਹੁੰਦੇ ਸੀ, 'ਲੁੱਟ-ਲੁੱਟ ਲੋ ਨਸੀਬਾਂ ਵਾਲੇ ਬੰਦਿਓ, ਲੁੱਟ ਪੈ ਗਈ ਰਾਮ ਨਾਮ ਦੀ' ਉਥੇ ਤਾਂ ਬਾਈ ਜ਼ਿੰਦਗੀ ਦੀ ਲੁੱਟ ਪਈ ਹੋਈ ਐ। ਸਾਰੇ ਈ ਸਾਰਾ ਕੁਝ ਲੁਟਾਈ ਜਾਂਦੇ, ਫਿਰ ਵੀ ਕੁਝ ਨ੍ਹੀਂ ਖਤਮ ਹੁੰਦਾ। ਹਵਾ ਈ ਹੋਰ ਚਲਦੀ ਜਿਵੇਂ, ਜਿਵੇਂ ਕੋਈ ਹੋਰ ਸੂਰਜ ਚੜ੍ਹਦਾ ਹੋਵੇ।'

'ਸਾਡੇ ਪਿੰਡ ਵਾਲਾ ਕੱਬਾ (ਕੁਲਬੀਰ) ਕਾਮਰੇਡ ਕਹਿੰਦਾ ਹੁੰਦਾ ਸੀ ਬਈ ਸਾਰੇ ਬੰਦੇ ਬਰਾਬਰ ਹੋਣੇ ਚਾਹੀਦੇ। ਲੈ ਉਥੇ ਜਾ ਕੇ ਵੇਖ ਲੈ ਸਾਰੇ ਈ ਬਰਾਬਰ ਹੋ'ਗੇ। ਕੋਈ ਕੱਪੜੇ ਲੱਤੇ ਵਰਤਾਈ ਜਾਂਦਾ, ਕੋਈ ਜੁੱਤੀਆਂ ਵੰਡੀ ਜਾਂਦਾ, ਕਿਧਰੇ ਲੱਡੂ ਰੁਲ਼ੀ ਜਾਂਦੇ, ਕਿਤੇ ਪਿੰਨੀਆਂ ਵਰਤੀ ਜਾਂਦੀਆਂ। ਤੂੰ ਐਂ ਪੁੱਛ ਬਈ ਉਥੇ ਕੀ ਹੈ ਨ੍ਹੀਂ। ਸਭ ਤੋਂ ਵੱਡੀ ਗੱਲ ਇਉਂ ਲਗਦਾ ਜਿਵੇਂ ਸਾਰੇ ਈ ਬੰਦੇ ਕਿਸੇ ਇੱਕ ਹੀ ਵੱਡੀ ਮੂਰਤ ਦੀਆਂ ਨੁੱਕਰਾਂ ਹੋਵਣ।' ਗੋਲੂ ਨੂੰ ਸਾਰੇ ਭੋਲੂ ਪ੍ਰਸ਼ਾਦ ਹੀ ਸਮਝਦੇ ਸਨ। ਜਿਧਰ ਜੀ ਕਰੇ ਤੋਰ ਲਿਆ। ਨਾ ਕੁਝ ਪੜ੍ਹਨ ਦਾ ਸ਼ੌਕ, ਨਾ ਲਿਖਣ ਦਾ। ਬਸ ਕਬੱਡੀ ਇੱਕੋ ਇੱਕ ਸ਼ੌਕ ਸੀ ਉਸ ਦਾ। ਰੇਡ ਪਾਉਣ ਗਿਆ ਕਈ ਵਾਰ ਉਹ ਖੜ੍ਹੇ ਜਾਫੀ ਦੇ ਉੱਤੋਂ ਦੀ ਛਾਲ ਮਾਰ ਜਾਂਦਾ। ਜਦੋਂ ਦਾ ਦਿਲਬਾਗ ਨਾਲ ਰਲਿਆ ਸੀ, ਉਹ ਸ਼ੌਕ ਵੀ ਕਿਧਰੇ ਪਿੱਛੇ ਰਹਿ ਗਿਆ ਸੀ। ਜਦੋਂ ਉਹ ਬੋਲ ਰਿਹਾ ਸੀ ਤਾਂ ਦਿਲਬਾਗ ਉਹਦੇ ਵੱਲ ਟਿਕਟਿਕੀ ਬੰਨ੍ਹ ਕੇ ਵੇਖਦਾ ਰਿਹਾ। ਸੋਚਣ ਲੱਗਾ, ਇਹਨੂੰ ਸਾਲ਼ੇ ਨੂੰ ਅਸੀਂ ਟੂਟਲ ਜਿਹਾ ਈ ਸਮਝਦੇ ਸੀ, ਅੱਜ ਇਹੀ ਅਫਲਾਤੂਨ ਬਣਿਆ ਫਿਰਦਾ, ਕਿੰਨੀ ਡੂੰਘਾਈ ਆ ਗਈ ਇਹਦੀਆਂ ਗੱਲਾਂ 'ਚ। ਊਂ ਅੱਖਰ ਪੜ੍ਹਨ ਦਾ ਵੈਰੀ ਆ ਇਹ, ਉਲਟੇ ਸਿੱਧੇ ਕੰਮ ਜਿੰਨੇ ਮਰਜ਼ੀ ਕਰਵਾ ਲੋ। ਕਿਸਾਨ ਮੋਰਚੇ 'ਚ ਚਾਰ ਦਿਨ ਰਹਿ ਕੇ ਕਿੰਨੀਆਂ ਸੋਹਣੀਆਂ ਗੱਲਾਂ ਕਰਨ ਲੱਗ ਪਿਆ ਇਹ। ਦਿਲਬਾਗ ਦਾ ਜੀ ਕੀਤਾ ਕਿ ਦਿੱਲੀ ਦੇ ਬਾਰਡਰਾਂ 'ਤੇ ਚੱਲ ਰਹੇ ਇਸ ਇਕੱਠ ਦੀ ਤਾਸੀਰ ਜ਼ਰੂਰ ਪਰਖਣੀ ਚਾਹੀਦੀ, ਜਿੱਥੋਂ ਦੇ ਪਾਰਸ ਨਾਲ ਸਾਡਾ ਲੋਹਾ ਸੋਨਾ ਹੋ ਗਿਆ। ਹਾਲੇ ਦਿਲਬਾਗ ਇਹ ਸੋਚ ਹੀ ਰਿਹਾ ਸੀ ਕਿ ਅੰਬੇ ਦੀ ਆਵਾਜ਼ ਆਈ, 'ਬਾਈ ਜਾ ਆਉ ਦਿੱਲੀ ਤੁਸੀਂ ਵੀ, ਪਤਾ ਨ੍ਹੀਂ ਕਦੋਂ ਮੇਲਾ ਵਿਛੜ ਜਾਵੇ। ਇਹ ਆਰਜੀ ਤੀਰਥ ਅਸਥਾਨ ਹੈ। ਅਲੋਪ ਵੀ ਹੋ ਸਕਦਾ।' ਇਨ੍ਹਾਂ ਬੋਲਾਂ ਨੇ ਦਿਲਬਾਗ ਨੂੰ ਹੋਰ ਹੈਰਾਨ ਕੀਤਾ, ਉਹਨੂੰ ਲੱਗਾ, 'ਇਹੋ ਜਿਹੀ ਭਾਸ਼ਾ ਤਾਂ ਮੇਰੇ ਆਪਣੇ ਕੋਲ ਵੀ ਹੈ ਨ੍ਹੀਂ, ਜਿਸ ਤਰ੍ਹਾਂ ਦੀ ਇਹ ਬੋਲਦੇ ਆ।' ਹੁਣ ਦਿਲਬਾਗ ਨੂੰ ਲੱਗਣ ਲੱਗਾ, ਪਈ ਇਹ ਮੁੰਡੇ ਸਾਂਭਣ ਯੋਗ ਹੋ ਗਏ ਹਨ। ਇਹੋ ਜਿਹੇ ਯਾਰ ਬੇਲੀ ਅਜਾਈਂ ਨਹੀਂ ਗੁਆਏ ਜਾ ਸਕਦੇ।

ਅਗਾਂਹ 26 ਜਨਵਰੀ ਆ ਰਹੀ ਸੀ। ਕਿਸਾਨਾਂ ਨੇ 26 ਜਨਵਰੀ ਦੇ ਸਰਕਾਰੀ ਮਾਰਚਾਂ ਦੇ ਸਮਾਨੰਤਰ ਦਿੱਲੀ ਵਿੱਚ ਟਰੈਕਟਰ ਮਾਰਚ ਦਾ ਪ੍ਰੋਗਰਾਮ ਦੇ ਦਿੱਤਾ। ਇਹ ਬਹੁਤ ਵੱਡਾ ਐਕਸ਼ਨ ਸੀ। ਕਈ ਧਿਰਾਂ ਵੱਲੋਂ ਇਸ ਐਕਸ਼ਨ ਵਿੱਚ ਗੜਬੜ ਹੋਣ ਦੇ ਖਦਸ਼ੇ ਵੀ ਪ੍ਰਗਟਾਏ ਜਾ ਰਹੇ ਸਨ। 26 ਜਨਵਰੀ ਤੋਂ ਪਹਿਲਾਂ ਟਰੈਕਟਰ ਮਾਰਚ ਦੇ ਰੂਟਾਂ ਬਾਰੇ ਕਿਸਾਨ ਜਥੇਬੰਦੀਆਂ ਅਤੇ ਦਿੱਲੀ ਪੁਲਿਸ ਵਿਚਕਾਰ ਗੱਲਬਾਤ ਚੱਲਦੀ ਰਹੀ। ਦਿੱਲੀ ਪੁਲਿਸ ਵੱਲੋਂ ਕਿਸਾਨਾਂ ਨੂੰ ਰਾਜਧਾਨੀ ਦੀਆਂ ਸੜਕਾਂ 'ਤੇ ਮਾਰਚ ਕਰਨ ਤੋਂ ਰੋਕਿਆ ਜਾ ਰਿਹਾ ਸੀ, ਪਰ ਕਿਸਾਨ ਟਰੈਕਟਰ ਮਾਰਚ ਕਰਨ 'ਤੇ ਅੜੇ ਹੋਏ ਸਨ। ਅਖੀਰ ਪੁਲਿਸ ਨੇ ਕਿਸਾਨਾਂ ਨੂੰ ਦਿੱਲੀ ਸ਼ਹਿਰ ਦੇ ਬਾਹਰਵਾਰ ਵਾਲੇ ਰੂਟਾਂ 'ਤੇ ਮਾਰਚ ਕਰਨ ਦੀ ਇਜਾਜ਼ਤ ਦੇ ਦਿੱਤੀ, ਪਰ ਕਿਸਾਨਾਂ ਵਿੱਚ ਕੰਮ ਕਰ ਰਹੇ ਕੁਝ ਤੱਤੇ ਨੌਜਵਾਨ ਪੁਲਿਸ ਦੀਆਂ ਹਦਾਇਤਾਂ ਨੂੰ ਮੰਨਣ ਲਈ ਤਿਆਰ ਨਹੀਂ ਸਨ। ਉਹ ਦਿੱਲੀ ਸ਼ਹਿਰ ਦੇ ਅੰਦਰਲੀਆਂ ਸੜਕਾਂ 'ਤੇ ਮਾਰਚ ਕਰਨ ਲਈ ਬਜ਼ਿਦ ਸਨ। ਇਸ ਦਰਮਿਆਨ ਅਮਰੀਕਾ ਬੈਠੇ ਇੱਕ ਵਕੀਲ ਨੇ ਲਾਲ ਕਿਲੇ 'ਤੇ ਕੇਸਰੀ ਝੰਡਾ ਲਹਿਰਾ ਦੇਣ ਦੀ ਕਾਲ ਦੇ ਦਿੱਤੀ ਅਤੇ ਇਹਦੇ ਲਈ ਵੱਡੇ ਇਨਾਮ ਦਾ ਐਲਾਨ ਕਰ ਦਿੱਤਾ। 25 ਜਨਵਰੀ ਨੂੰ ਦੇਰ ਰਾਤ ਨੌਜਵਾਨਾਂ ਦੇ ਇੱਕ ਗਰਮ ਧੜੇ ਨੇ ਕਿਸਾਨਾਂ ਦੀ ਮੁੱਖ ਸਟੇਜ 'ਤੇ ਕਬਜ਼ਾ ਕਰ ਲਿਆ ਅਤੇ ਲਾਲ ਕਿਲੇ ਵੱਲ ਜਾਣ ਦਾ ਐਲਾਨ ਕਰ ਦਿੱਤਾ। ਕਿਸਾਨਾਂ ਦਾ ਸ਼ਾਂਤਮਈ ਪੱਖ ਵਾਲਾ ਧੜਾ ਦਿੱਲੀ ਦੀਆਂ ਬਾਹਰਲੀਆਂ ਸੜਕਾਂ ਉੱਪਰ ਮਾਰਚ ਕਰਨ 'ਤੇ ਅੜਿਆ ਰਿਹਾ। ਮਾਰਚ ਦੇ ਸ਼ੁਰੂ ਹੋਣ ਦਾ ਸਮਾਂ 9 ਵਜੇ ਰੱਖਿਆ ਗਿਆ ਸੀ। ਕਾਹਲੇ ਹੋਏ ਤੱਤਿਆਂ ਨੇ ਮਾਰਚ 8 ਵਜੇ ਹੀ ਸ਼ੁਰੂ ਕਰ ਦਿੱਤਾ। ਉਨ੍ਹਾਂ ਦਾ ਮਾਰਚ ਲਾਲ ਕਿਲੇ ਵੱਲ ਵਧਣ ਲੱਗਾ। ਪੁਲਿਸ ਤਮਾਸ਼ਬੀਨ ਬਣੀ ਵੇਖਦੀ ਰਹੀ। ਲਗਦਾ ਸੀ ਜਿਵੇਂ ਪੁਲਿਸ ਮੁੰਡਿਆਂ ਨੂੰ ਲਾਲ ਕਿਲੇ ਵੱਲ ਜਾਣ ਦੀ ਜਾਣ-ਬੁਝ ਕੇ ਖੁਲ੍ਹ ਦੇ ਰਹੀ ਹੋਵੇ। ਜਦੋਂ ਤੱਕ ਉਨ੍ਹਾਂ ਨੇ ਤਿਰੰਗੇ ਦੇ ਬਰਾਬਰ ਵਾਲੇ ਇੱਕ ਹੋਰ ਖੰਭੇ 'ਤੇ ਕੇਸਰੀ ਨਿਸ਼ਾਨ ਝੁਲਾ ਨਹੀਂ ਦਿੱਤਾ, ਪੁਲਿਸ ਨੇ ਕੋਈ ਕਾਰਵਾਈ ਨਹੀਂ ਕੀਤੀ, ਮਗਰੋਂ ਉਥੇ ਪੁੱਜੇ ਲੋਕਾਂ ਦਾ ਅੰਨ੍ਹੇਵਾਹ ਕੁਟਾਪਾ ਸ਼ੁਰੂ ਕਰ ਦਿੱਤਾ। ਕਈ ਥਾਵਾਂ 'ਤੇ ਕਿਸਾਨਾਂ ਅਤੇ ਪੁਲਿਸ ਵਿਚਾਲੇ ਤਿੱਖੇ ਭੇੜ ਹੋਏ। ਪੁਲਿਸ




**ਦਿਲਬਾਗ ਤਿੜ ਗਿਆ, 'ਸ਼ਾਂਤੀ ਦੀ ਵੀ ਕੋਈ ਹੱਦ ਹੁੰਦੀ ਯਾਰ। ਇਸ ਤੋਂ ਅਗਾਂਹ ਹੋਰ ਕੀ ਕਰ ਸਕਦੇ ਅਗਲੇ। ਚਿੱਟੇ ਦਿਨ ਗੱਡੀ ਕਿਸਾਨਾਂ 'ਤੇ ਚੜ੍ਹਾ ਦਿੱਤੀ। 'ਵੇਖੀਂ ਵੀਰਦੀਪ ਇੱਕ ਦਿਨ ਇਨ੍ਹਾਂ ਨੂੰ ਇੱਦਾਂ ਹੀ ਦਰੜ ਕੇ ਮਾਰਾਂਗੇ, ਜਿੱਦਾਂ ਇਨ੍ਹਾਂ ਨੇ ਆਪਣੇ ਬੰਦਿਆਂ ਨੂੰ ਮਾਰਿਆ। ਅਦਾਲਤਾਂ ਅਦੂਲਤਾਂ 'ਚ ਨ੍ਹੀਂ ਕੁਸ਼ ਵੀ ਹੋਣਾ, ਸਿੱਧੇ ਪੈਣਾ ਪਊ ਇਨ੍ਹਾਂ ਨੂੰ।'**

ਦੀ ਗੋਲੀ ਨਾਲ ਇੱਕ ਮੁੰਡੇ ਦੀ ਮੌਤ ਵੀ ਹੋ ਗਈ। ਅਨੇਕਾਂ ਜੇਲ੍ਹ ਭੇਜ ਦਿੱਤੇ। ਲਾਲ ਕਿਲੇ 'ਤੇ ਝੰਡਾ ਲਹਿਰਾਉਣ ਦੀ ਦੇਰ ਸੀ, ਦੇਸ਼ ਭਰ ਦੇ ਮੀਡੀਏ ਨੇ ਸਿੰਗਾਂ 'ਤੇ ਮਿੱਟੀ ਚੁੱਕ ਲਈ। ਸਾਰੀ ਕਿਸਾਨ ਲਹਿਰ ਨੂੰ ਵੱਖਵਾਦੀ, ਅਤਿਵਾਦੀ ਅਤੇ ਖਾਲਿਸਤਾਨ ਗਰਦਾਨਣ ਦੀ ਮੁਹਿਮ ਵਿੱਢ ਦਿੱਤੀ। ਹਿੰਦੋਸਤਾਨ ਦਾ ਮੀਡੀਆ ਤੋਪਖਾਨਿਆਂ ਨਾਲੋਂ ਵੀ ਭਿਆਨਕ ਅੱਗ ਉਗਲ ਰਿਹਾ ਸੀ। 1984 ਤੋਂ ਬਾਅਦ ਇੱਕ ਵਾਰ ਫਿਰ ਪੰਜਾਬ ਅਤੇ ਸਿੱਖਾਂ ਦੇ ਖਿਲਾਫ ਅੰਨ੍ਹੀ ਨਫਰਤ ਫੈਲਾਈ ਜਾਣ ਲੱਗੀ। ਇੱਕ ਵਾਰ ਸਾਰੀ ਕਿਸਾਨ ਲਹਿਰ ਦੇ ਪੈਰ ਉੱਖੜ ਗਏ। ਕਿਸਾਨ ਘਰਾਂ ਨੂੰ ਪਰਤਣ ਲੱਗੇ। ਭਰਿਆ ਮੇਲਾ ਲਗਪਗ ਉੱਜੜ ਗਿਆ ਸੀ। ਅਖੀਰ ਟਿਕਰੀ ਬਾਰਡਰ ਤੋਂ ਪੱਛਮੀ ਯੂ.ਪੀ. ਦੇ ਇੱਕ ਵੱਡੇ ਕਿਸਾਨ ਆਗੂ ਦਾ ਸ਼ਾਮਿਆਨਾ ਵੀ ਉਜਾੜਿਆ ਜਾਣ ਲੱਗਾ। ਕਿਸਾਨ ਮੋਰਚੇ ਉੱਪਰ ਤਸ਼ੱਦਦ ਦਾ ਦੌਰ ਵੇਖ ਕੇ ਇਹ ਵੱਡਾ ਕਿਸਾਨ ਆਗੂ ਭਾਵੁਕ ਹੋ ਗਿਆ। ਪੰਜਾਬੀ ਕਿਸਾਨ ਚੱਟਾਨ ਵਾਂਗ ਉਹਦੇ ਨਾਲ ਡਟ ਗਏ। ਉਸ ਦੀ ਅੱਖ ਵਿੱਚੋਂ 2 ਹੰਝੂ ਡਿੱਗੇ ਤੇ ਸਾਰੀ ਕਿਸਾਨ ਲਹਿਰ ਮੁੜ ਪੈਰਾਂ ਸਿਰ ਹੋ ਗਈ। ਇਹ ਖ਼ਬਰ ਅੱਗ ਵਾਂਗ ਸੋਸ਼ਲ ਮੀਡੀਆ 'ਤੇ ਫੈਲੀ ਅਤੇ ਰਾਤੋ ਰਾਤ ਹਜ਼ਾਰਾਂ ਕਿਸਾਨ ਮੁੜ ਬਾਰਡਰਾਂ 'ਤੇ ਜੁੜ ਗਏ। ਕਿਸਾਨ ਸੰਘਰਸ਼ ਦਾ ਜਿਹੜਾ ਮੇਲਾ ਇੱਕ ਵਾਰ ਉੱਜੜ ਗਿਆ ਸੀ, ਉਹ ਫਿਰ ਜੁੜ ਗਿਆ। ਹੁਣ ਇਹ ਪਹਿਲਾਂ ਨਾਲੋਂ ਵੀ ਜ਼ਿਆਦਾ ਭਰਿਆ ਲੱਗਣ ਲੱਗਾ। ਕਿਸਾਨਾਂ ਦਾ ਝੰਡਾ ਚਾਰੇ ਪਾਸੇ ਝੂਲਣ ਲੱਗਾ। ਕਿਸਾਨ ਲਹਿਰ ਇੱਕ ਵਾਰ ਬੇਮੁਹਾਰ ਹੋ ਗਈ ਲਗਦੀ ਸੀ, ਹੁਣ ਉਸਦੀ ਮੁਹਾਰ ਹੁਣ ਪੰਜਾਬੀ ਕਿਸਾਨ ਲਡਿਰਾਂ ਦੇ ਹੱਥੋਂ ਖਿਸਕ ਕੇ ਯੂ.ਪੀ. ਵਾਲੇ ਵੱਡੇ ਕਿਸਾਨ ਆਗੂ ਦੇ ਹੱਥ ਆ ਗਈ ਸੀ। ਸਰਕਾਰ ਨੇ ਆਪਣੀ ਸਖਤੀ ਜਾਰੀ ਰੱਖੀ। ਮੋਰਚੇ ਦੇ ਦੁਆਲੇ ਪੱਥਰਾਂ ਦੇ ਟਰੱਕ ਉਤਾਰੇ ਜਾਣ ਲੱਗੇ। ਧਰਨੇ 'ਤੇ ਬੈਠੇ ਕਿਸਾਨਾਂ ਦੇ ਦੋਨੋਂ ਪਾਸੇ ਬੈਰੀਕੇਡ ਲਾ ਕੇ ਸੜਕਾਂ 'ਤੇ ਕਿੱਲ ਗੱਡ ਦਿੱਤੇ ਗਏ। ਵੇਖਣ ਨੂੰ ਇਹ ਇੱਕ ਭਿਆਨਕ ਦ੍ਰਿਸ਼ ਲਗਦਾ ਸੀ। 'ਤੁਸੀਂ ਕਿੱਲ ਬੀਜਦੇ ਹੋ ਅਸੀਂ ਫੁੱਲ ਬੀਜਾਂਗੇ' ਕਿਸਾਨ ਆਗੂਆਂ ਨੇ ਕਿਹਾ।

ਕਿਸਾਨ ਦੇ ਸੰਘਰਸ਼ ਦਾ ਮੇਲਾ ਫਿਰ ਜੁੜਨ ਲੱਗਾ ਤਾਂ ਦੋ ਦਿਨ ਬਾਅਦ ਦਿਲਬਾਗ ਨੇ ਗੋਲੂ ਕੋਲ ਵੀਰਦੀਪ ਨੂੰ ਸੁਨੇਹਾ ਭੇਜਿਆ, ਉਸ ਨੂੰ ਅਗਲੇ ਦਿਨ ਕਿਸੇ ਟਿਕਾਣੇ 'ਤੇ ਮਿਲਣ ਲਈ ਕਿਹਾ ਅਤੇ ਉਥੋਂ ਉਨ੍ਹਾਂ ਨੇ ਦਿੱਲੀ ਦੇ ਬਾਰਡਰਾਂ ਵੱਲ ਨਿਕਲ ਜਾਣਾ ਸੀ। ਗੋਲੂ ਵੀਰਦੀਪ ਨੂੰ ਸੁਨੇਹਾ ਦੇ ਕੇ ਵਾਪਸ ਪਰਤ ਆਇਆ। ਦੋ ਦਿਨ ਬਾਅਦ ਦਿਲਬਾਗ ਸਾਰਾ ਕੰਮ ਕਾਜ ਮੁੰਡਿਆਂ ਦੇ ਹਵਾਲੇ ਕਰਕੇ ਵੀਰਦੀਪ ਨੂੰ ਮਿਲਿਆ ਅਤੇ ਉਹ ਦਿੱਲੀ ਚਲੇ ਗਏ। ਉਨ੍ਹਾਂ ਕਿਸਾਨ ਸੰਘਰਸ਼ ਦੇ ਸਾਰੇ ਟਿਕਾਣੇ ਚੰਗੀ ਤਰ੍ਹਾਂ ਘੁੰਮ ਕੇ ਵੇਖੇ। ਕਿਸਾਨ ਲੀਡਰਾਂ ਨਾਲ ਮੁਲਾਕਾਤਾਂ ਕੀਤੀਆਂ। ਉਨ੍ਹਾਂ ਦੇ ਭਾਸ਼ਨ ਸੁਣਦੇ ਰਹੇ। ਵਿੱਚੋਂ ਕੁਝ ਆਗੂ ਤੱਤਾ ਵੀ ਬੋਲ ਜਾਂਦੇ, ਪਰ ਬਹੁਤੇ ਸੰਘਰਸ਼ ਨੂੰ ਸਾਂਤਮਈ ਰੱਖਣ ਦੇ ਹਾਮੀ ਸਨ। ਅਪ੍ਰੈਲ ਦਾ ਦੂਜਾ ਹਫਤਾ ਉਹ ਦਿੱਲੀ ਦੀਆਂ ਬਰੂਹਾਂ 'ਤੇ ਗੁਜ਼ਾਰ ਕੇ ਵਾਪਸ ਪਰਤ ਆਏ। ਕਿਸਾਨ ਸੰਘਰਸ਼ ਨੇ ਉਨ੍ਹਾਂ ਨੂੰ ਬੜਾ ਕੁਝ ਨਵਾਂ ਸਿੱਖਣ ਨੂੰ ਦਿੱਤਾ। ਇਸ ਤੋਂ ਪਹਿਲਾਂ ਉਹ ਬਹੁਤ ਸਾਰੀਆਂ ਕਾਲਪਨਿਕ ਉਡਾਰੀਆਂ ਵਿੱਚ ਜੀਂਦੇ ਰਹੇ ਸਨ। ਸੰਘਰਸ਼ਾਂ ਦੌਰਾਨ ਵੱਡੇ ਇਕੱਠਾਂ ਨੂੰ ਕਿਵੇਂ ਸਾਂਭਣਾ ਹੈ, ਕਿਸ ਤਰ੍ਹਾਂ ਇੱਕ ਡਿਸਿਪਲਿਨ ਵਿੱਚ ਦ੍ਰਿੜ ਪਰ ਸ਼ਾਂਤ ਚਿੱਤ ਰੱਖਣਾ ਹੈ, ਇਹਦੇ ਬਾਰੇ ਉਨ੍ਹਾਂ ਨੂੰ ਦਿੱਲੀ ਦੀਆਂ ਬਰੂਹਾਂ ਤੋਂ ਬੜਾ ਕੁਝ ਸਿੱਖਣ ਨੂੰ ਮਿਲਿਆ। ਉਹ ਇੱਥੇ ਪੈਦਾ ਹੋ ਰਹੇ ਤਜਰਬੇ ਨੂੰ ਪੰਜਾਬ ਵਿੱਚ ਲਾਗੂ ਕਰਨਾ ਚਾਹੁੰਦੇ ਸਨ। ਕਿਸਾਨਾਂ ਵੱਲੋਂ ਚਲਾਈ ਸਮਾਨੰਤਰ ਪਾਰਲੀਮੈਂਟ ਨੂੰ ਉਨ੍ਹਾਂ ਨੇ ਕਾਫੀ ਨਜ਼ਦੀਕ ਤੋਂ ਵੇਖਿਆ। ਇਸ ਘਟਨਾਕ੍ਰਮ ਨੇ ਕਿਸਾਨ ਲਹਿਰ ਨੂੰ ਕੌਮਾਂਤਰੀ ਪੱਧਰ 'ਤੇ ਮਕਬੂਲ ਬਣਾ ਦਿੱਤਾ। ਦਿੱਲੀ ਵਿੱਚ ਚੱਲ ਰਹੀ ਇਸ ਕਿਸਾਨ ਲਹਿਰ ਦੇ ਹੱਕ ਵਿੱਚ ਵੱਡੇ-ਵੱਡੇ ਵਿਦਵਾਨ, ਅਦਾਕਾਰ ਅਤੇ ਕਲਾਕਾਰ ਬੋਲਣ ਲੱਗੇ। ਕਿਸਾਨ ਲਹਿਰ ਦੀ ਇਸ ਮਕਬੂਲੀਅਤ ਨੇ ਲਹਿਰ 'ਤੇ ਜ਼ਬਰ ਕਰਨਾ ਸਰਕਾਰ ਲਈ ਮੁਸ਼ਕਿਲ ਬਣਾ ਦਿੱਤਾ। ਅੰਤ ਨਵੰਬਰ ਵਿੱਚ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਮੌਕੇ ਕੇਂਦਰ ਸਰਕਾਰ ਨੇ ਤਿੰਨ ਕਾਨੂੰਨਾਂ ਨੂੰ ਵਾਪਸ ਲੈਣ ਦਾ ਫੈਸਲਾ ਸੁਣਾ ਦਿੱਤਾ। ਇਸ ਐਲਾਨ ਦੇ ਹੁੰਦਿਆਂ ਹੀ ਸੰਘਰਸ਼ ਦੇ ਪਿੜ ਵਿੱਚ ਡਟੇ ਕਿਸਾਨਾਂ ਵੱਲੋਂ ਭੰਗੜੇ ਪੈਣ ਲੱਗੇ। ਪੰਜਾਬ-ਹਰਿਆਣਾ ਵਿੱਚ ਇੱਕ ਵੱਡੀ ਖੁਸ਼ੀ ਦੀ ਲਹਿਰ ਵਿਆਪਕ ਪੱਧਰ 'ਤੇ ਫੈਲ ਗਈ।

ਕਿਸਾਨ ਲਹਿਰ ਨੇ ਪੰਜਾਬ ਦੇ ਲੋਕਾਂ ਨੂੰ ਇੱਕ ਆਤਮ ਵਿਸ਼ਵਾਸ ਦਿੱਤਾ। ਖਾੜਕੂ ਲਹਿਰ ਦੇ ਅੰਤ ਤੋਂ ਬਾਅਦ ਇੱਕ ਨਿੰਮੋਝੂਣਾਪਣ ਪੰਜਾਬ ਦੇ ਲੋਕਾਂ ਵਿੱਚ ਪੈਦਾ ਹੋ ਗਿਆ ਸੀ, ਉਹ ਪੂਰੀ ਤਰ੍ਹਾਂ ਛਟ ਗਿਆ। ਅਗਲੇ ਸਾਲ ਦੇ ਸ਼ੁਰੂ ਵਿੱਚ ਪੰਜਾਬ ਸਮੇਤ ਪੰਜ ਰਾਜਾਂ ਵਿੱਚ ਰਾਜ ਅਸੈਂਬਲੀ ਦੀਆਂ ਚੋਣਾਂ ਆ ਰਹੀਆਂ ਸਨ। ਜਿਵੇਂ ਕਿ ਵੀਰਦੀਪ ਹੋਰਾਂ ਨੂੰ ਆਸ ਸੀ ਕਿ ਕਿਸਾਨ ਲਹਿਰ ਵੱਲੋਂ ਪੈਦਾ ਕੀਤੀ ਗਈ ਸਮੂਹਿਕ ਊਰਜਾ ਪੰਜਾਬ ਚੋਣਾਂ ਵਿੱਚ ਕੋਈ ਨਵਾਂ-ਨਵੇਲਾ ਕਰਿਸ਼ਮਾ ਕਰ ਦੇਵੇਗੀ, ਅਜਿਹਾ ਵਾਪਰ ਨਾ ਸਕਿਆ। ਵੋਟਾਂ ਦੇ ਮੁੱਦੇ 'ਤੇ ਕਿਸਾਨ ਆਗੂਆਂ ਦੀ ਪਾਟੋਧਾੜ ਉਨ੍ਹਾਂ ਨੂੰ ਲੈ ਬੈਠੀ। ਤਬਦੀਲੀ ਦੇ ਹੱਕ ਵਿੱਚ ਬਣਿਆ ਮਾਹੌਲ ਇੱਕ ਨਵੀਂ ਪਾਰਟੀ ਦੇ ਪੱਖ ਵਿੱਚ ਭੁਗਤ ਗਿਆ।

ਵੀਰਦੀਪ ਅਤੇ ਦਿਲਬਾਗ ਇਸ ਗੱਲੋਂ ਨਿਰਾਸ਼ ਸਨ ਕਿ ਕਿਸਾਨ ਸੰਘਰਸ਼ ਰਾਹੀਂ ਪੈਦਾ ਹੋਈ ਉਰਜਾ ਪੰਜਾਬ ਵਿੱਚ ਤਬਦੀਲੀ ਲਿਆਉਣ ਦੇ ਕੰਮ ਨਹੀਂ ਆ ਸਕੀ। ਕਿਸਾਨ ਸੰਘਰਸ਼ ਨੇ ਵੀਰਦੀਪ ਦਾ ਵਿਸ਼ਵਾਸ ਸੰਘਰਸ਼ ਦੇ ਸ਼ਾਂਤਮਈ ਤੌਰ-ਤਰੀਕਿਆਂ ਵਿੱਚ ਹੋਰ ਦ੍ਰਿੜ ਕੀਤਾ। ਦਿਲਬਾਗ ਦੀ ਟੇਕ ਹਾਲੇ ਵੀ ਹਥਿਆਰਾਂ ਤੋਂ ਟੁੱਟ ਨਹੀਂ ਸੀ ਰਹੀ। ਸ਼ਾਂਤਮਈ ਨਿਹੱਥੇ ਕਿਸਾਨਾਂ ਉੱਪਰ ਗੱਡੀ ਚਾੜ੍ਹ ਦੇਣ ਦੀ ਘਟਨਾ ਨੇ ਉਸ ਦਾ ਮਨ ਸੰਘਰਸ਼ ਦੇ ਹਿੰਸਕ ਬਦਲਾਂ ਵਿੱਚ ਹੋਰ ਪੱਕਾ ਕਰ ਦਿੱਤਾ। ਉਸ ਦਿਨ ਦਿਲਬਾਗ ਬਹੁਤ ਬੇਚੈਨ ਰਿਹਾ। ਘਟਨਾ ਵਿੱਚ ਯੂ.ਪੀ. ਦੇ ਕਿਸੇ ਵੱਡੇ ਅਧਿਕਾਰੀ ਦਾ ਮੁੰਡਾ ਸ਼ਾਮਲ ਸੀ। ਦਿਲਬਾਗ ਸੋਚਣ ਲੱਗਾ, 'ਸਾਲ਼ਾ ਇਸ ਤੋਂ ਅਗਾਂਹ ਹੋਰ ਕੀ ਹੋ ਸਕਦਾ, ਖਾਲੀ ਹੱਥ ਤੁਰੇ ਜਾਂਦੇ ਬੰਦੇ ਗੱਡੀ ਹੇਠ ਦਰੜ ਦਿੱਤੇ। ਇਨ੍ਹਾਂ ਨੂੰ ਇਸੇ ਤਰ੍ਹਾਂ ਦਰੜ ਕੇ ਨਾ ਮਾਰਿਆ ਤਾਂ ਸਾਡਾ ਜੀਣਾ ਕੀ ਹੋਇਆ?' ਦਿਲਬਾਗ ਇਸ ਘਟਨਾ ਦਾ ਬਦਲਾ ਲੈਣ ਦੀ ਤਰਕੀਬ ਸੋਚਣ ਲੱਗਾ। ਇਸੇ ਘਟਨਾ ਬਾਰੇ ਵੀਰਦੀਪ ਹੋਰ ਤਰ੍ਹਾਂ ਸੋਚ ਰਿਹਾ ਸੀ। ਦਿਲਬਾਗ ਨੇ ਇਸ ਘਟਨਾ ਬਾਰੇ ਵੀਰਦੀਪ ਦਾ ਪ੍ਰਤੀਕਰਮ ਪੁਛਿਆ। ਵੀਰਦੀਪ ਆਖਣ ਲੱਗਾ, 'ਕਿਸਾਨਾਂ ਨੇ ਤੁਰੰਤ ਪ੍ਰਤੀਕਰਮ ਦੇ ਹੀ ਦਿੱਤਾ, ਤਿੰਨ ਹਮਲਾਵਰ ਵੀ ਮਾਰੇ ਗਏ। ਹੁਣ ਕੇਸ ਦੀ ਅਦਾਲਤ ਵਿੱਚ ਚੱਜ ਨਾਲ ਪੈਰਵਹੀ ਕਰਨੀ ਚਾਹੀਦੀ। ਦੋਸ਼ੀਆਂ ਦਾ ਬਚਣਾ ਸੌਖਾ ਨਹੀਂ ਹੋਏਗਾ।'

ਦਿਲਬਾਗ ਤਿੜ ਗਿਆ, 'ਸ਼ਾਂਤੀ ਦੀ ਵੀ ਕੋਈ ਹੱਦ ਹੁੰਦੀ ਯਾਰ। ਇਸ ਤੋਂ ਅਗਾਂਹ ਹੋਰ ਕੀ ਕਰ ਸਕਦੇ ਅਗਲੇ। ਚਿੱਟੇ ਦਿਨ ਗੱਡੀ ਕਿਸਾਨਾਂ 'ਤੇ ਚੜ੍ਹਾ ਦਿੱਤੀ। 'ਵੇਖੀਂ ਵੀਰਦੀਪ ਇੱਕ ਦਿਨ ਇਨ੍ਹਾਂ ਨੂੰ ਇੱਦਾਂ ਹੀ ਦਰੜ ਕੇ ਮਾਰਾਂਗੇ, ਜਿੱਦਾਂ ਇਨ੍ਹਾਂ ਨੇ ਆਪਣੇ ਬੰਦਿਆਂ ਨੂੰ ਮਾਰਿਆ। ਅਦਾਲਤਾਂ ਅਦੂਲਤਾਂ 'ਚ ਨ੍ਹੀਂ ਕੁਸ਼ ਵੀ ਹੋਣਾ, ਸਿੱਧੇ ਪੈਣਾ ਪਊ ਇਨ੍ਹਾਂ ਨੂੰ।'

'ਇਹਦੇ ਨਾਲ ਉਸ ਇਲਾਕੇ ਵਿੱਚ ਸਾਡੇ ਜਿਹੜੇ ਕਿਸਾਨ ਰਹਿੰਦੇ, ਉਨ੍ਹਾਂ ਦਾ ਭਾਰੀ ਨੁਕਸਾਨ ਹੋ ਸਕਦਾ' ਵੀਰਦੀਪ ਦੂਰ ਦੀ ਸੋਚ ਰਿਹਾ ਸੀ।

'ਜਿੱਦਾਂ ਇੰਦਰਾ ਗਾਂਧੀ ਦੇ ਮਰਨ ਤੋਂ ਬਾਅਦ ਦਿੱਲੀ ਤੇ ਹੋਰ ਇਲਾਕਿਆਂ 'ਚ ਸਿੱਖਾਂ ਦਾ ਹੋਇਆ ਸੀ। ਇਹ ਲੋਕ ਸਥਾਨਕ ਲੋਕਾਂ ਨੂੰ ਭੜਕਾ ਕੇ ਪੰਜਾਬੀ ਸਿੱਖ ਕਿਸਾਨਾਂ ਦੇ ਗਲ ਪਾ ਸਕਦੇ' ਵੀਰਦੀਪ ਨੇ ਹੋਰ ਦਲੀਲ ਦਿੱਤੀ। ਵੀਰਦੀਪ ਦੀ ਸੁਣ ਕੇ ਦਿਲਬਾਗ ਦਾ ਮਨ ਕੁਝ ਸੋਚੀਂ ਪੈ ਗਿਆ, ਪਰ ਬਾਅਦ ਵਿੱਚ ਉਹ ਫਿਰ ਆਪਣੇ ਟਰੈਕ 'ਤੇ ਤੁਰ ਪਿਆ। ਵੀਰਦੀਪ ਦਿਲਬਾਗ ਦਾ ਮਨ ਮੋੜਨ ਦਾ ਯਤਨ ਕਰਦਾ ਰਿਹਾ, 'ਦਿਲਬਾਗ ਇਤਿਹਾਸ ਵਿੱਚ ਪੰਜਾਬ ਦੀਆਂ ਹੋਈਆ ਹਾਰਾਂ ਅਤੇ ਕਿਸਾਨ ਸੰਘਰਸ਼ ਦੀ ਹੋਈ ਜਿੱਤ ਤੋਂ ਸਾਨੂੰ ਬੜਾ ਕੁਝ ਸਿੱਖਣਾ ਚਾਹੀਦਾ। ਅੱਜ ਕੱਲ੍ਹ ਸਟੇਟ ਅਥਾਹ ਸਾਧਨਾਂ ਦੀ ਮਾਲਕ ਹੋ ਗਈ ਹੈ। ਸਰਵੀਲੈਂਸ ਦਾ ਸਾਮਰਾਜ ਆਪਣੇ ਸਿੱਖਰ ਉਤੇ ਹੈ। ਸੈਟੇਲਾਈਟ, ਐਂਡਰਾਇਡ ਫੋਨਾਂ, ਈਮੇਲਾਂ ਅਤੇ ਹੋਰ ਕਮਿਊਨੀਕੇਸ਼ਨ/ਡਿਟੈਕਸ਼ਨ ਦੇ ਸਾਧਨਾਂ ਰਾਹੀਂ ਰਾਜ ਆਪਣੇ ਹਰ ਨਾਗਰਿਕ 'ਤੇ ਨਿਗਾਹ ਰੱਖ ਸਕਦਾ, ਉਸ ਦੇ ਈ-ਮੇਲ, ਟੈਲੀ ਸੁਨੇਹਿਆਂ ਦੀ ਕੁਝ ਹੀ ਮਿੰਟਾਂ 'ਚ ਪੁਣ-ਛਾਣ ਕਰ ਸਕਦਾ। ਇਹ ਅਠਾਰਵੀਂ ਸਦੀ ਨਹੀਂ, ਇੱਕੀਵੀਂ ਸਦੀ ਦਾ ਯੁੱਗ ਹੈ। ਇਕ ਅੱਧ ਵੱਡੀ ਘਟਨਾ ਤੁਹਾਨੂੰ ਬੱਲੇ-ਬੱਲੇ ਤਾਂ ਦਿਵਾ ਸਕਦੀ, ਪਰ ਸੰਘਰਸ਼ ਜਿਤਵਾ ਨਹੀਂ ਸਕਦੀ।' ਵੀਰਦੀਪ ਨੇ ਦਿਲਬਾਗ ਨੂੰ ਲੰਮੀ ਚਿਤਾਵਨੀ ਦਿੱਤੀ।

'ਸੰਘਰਸ਼ ਜਿਤਵਾ ਨਹੀਂ ਸਕਦੀ ਤਾਂ ਅਜਿਹੀ ਘਟਨਾ ਸੰਘਰਸ਼ ਨੂੰ ਹੁਲਾਰਾ ਤਾਂ ਦੇ ਸਕਦੀ? ਲੋਕਾਂ ਦਾ ਹੌਸਲਾ ਬੁਲੰਦ ਕਰ ਸਕਦੀ? ਆਪਣੇ ਆਪ ਵਿੱਚ ਵਿਸ਼ਵਾਸ ਕਰਨਾ ਸਿਖਾ ਸਕਦੀ ਕਿ ਇਹ ਵੀ ਨ੍ਹੀਂ ਹੋ ਸਕਦਾ?' ਦਿਲਬਾਗ ਨੇ ਵੀ ਅਗਿਉਂ ਦਲੀਲਾਂ ਦੀ ਝੜੀ ਲਗਾ ਦਿੱਤੀ। ਦਿਲਬਾਗ ਦੀਆਂ ਦਲੀਲਾਂ ਸੁਣ ਕੇ ਵੀਰਦੀਪ ਸੋਚੀਂ ਪੈ ਗਿਆ। ਉਹ ਸੋਚਣ ਲੱਗਾ, 'ਗੱਲਾਂ ਤਾਂ ਇਹ ਵੀ ਠੀਕ ਕਰਦਾ, ਪਰ ਲੜਾਈ ਜਿੱਤਣ ਲਈ ਇੱਕ ਲੰਮੇ ਤੇ ਲਟਕਵੇਂ ਸਿਆਸੀ ਸੰਘਰਸ਼ ਤੋਂ ਬਿਨਾ ਕੋਈ ਚਾਰਾ ਨਹੀਂ ਅੱਜ ਦੇ ਯੁੱਗ 'ਚ।'

'ਮੈਂ ਏਦਾਂ ਨਹੀਂ ਸੋਚਦਾ ਦਿਲਬਾਗ ਜਿੱਦਾਂ ਤੂੰ ਸੋਚਦਾ। ਚਾਚਾ ਕਰਮਾ ਹੈ ਘਰੇ, ਮੈਂ ਕੁਝ ਘਰੇਲੂ ਕਾਰਨਾਂ ਕਰਕੇ ਵੀ ਤੇਰੇ ਵਾਲੇ ਰਾਹ ਨਹੀਂ ਤੁਰ ਸਕਦਾ। ਚਾਚੀ ਨਵਜੋਤ ਹੈ, ਉਨ੍ਹਾਂ ਨੇ ਵੀ ਮੈਨੂੰ ਕੁਝ ਆਸਾਂ ਨਾਲ ਪਾਲਿਆ ਪਲੋਸਿਆ। ਉਨ੍ਹਾਂ ਦੇ ਵੀ ਮੈਂ ਕੁਝ ਸੁਪਨੇ ਪੂਰੇ ਕਰਨੇ। ਇਸ ਦੇ ਬਾਵਜੂਦ ਮੈਂ ਆਪਣੇ ਸਮਾਜ, ਇਤਿਹਾਸ ਵੱਲੋਂ ਵੀ ਮੂੰਹ ਨਹੀਂ ਮੋੜ ਸਕਦਾ। ਮੈਂ ਇਸ ਸਾਰੇ ਕੁਝ ਨੂੰ ਨਾਲ ਲਏ ਬਿਨਾ ਨਹੀਂ ਤੁਰ ਸਕਦਾ।' ਖਾਸਾ ਕੁਝ ਸੋਚ ਕੇ ਵੀਰਦੀਪ ਨੇ ਉੱਤਰ

⇒ ***ਬਾਕੀ ਅਗਲੇ ਸਫੇ ਉਤੇ ਪੜ੍ਹੋ***

# ਜ਼ਬਾਨਬੰਦੀ ਲਈ ਯੂ.ਏ.ਪੀ.ਏ. ਦੀ ਦੁਰਵਰਤੋਂ

ਜਸਵੰਤ ਜੀਰਖ
ਫੋਨ: +91-9815169825

ਪਿਛਲੇ 10 ਸਾਲਾਂ ਤੋਂ ਦੇਸ਼-ਧ੍ਰੋਹ ਦੇ ਕੇਸ ਲਗਾਤਾਰ ਵਧ ਰਹੇ ਹਨ। ਯੂ.ਏ.ਪੀ.ਏ. ਤਹਿਤ ਕਿੰਨੇ ਹੀ ਬੁੱਧੀਜੀਵੀ, ਰੰਗ ਕਰਮੀ, ਵਕੀਲ, ਡਾਕਟਰ, ਪੱਤਰਕਾਰ ਆਦਿ ਜੇਲ੍ਹਾਂ ਵਿੱਚ ਬੰਦ ਕੀਤੇ ਗਏ ਹਨ ਅਤੇ ਅੱਜ ਤੱਕ ਕੀਤੇ ਜਾ ਰਹੇ ਹਨ। ਬਿਨਾ ਕੋਈ ਮੁਕੱਦਮਾ ਚਲਾਏ ਸਾਲਾਂ ਬੱਧੀ ਜੇਲ੍ਹ ਵਿੱਚ ਬੰਦ ਰਹਿਣ ਕਾਰਨ ਕਈਆਂ ਦੀ ਸਿਹਤ ਬਹੁਤ ਨਾਜ਼ਕ ਦੌਰ ਵਿੱਚੋਂ ਲੰਘ ਰਹੀ ਹੈ। ਫਾਦਰ ਸਟੈਨ ਸਵਾਮੀ ਵਰਗੇ ਜੇਲ੍ਹ ਵਿੱਚ ਹੀ ਦਮ ਤੋੜ ਚੁੱਕੇ ਹਨ। ਇਹ ਉਹ ਲੋਕ ਹਨ, ਜਿਨ੍ਹਾਂ ਨੇ ਭਾਰਤੀ ਲੋਕਾਂ ਉੱਪਰ ਹੋ ਰਹੇ ਸਰਕਾਰੀ ਤੇ ਗੈਰ-ਸਰਕਾਰੀ ਦਮਨ ਦੇ ਅਸਲ ਕਾਰਨ ਸਮਝ ਕੇ ਉਨ੍ਹਾਂ ਪ੍ਰਤੀ ਲੋਕਾਂ ਵਿੱਚ ਜਾਗ੍ਰਿਤੀ ਫੈਲਾ ਕੇ ਜ਼ਿੰਮੇਵਾਰ ਲੋਕਾਂ ਦੇ ਚਿਹਰੇ ਸਮਾਜ ਸਾਹਮਣੇ ਲਿਆਉਣ ਵਿੱਚ ਆਪਣੀ ਤੀਖਣ ਬੁੱਧੀ ਦੀ ਵਰਤੋਂ ਕਰਦਿਆਂ ਅਹਿਮ ਜ਼ਿੰਮੇਵਾਰੀ ਨਿਭਾਈ।

ਮਾਮਲਾ ਭਾਵੇਂ ਭੀਮਾ ਕੋਰੇਗਾਓਂ ਦਾ ਹੋਵੇ, ਦਿੱਲੀ ਦੇ ਸ਼ਾਹੀਨ ਬਾਗ਼ ਜਾਂ ਦਿੱਲੀ ਯੂਨੀਵਰਸਿਟੀ ਦਾ ਜਾਂ ਫਿਰ ਦੇਸ਼ ਵਿੱਚ ਮਨੀਪੁਰ ਵਰਗਾ ਕੋਈ ਹੋਰ ਖੇਤਰ ਹੋਵੇ; ਇਨ੍ਹਾਂ ਵਿੱਚ ਅਕਸਰ ਸਾਹਮਣੇ ਆਉਂਦਾ ਰਿਹਾ ਹੈ ਕਿ ਪੀੜਤ ਧਿਰ ਦੀ ਹੱਕੀ ਆਵਾਜ਼ ਦਬਾਉਣ ਲਈ ਹਮੇਸ਼ਾ ਧਰਮ ਆਧਾਰਿਤ ਫਿਰਕੂ ਰੰਗਤ ਰਾਹੀਂ ਛਲ ਕਪਟ ਤੇ ਸੱਤਾ ਦੇ ਬਲ ਦੀ ਵਰਤੋਂ ਕੀਤੀ ਜਾਂਦੀ ਹੈ, ਜੋ ਕਿਸੇ ਵੀ ਤਰ੍ਹਾਂ ਦੇਸ਼-ਧ੍ਰੋਹ ਤੋਂ ਘੱਟ ਨਹੀਂ। ਮਨੀਪੁਰ ਵਿੱਚ ਪੁਲੀਸ ਦੀ ਹਾਜ਼ਰੀ ਵਿੱਚ ਹੁਲੜਬਾਜ਼ਾਂ ਦਾ ਔਰਤਾਂ ਨੂੰ ਨਿਰਵਸਤਰ ਕਰ ਕੇ ਸੜਕਾਂ ’ਤੇ ਘੁਮਾਉਣਾ ਕੀ ਦਰਸਾਉਂਦਾ ਹੈ? ਸ਼ਾਹੀਨ ਬਾਗ ਵਿੱਚ ਮਹਿਲਾਵਾਂ ਦੇ ਨਾਗਰਿਕਤਾ ਸੋਧ ਕਾਨੂੰਨ ਖਿਲਾਫ ਵਿੱਢੇ ਸੰਘਰਸ਼ ਮੌਕੇ ਕਈ ਹੋਰ ਇਨਸਾਫ਼ ਪਸੰਦ ਜੱਥੇਬੰਦੀਆਂ ਨੇ ਵੀ ਹਮਾਇਤ ਕੀਤੀ। ਇਸ ਦੌਰਾਨ ਸਰਕਾਰੀ ਬਲਾਂ ਦੀ ਵਰਤੋਂ ਕਰਦਿਆਂ ਜਿੱਥੇ ਸਰਗਰਮ ਕਾਰਕੁਨਾਂ ਖਿਲਾਫ ਕਈ ਸੰਗੀਨ ਕੇਸ ਦਰਜ ਕੀਤੇ ਗਏ, ਪਰ ਜਿਹੜੇ ਸ਼ਰ੍ਹੇਆਮ ਡਰਾਉਣ ਧਮਕਾਉਣ ਦੀ ਦਹਿਸ਼ਤ ਪਾ ਕੇ ‘ਦੇਸ਼ ਦੇ ਗੱਦਾਰੋਂ ਕੋ, ਗੋਲੀ ਮਾਰੋ...’ ਵਰਗੇ ਨਾਅਰੇ ਲਾ ਰਹੇ ਸਨ, ਉਨ੍ਹਾਂ ਨੂੰ ਦਹਿਸ਼ਤ ਪਾਉਣ ਦੀ ਖੁੱਲ੍ਹੀ ਛੁੱਟੀ ਦੇ ਦਿੱਤੀ ਗਈ। ਅਸਲ ਵਿੱਚ ਦਹਿਸ਼ਤ ਪਾਉਣ ਵਾਲੇ ਇਹ ਲੋਕ ਦੇਸ਼-ਧ੍ਰੋਹ ਵਰਗੇ ਕੇਸਾਂ ਦੇ ਹੱਕਦਾਰ ਸਨ, ਪਰ ਅਫਸੋਸ! ਸਰਕਾਰੀ ਸਰਪ੍ਰਸਤੀ ਹੇਠ ਅਜਿਹੀ ਬੁਰਛਾਗਰਦੀ ਸ਼ਰ੍ਹੇਆਮ ਹੁੰਦੀ ਦੇਖੀ ਗਈ।

ਇਸੇ ਤਰ੍ਹਾਂ ਭੀਮਾ ਕੋਰੇਗਾਓਂ ਘਟਨਾ ਵਿੱਚ ਮੁੱਖ ਦੋਸ਼ੀਆਂ ਦੀ ਬਜਾਇ ਉਨ੍ਹਾਂ ਲੋਕਾਂ ਖਿਲਾਫ ਦੇਸ਼-ਧ੍ਰੋਹ ਵਰਗੇ ਕੇਸ ਸਰਕਾਰੀ ਸ਼ਹਿ ਹੇਠ ਦਰਜ ਕਰ ਲਏ ਗਏ, ਜਿਹੜੇ ਉਸ ਵੇਲੇ ਉੱਥੇ ਹਾਜ਼ਰ ਵੀ ਨਹੀਂ ਸਨ। ਜਸਟਿਸ (ਸੇਵਾਮੁਕਤ) ਕੋਲਸੇ ਪਾਟਿਲ ਵਰਗੇ ਸਮਾਜ ਚਿੰਤਕ ਬੁੱਧੀਜੀਵੀ ਭਾਵੇਂ ਸਭ ਕੁਝ ਸਪਸ਼ਟ ਕਰ ਚੁੱਕੇ ਹਨ, ਪਰ ਇਸ ਦੇ ਬਾਵਜੂਦ ਹਕੂਮਤੀ ਜਬਰ ਬਰਕਰਾਰ ਹੈ। ਅਮਰੀਕਾ ਦੀ ਇੱਕ ਏਜੰਸੀ ਇਹ ਸਿੱਧ ਕਰ ਚੁੱਕੀ ਹੈ ਕਿ ਇਸ ਕੇਸ ਬਾਰੇ ਝੂਠਾ ਬਿਰਤਾਂਤ ਸਿਰਜਣ ਲਈ ਇੱਕ ਸਮਾਜਿਕ ਕਾਰਕੁਨ ਦੇ ਕੰਪਿਊਟਰ ਵਿੱਚ ਬਾਹਰੋਂ ਦਸਤਾਵੇਜ਼ ਫਿੱਟ ਕੀਤੇ ਗਏ, ਜਿਸ ਨੂੰ ਆਧਾਰ ਬਣਾ ਕੇ ਦੇਸ਼-ਧ੍ਰੋਹ ਦਾ ਕੇਸ ਬਣਾਇਆ ਗਿਆ, ਪਰ ਇਸ ਮਾਮਲੇ ਦੀ ਵਿਗਿਆਨਕ ਆਧਾਰ ’ਤੇ ਹੋਰ ਛਾਣ-ਬੀਣ ਕਰਨ ਤੋਂ ਕਿਨਾਰਾ ਕੀਤਾ ਗਿਆ। ਦਿੱਲੀ ਯੂਨੀਵਰਸਿਟੀ ਦੇ ਪ੍ਰੋਫੈਸਰ ਜੀ.ਐੱਨ. ਸਾਈ ਬਾਬਾ, ਜੋ ਸਰੀਰਕ ਤੌਰ ’ਤੇ 90% ਅਪਾਹਜ ਹੈ, ਵਰਗੇ ਬੁੱਧੀਜੀਵੀ ਕਾਰਕੁਨਾਂ ਨੂੰ ਵੀ ਦੇਸ਼-ਧ੍ਰੋਹੀ ਕਰਾਰ ਦੇ ਕੇ ਜੇਲ੍ਹ ‘ਚ ਬੰਦ ਰੱਖਿਆ ਗਿਆ। ਪ੍ਰੋ. ਸਾਈ ਬਾਬਾ ਮਨੁੱਖੀ ਤੇ ਜਮਹੂਰੀ ਹੱਕ ਕੁਚਲਣ ਖਿਲਾਫ ਆਵਾਜ਼ ਉਠਾਉਣ ਲਈ ਜਾਣੇ ਜਾਂਦੇ ਹਨ।




ਦਿੱਲੀ ਯੂਨੀਵਰਸਿਟੀ ਵਿੱਚ ਫਿਰਕੂ ਟੋਲਿਆਂ ਅਤੇ ਪੁਲੀਸ ਨੇ ਕਿੰਨੇ ਹੀ ਵਿਦਿਆਰਥੀਆਂ ਦੀ ਕੁੱਟਮਾਰ ਕੀਤੀ। ਕਈਆਂ ਨੂੰ ਗੰਭੀਰ ਸੱਟਾਂ ਵੀ ਲੱਗੀਆਂ, ਪਰ ਕੇਸ ਵੀ ਵਿਦਿਆਰਥੀਆਂ ਖਿਲਾਫ ਹੀ ਦਰਜ ਕਰ ਲਏ ਗਏ। ਯੂਨੀਵਰਸਿਟੀ ਵਿੱਚ ਧਰਮ ਆਧਾਰਿਤ ਫਿਰਕਾਪ੍ਰਸਤ ਟੋਲਿਆਂ ਅਤੇ ਪੁਲੀਸ ਬਲ ਦੇ ਜ਼ੋਰ ਵਿਦਿਆਰਥੀਆਂ ਉੱਪਰ ਤਸ਼ੱਦਦ ਕਰ ਕੇ ਦਨਦਨਾਉਣ ਵਾਲਿਆਂ ਖਿਲਾਫ ਕੋਈ ਕਾਰਵਾਈ ਨਾ ਕਰਨਾ ਕੀ ਸਿੱਧ ਕਰਦਾ ਹੈ? ਇੱਕ ਪਾਸੇ 2022 ਤੱਕ ਦੇਸ਼ ਦੇ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦੇ ਫਰਮਾਨ ਜਾਰੀ ਕੀਤੇ ਗਏ, ਦੂਜੇ ਪਾਸੇ ਕਿਸਾਨਾਂ ਦੀ ਬਜਾਇ ਕਾਰਪੋਰੇਟਾਂ ਦੀ ਆਮਦਨ ਦੁੱਗਣੀ ਹੀ ਨਹੀਂ, ਕਈ ਗੁਣਾ ਵਧਾਉਣ ਲਈ ਤਿੰਨ ਖੇਤੀ ਕਾਨੂੰਨ ਲਿਆਉਣੇ ਕੀ ਦੇਸ਼/ਲੋਕਾਂ ਨਾਲ ਧੋਖਾ ਨਹੀਂ? ਕੀ ਅਜਿਹਾ ਧੋਖਾ ਕਰਨ ਵਾਲਿਆਂ ਖਿਲਾਫ ਦੇਸ਼-ਧ੍ਰੋਹ ਦਾ ਕੇਸ ਨਹੀਂ ਬਣਦਾ? ਇਸ ਧੋਖੇ ਖਿਲਾਫ ਦਿੱਲੀ ਦੀਆਂ ਬਰੂਹਾਂ ਅਤੇ ਚਾਰੇ ਪਾਸੇ ਲੱਗੇ ਕਿਸਾਨ ਮੋਰਚੇ ਨੇ ਸਰਕਾਰੀ ਮਨਸੂਬਿਆਂ ਬਾਰੇ ਲੋਕਾਂ ਦੀ ਸੋਝੀ ਵਿਕਸਿਤ ਕਰਨ ਲਈ ਜੋ ਹਿੱਸਾ ਪਾਇਆ, ਉਹ ਇਤਿਹਾਸਕ ਹੋ ਨਿੱਬੜਿਆ ਹੈ। ਇੱਕ ਸਾਲ ਤੋਂ ਵੀ ਵੱਧ ਸਮਾਂ ਚੱਲੇ ਇਸ ਸੰਘਰਸ਼ ਨੇ ਸਰਕਾਰੀ ਨੀਤੀਆਂ ਬਣਾਉਣ ਅਤੇ ਲਾਗੂ ਕਰਨ ਲਈ ਕੀਤੀ ਜਾਂਦੀ ਤਿਕੜਮਬਾਜ਼ੀ ਜਿਸ ਢੰਗ ਨਾਲ ਸਾਹਮਣੇ ਲਿਆਂਦੀ, ਉਸ ਨੇ ਦੇਸ਼ ਨੂੰ ਬਚਾਉਣ ਵਾਲਿਆਂ ਅਤੇ ਦੇਸ਼ ਨੂੰ ਵੱਡੇ ਕਾਰਪੋਰੇਟ ਘਰਾਣਿਆਂ ਦੇ ਹੱਥਾਂ ਵਿੱਚ ਦੇ ਕੇ ਅੰਨ੍ਹਾ ਮੁਨਾਫਾ ਕਮਾਉਣ ਦੀਆਂ ਖੁੱਲ੍ਹਾਂ ਦੇਣ ਵਾਲੀਆਂ ਨੀਤੀਆਂ ਨੂੰ ਸਮਝਣ ਵਿੱਚ ਅਹਿਮ ਰੋਲ ਨਿਭਾਇਆ। ਘੋਲ ਨੂੰ ਲੀਹੋਂ ਲਾਹੁਣ ਲਈ ਜਿਹੜੀਆਂ ਸਰਕਾਰੀ ਸਾਜ਼ਿਸ਼ਾਂ ਸਾਹਮਣੇ ਆਈਆਂ, ਉਹ ਸਾਰੀਆਂ ਦੇਸ਼ ਵਿਰੋਧੀ ਕਾਰਵਾਈਆਂ ਸਨ, ਜੋ ਸਰਕਾਰੀ ਸਰਪ੍ਰਸਤੀ ਹੇਠ ਦੇਸ਼ ਵਿਰੋਧੀ ਅਨਸਰਾਂ ਰਾਹੀਂ ਵਾਰ-ਵਾਰ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ, ਪਰ ਅਜਿਹੀਆਂ ਸਾਜ਼ਿਸ਼ਾਂ ਘੜਨ ਵਾਲਿਆਂ ਖਿਲਾਫ ਦੇਸ਼-ਧ੍ਰੋਹ ਤਾਂ ਕੀ, ਕੋਈ ਆਮ ਕੇਸ ਵੀ ਦਰਜ ਨਹੀਂ ਹੋਇਆ। ਕਿੰਨੇ ਹੀ ਕਿਸਾਨ ਇਸ ਘੋਲ ਦੌਰਾਨ ਗ਼ਲਤ ਸਰਕਾਰੀ ਨੀਤੀਆਂ ਦਾ ਸ਼ਿਕਾਰ ਹੋ ਕੇ ਕੁਰਬਾਨੀਆਂ ਦੇ ਗਏ, ਪਰ ਸਰਕਾਰ ਨੇ ਇਨ੍ਹਾਂ ਦੀ ਗਿਣਤੀ ਰੱਖਣ ਦੀ ਵੀ ਲੋੜ ਨਹੀਂ ਸਮਝੀ। ਕੀ ਆਪਣੇ ਹੀ ਦੇਸ਼ ਵਾਸੀਆਂ ਨਾਲ ਅਜਿਹਾ ਵਰਤਾਓ ਦੇਸ਼-ਧ੍ਰੋਹ ਨਹੀਂ?


ਪ੍ਰੋਫੈਸਰ ਜੀ.ਐੱਨ. ਸਾਈ ਬਾਬਾ

ਗੁਜਰਾਤ ਕਤਲੇਆਮ ਦੌਰਾਨ ਬਿਲਕੀਸ ਬਾਨੋ ਨਾਲ ਬਲਾਤਕਾਰ ਹੋਇਆ, ਉਸ ਦੀ ਬੱਚੀ ਨੂੰ ਵੀ ਕਤਲ ਕੀਤਾ ਗਿਆ; ਲੰਮੀ ਅਦਾਲਤੀ ਲੜਾਈ ਤੋਂ ਬਾਅਦ ਦੋਸ਼ੀਆਂ ਨੂੰ ਸਜ਼ਾ ਦਿਵਾਈ ਗਈ, ਪਰ ਗੁਜਰਾਤ ਦੀ ਭਾਜਪਾ ਸਰਕਾਰ ਨੇ ਦੋਸ਼ੀਆਂ ਨੂੰ ਚੰਗੇ ਵਿਹਾਰ ਦਾ ਸਰਟੀਫਿਕੇਟ ਦੇ ਕੇ ਜੇਲ੍ਹ ’ਚੋਂ ਰਿਹਾਈ ਕਰਵਾ ਦਿੱਤੀ। ਜਦੋਂ ਉਹ ਜੇਲ੍ਹ ਤੋਂ ਬਾਹਰ ਆਏ ਤਾਂ ਉਨ੍ਹਾਂ ਦਾ ਸਵਾਗਤ ਮਠਿਆਈ ਵੰਡ ਕੇ ਅਤੇ ਗਲਾਂ ਵਿੱਚ ਹਾਰ ਪਾ ਕੇ ਸਨਮਾਨਤ ਕੀਤਾ ਗਿਆ। ਕੀ ਇਹ ਕਾਰਵਾਈ ਦੇਸ਼-ਧ੍ਰੋਹੀ ਤੋਂ ਘੱਟ ਹੈ? ਬਾਅਦ ਵਿੱਚ ਜਦੋਂ ਇਨਸਾਫ ਪਸੰਦ ਲੋਕਾਂ ਨੇ ਇਸ ਬੇਨਿਯਮੀ ਖਿਲਾਫ ਆਵਾਜ਼ ਉਠਾਈ ਤਾਂ ਇਨ੍ਹਾਂ ਦੋਸ਼ੀਆਂ ਨੂੰ ਦੁਬਾਰਾ ਜੇਲ੍ਹ ਤਾਂ ਭੇਜ ਦਿੱਤਾ ਗਿਆ, ਪਰ ਉਨ੍ਹਾਂ ਨੂੰ ਬਰੀ ਕਰਵਾਉਣ ਵਾਲਿਆਂ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਗਈ।

ਸੋ, ਸਪਸ਼ਟ ਹੈ ਕਿ ਇਸ ਦੇਸ਼ ਵਿੱਚ ਸੱਤਾ ਦੇ ਜ਼ੋਰ ਕਾਨੂੰਨ ਦੀਆਂ ਧੱਜੀਆਂ ਉਡਾ ਕੇ ਦੋਸ਼ੀਆਂ ਨੂੰ ਬਰੀ ਕਰਨ ਅਤੇ ਨਿਰਦੋਸ਼ਾਂ ਦੀਆਂ ਜ਼ਮਾਨਤਾਂ ਵੀ ਨਾ ਹੋਣ ਦੇਣ ਲਈ ਝੂਠੇ ਬਿਰਤਾਂਤ ਸਿਰਜੇ ਜਾਣ ਲਈ ਸਰਕਾਰੀ ਹੱਥ ਵਰਤੇ ਜਾ ਰਹੇ ਹਨ, ਜਿਸ ਨੂੰ ਕਿਸੇ ਵੀ ਤਰ੍ਹਾਂ ਦੇਸ਼ ਦੇ ਹਿਤ ਵਿੱਚ ਨਹੀਂ ਕਿਹਾ ਜਾ ਸਕਦਾ।

ਇਸ ਤੋਂ ਬਿਨਾ ਦੇਸ਼ ਦੇ ਕਮਾਊ ਪਬਲਿਕ ਅਦਾਰੇ, ਜੋ ਲੋਕਾਂ ਦੀ ਕਿਰਤ ਕਮਾਈ ਅਤੇ ਉਨ੍ਹਾਂ ਦੇ ਦਿੱਤੇ ਟੈਕਸਾਂ ਦੇ ਸਰਮਾਏ ਨਾਲ ਉਸਾਰੇ ਗਏ ਸਨ, ਨੂੰ ਬਿਨਾ ਲੋਕਾਂ ਦੀ ਰਾਏ ਲਿਆਂ ਨਿੱਜੀ ਹੱਥਾਂ ਵਿੱਚ ਦੇ ਦਿੱਤਾ ਗਿਆ। ਇਨ੍ਹਾਂ ਵਿੱਚ ਸਿਹਤ, ਸਿੱਖਿਆ, ਹਵਾਈ ਅੱਡੇ, ਟੈਲੀਫੋਨ, ਰੇਲ, ਬਿੱਜਲੀ, ਟਰਾਂਸਪੋਰਟ ਆਦਿ ਅਦਾਰੇ ਗਿਣਨ ਯੋਗ ਹਨ; ਇੱਥੋਂ ਤੱਕ ਕਿ ਸਿੱਖਿਆ ਤੇ ਸਿਹਤ ਜੋ ਦੇਸ਼ ਦੇ ਲੋਕਾਂ ਲਈ ਬਹੁਤ ਹੀ ਮਹੱਤਵਪੂਰਨ ਅਦਾਰੇ ਹਨ, ਨੂੰ ਵੀ ਵੱਡੀ ਪੱਧਰ ’ਤੇ ਨਿੱਜੀਕਰਨ ਰਾਹੀਂ ਆਮ ਲੋਕਾਂ ਦੀ ਪਹੁੰਚ ਤੋਂ ਦੂਰ ਕਰ ਕੇ ਨਿੱਜੀ ਮੁਨਾਫੇ ਕਮਾਉਣ ਦੇ ਸਾਧਨਾਂ ਵਿੱਚ ਤਬਦੀਲ ਕਰ ਦਿੱਤਾ ਗਿਆ। ਇਹ ਅਸਲ ਵਿੱਚ ਦੇਸ਼/ਲੋਕ ਵਿਰੋਧੀ ਕਾਰਵਾਈਆਂ ਹਨ। ਦੇਸ਼ ਦੀ ਤਰੱਕੀ ਵਿੱਚ ਆਮ ਮਨੁੱਖ ਲਈ ਚੰਗੀ ਸਿੱਖਿਆ ਅਤੇ ਚੰਗੀ ਸਿਹਤ ਬੇਹੱਦ ਜ਼ਰੂਰੀ ਹੈ, ਜਿਸ ਦਾ ਪ੍ਰਬੰਧ ਕਰਨਾ ਸਰਕਾਰ ਦੀ ਮੁੱਢਲੀ ਜ਼ਿੰਮੇਵਾਰੀ ਹੈ, ਪਰ ਅਫਸੋਸ ਕਿ ਸਰਕਾਰ ਇਹ ਜ਼ਿੰਮੇਵਾਰੀ ਨਿਭਾਉਣ ਤੋਂ ਭੱਜ ਗਈ ਹੈ।

ਹਾਲ ਹੀ ਵਿੱਚ ਹੋਈਆਂ ਲੋਕ ਸਭਾ ਚੋਣਾਂ ਦੌਰਾਨ ਸਾਹਮਣੇ ਆਇਆ ਕਿ ਕਿਵੇਂ ਵੱਡੀਆਂ ਕੰਪਨੀਆਂ ਪਾਸੋਂ ਚੋਣ ਬਾਂਡਾਂ ਰਾਹੀਂ ਹਜ਼ਾਰਾਂ ਕਰੋੜ ਦੇ ਫੰਡ ਲੈ ਕੇ ਬਦਲੇ ਵਿੱਚ ਉਨ੍ਹਾਂ ਨੂੰ ਵੱਡੇ-ਵੱਡੇ ਕਾਰੋਬਾਰੀ ਠੇਕੇ ਦਿੱਤੇ ਗਏ। ਕੀ ਇਹ ਦੇਸ਼-ਧ੍ਰੋਹ ਨਹੀਂ? ਲੋਕ ਦੇਸ਼ ਦੀ ਸਰਕਾਰ ਦੇਸ਼ ਚਲਾਉਣ ਲਈ ਚੁਣਦੇ ਹਨ ਜਾਂ ਇਸ ਨੂੰ ਵੇਚਣ ਲਈ? ਕੀ ਇਨ੍ਹਾਂ ਸਵਾਲਾਂ ਦੇ ਜਵਾਬ ਮੰਗਣਾ ਦੇਸ਼-ਧ੍ਰੋਹ ਹੈ? ਇਹ ਸਵਾਲ ਉਠਾਉਣੇ ਹਰ ਦੇਸ਼ ਹਿਤੈਸ਼ੀ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਸਰਕਾਰ ਸਾਹਮਣੇ ਅਜਿਹੇ ਸਵਾਲ ਖੜ੍ਹੇ ਕਰ ਕੇ ਦੇਸ਼ ਦੇ ਹਿੱਤ ਵਿੱਚ ਆਵਾਜ਼ ਉਠਾਏ ਅਤੇ ਸਰਕਾਰ ਇਨ੍ਹਾਂ ਦਾ ਜਵਾਬ ਦੇ ਕੇ ਸਪਸ਼ਟ ਕਰਨ ਲਈ ਪਾਬੰਦ ਹੋਵੇ।


ਹੁਣ ਜਦੋਂ ਲੋਕ ਅਜਿਹੇ ਸਵਾਲ ਉਠਾ ਰਹੇ ਹਨ ਤਾਂ ਉਨ੍ਹਾਂ ਦੀ ਜ਼ਬਾਨਬੰਦੀ ਲਈ ਅੰਗਰੇਜ਼ ਵੇਲੇ ਦੇ ਕਾਨੂੰਨ ਖਤਮ ਕਰਨ ਦੇ ਬਹਾਨੇ ਤਿੰਨ ਕਾਨੂੰਨ ਅਜਿਹੇ ਲਿਆਂਦੇ ਗਏ, ਜੋ ਦੇਸ਼ ਵਿੱਚ ਮਨੁੱਖ ਦੇ ਬਚਦੇ ਜਮਹੂਰੀ ਹੱਕਾਂ ਨੂੰ ਵੀ ਖਤਮ ਕਰਨ ਦੀ ਵਕਾਲਤ ਕਰਦੇ ਹਨ ਅਤੇ ਦੇਸ਼ ਨੂੰ ਪੁਲੀਸ ਰਾਜ ਵਿੱਚ ਤਬਦੀਲ ਕਰਨ ਦਾ ਰਾਹ ਖੋਲ੍ਹਦੇ ਹਨ। ਇਨ੍ਹਾਂ ਖਿਲਾਫ ਪੰਜਾਬ ਅਤੇ ਕਈ ਹੋਰ ਸੂਬਿਆਂ ਵਿੱਚ ਲੋਕ ਆਵਾਜ਼ ਉਠਾ ਰਹੇ ਹਨ, ਜੋ ਦੇਸ਼ ਵਿੱਚ ਜਮਹੂਰੀ ਹੱਕਾਂ ਦੀ ਰਾਖੀ ਲਈ ਬੇਹੱਦ ਜ਼ਰੂਰੀ ਹੈ। ਕਿਰਤੀ ਲੋਕਾਂ ਦੀ ਕਮਾਈ ਰਾਹੀਂ ਕੀਤੀ ਦੇਸ਼ ਉਸਾਰੀ ਨੂੰ ਕੁਝ ਕੁ ਘਰਾਣਿਆਂ ਦੇ ਮੁਨਾਫੇ ਵਧਾਉਣ ਲਈ ਦੇਸ਼ ਨੂੰ ਉਨ੍ਹਾਂ ਦੇ ਹਵਾਲੇ ਕਰਨ ਤੋਂ ਸਿਰਫ ਲੋਕ ਸੰਘਰਸ਼ ਹੀ ਰੋਕ ਸਕਦੇ ਹਨ। ਅਜਿਹੇ ਸੰਘਰਸ਼ ਰੋਕਣ ਲਈ ਹੀ ਇਹ ਕਾਨੂੰਨ ਲਿਆਂਦੇ ਗਏ ਹਨ। ਕੀ ਦੇਸ਼ ਨੂੰ ਕਾਰਪੋਰੇਟਾਂ ਦੀ ਲੁੱਟ ਤੋਂ ਬਚਾਉਣ ਵਾਲਿਆਂ ਖਿਲਾਫ ਅਜਿਹੇ ਕਾਨੂੰਨ ਲਾਗੂ ਕਰਨਾ ਦੇਸ਼-ਧ੍ਰੋਹ ਨਹੀਂ? ਇਸ ਲਈ ਅੱਜ ਦੇਸ਼ ਨੂੰ ਕਾਰਪੋਰੇਟ ਪੱਖੀ ਨੀਤੀਆਂ ਦੇ ਪੰਜੇ ’ਚੋਂ ਕੱਢਣ ਲਈ ਉਨ੍ਹਾਂ ਦੇ ਵਿਰੋਧ ਵਿੱਚ ਵੱਡੇ ਸੰਘਰਸ਼ਾਂ ਲਈ ਖੜ੍ਹੇ ਹੋਣਾ ਹੀ ਦੇਸ਼ ਭਗਤੀ ਹੈ, ਜਿਸ ਨੂੰ ਹਾਕਮ ਧਿਰ ਉਲਟਾ ਦੇਸ਼-ਧ੍ਰੋਹ ਕਹਿ ਭੰਡਦੀ ਹੈ।

## ਸ਼ਾਹਸਵਾਰ

ਦਿੱਤਾ। ‘ਦਿਲਬਾਗ ਮੇਰੀ ਰੂਹ ਤੇਰੇ ਨਾਲੋਂ ਟੁੱਟ ਨਹੀਂ ਰਹੀ, ਪਰ ਮੈਂ ਤੇਰੇ ਵਾਲੇ ਰਾਹ ‘ਤੇ ਨਹੀਂ ਤੁਰ ਸਕਦਾ। ਮੈਨੂੰ ਲਗਦਾ ਆਪਾਂ ਉਸ ਮੋੜ ‘ਤੇ ਆ ਗਏ ਹਾਂ, ਜਿੱਥੋਂ ਆਪਣੇ ਜਿਸਮ ਇੱਕ ਦੂਜੇ ਤੋਂ ਵੱਖ ਹੋ ਜਾਣੇ ਹਨ। ਤੇਰੇ ਲਈ ਮੈਨੂੰ ਲਗਦਾ ਉਹੋ ਰਾਹ ਠੀਕ ਹੈ ਜੋ ਤੂੰ ਸੋਚਦਾਂ। ਮੈਂ ਕੋਈ ਰਾਜਨੀਤਿਕ ਪਾਰਟੀ ਖੜ੍ਹੀ ਕਰਨ ਦਾ ਯਤਨ ਕਰ ਸਕਦਾਂ। ਜਦੋਂ ਮੇਰੇ ਸੰਘਰਸ਼ ਅੱਗੇ ਕੋਈ ਚੁਣੌਤੀ ਆਈ, ਤੈਨੂੰ ਆਪੇ ਪਤਾ ਲੱਗ ਜਾਣੈਂ ਪਈ ਤੈਨੂੰ ਕੀ ਕਰਨਾ ਚਾਹੀਦਾ। ਜਦੋਂ ਤੇਰੇ ‘ਤੇ ਕੋਈ ਮੁਸੀਬਤ ਆਈ, ਮੇਰਾ ਦਿਲ ਦੱਸ ਦੇਵੇਗਾ ਮੈਂ ਕੀ ਕਰਾਂ। ਮੇਰੀ ਇੱਛਾ ਤਾਂ ਸੀ ਕਿ ਆਪਾਂ ਇਕੱਠੇ ਸੰਘਰਸ਼ ਕਰਦੇ, ਕੋਈ ਸੰਗਠਨ ਬਣਾਉਂਦੇ, ਪਾਰਟੀ ਬਣਾਉਂਦੇ, ਪਰ ਤੇਰੀ ਮਨੋ ਬਣਤਰ ਹੋਰ ਤਰ੍ਹਾਂ ਢਲੀ ਹੋਈ ਹੈ। ਤੈਨੂੰ ਕੁਦਰਤ ਨੇ ਸ਼ਾਇਦ ਕਿਸੇ ਹੋਰ ਕਾਰਜ ਲਈ ਪੈਦਾ ਕੀਤਾ। ਇਸ ਲਈ ਹੁਣ ਜਦੋਂ ਵੀ ਕੋਈ ਸੁਨੇਹਾ ਭੇਜਣਾ ਹੋਇਆ ਤਾਂ ਅਜਿਹੇ ਬੰਦੇ ਕੋਲ ਨਾ ਭੇਜੀਂ, ਜਿਹਨੂੰ ਮੈਂ ਜਾਣਦਾ ਹੋਵਾਂ ਤੇ ਨਾ ਹੀ ਮੈਨੂੰ ਆਪਣੇ ਟਿਕਾਣੇ ਬਾਰੇ ਦੱਸੀਂ। ਮੈਂ ਕਦੋਂ ਤੇਰੇ ਲਈ ਕੀ ਕਰ ਸਕਦਾਂ, ਆਪੇ ਮੈਨੂੰ ਮੇਰਾ ਦਿਲ ਦੱਸ ਦੇਵੇਗਾ। ਮੈਨੂੰ ਮਿਲਣਾ ਹੋਇਆ ਤਾਂ ਕਦੀ ਅਚਾਨਕ ਆਵੀਂ; ਟੈਲੀਫੋਨ, ਈ-ਮੇਲ, ਵ੍ਹੱਟਸਐਪ ਵਗੈਰਾ ‘ਤੇ ਕੋਈ ਸੁਨੇਹਾ ਨਾ ਭੇਜੀਂ। ਇਸੇ ਵਿੱਚ ਤੇਰਾ ਭਲਾ ਹੈ ਤੇ ਇਸੇ ਵਿੱਚ ਮੇਰਾ ਵੀ।’ ਵੀਰਦੀਪ ਨੇ ਲੰਮੀ ਤਾਕੀਦਨੁਮਾ ਤਕਰੀਰ ਕੀਤੀ। ਦਿਲਬਾਗ ਤਹੱਮਲ ਨਾਲ ਬੈਠਾ ਸੁਣਦਾ ਰਿਹਾ। ਇਸ ਵਾਰ ਉਸ ਦੇ ਚਿਹਰੇ ‘ਤੇ ਪਹਿਲਾਂ ਵਾਂਗ ਬਹੁਤੇ ਹਾਵਭਾਵ ਨਹੀਂ ਆਏ। ਉਹ ਜਿਵੇਂ ਵੀਰਦੀਪ ਦੇ ਪ੍ਰਤੀਕਰਮ ਬਾਰੇ ਜਾਣੀਜਾਣ ਹੀ ਸੀ। ਦੋਵੇਂ ਇੱਕ-ਦੂਜੇ ਦੇ ਦਿਲਾਂ ਦੇ ਭੇਤੀ ਸਨ।

*(ਅਗਲੀ ਕਿਸ਼ਤ ਅਗਲੇ ਅੰਕ ਵਿੱਚ ਪੜ੍ਹੋ)*

DIABETIC LIMB SALVAGE AND MAJOR AMPUTATION PREVENTION
Dr. Singh is the Only Foot and Ankle Surgeon in Illinois with the following training:



Duke University Flap Plastic Surgery; Columbia Presbyterian University Microvascular Surgery; Dr. Dellon's John Hopkins Diabetic Advanced Nerve Surgery; Russian Ilizarov Leg Lengthening and Deformity Correction Fellowship; Four Mini-Fellowships in Leg Lengthening and Deformity Correction from Russia and Greece; Double Board Certified in Foot and Ankle Surgery by the American Board of Foot and Ankle Surgery in Reconstructive Rearfoot, Ankle and Foot Surgery.

He has over 30 years of surgical experience
HINDI, PUNJABI, ENGLISH AND SPANISH

UCLA: BS Biochemistry Cum Laude
San Francisco: Podiatric Medical School
VA WEST LA: Surgical /Trauma Residency Foot/Ankle

847-310-1600

Bunions, sports medicine, Pediatric foot deformity, ingrown toenails, warts and Diabetic Limb Salvage

St Alexius Medical Center
1555 Barrington Rd, Building 1, Suite 235 (2nd floor) • Hoffman Estates, IL 60169

‘ਪੰਜਾਬੀ ਪਰਵਾਜ਼’ ਵਿੱਚ ਇਸ਼ਤਿਹਾਰ ਲਵਾਉਣ ਲਈ ਕਾਲ ਕਰੋ: 224-386-4548

# ਰਣਧੀਰ ਦੀ ਕਾਵਿ-ਪੁਸਤਕ 'ਖ਼ਤ ਜੋ ਲਿਖਣੋਂ ਰਹਿ ਗਏ'

ਪੜਚੋਲ



ਪਰਮਜੀਤ ਸਿੰਘ ਸੋਹਲ

ਕਵੀ ਰਣਧੀਰ ਸਧਾਰਨ ਸ਼ਬਦਾਵਲੀ ਰਾਹੀਂ ਬਹੁਤ ਗਹਿਰੀ ਭਾਵ-ਅਭਿਅੰਜਨਾ ਵਿਅਕਤ ਕਰ ਜਾਂਦਾ ਹੈ। ਖੁੱਲ੍ਹੀ ਕਵਿਤਾ ਵਿੱਚ ਇਸ ਤਰ੍ਹਾਂ ਦੀ ਗਹਿਰੀ ਭਾਵ ਸੰਵੇਦਨਾ ਪਾਠਕ ਦੇ ਮਨ ਮਸਤਕ 'ਤੇ ਆਪਣੀ ਗਹਿਰੀ ਛਾਪ ਛੱਡਦੀ ਹੈ। ਰਣਧੀਰ ਦੀ ਕਾਵਿਕ ਪ੍ਰਤਿਭਾ ਦੀ ਗਹਿਰ ਗੰਭੀਰਤਾ ਨੂੰ ਮਾਪ ਸਕਣਾ ਜੇ ਅਸੰਭਵ ਨਹੀਂ ਤਾਂ ਔਖਾ ਕਾਰਜ ਜ਼ਰੂਰ ਹੋ ਜਾਂਦਾ ਹੈ। ਜਿਸ ਸਿਰਜਣਾਤਮਕ ਪੱਧਰ 'ਤੇ ਉਸਨੇ 'ਖ਼ਤ ਜੋ ਲਿਖਣੋਂ ਰਹਿ ਗਏ' ਦੀ ਰਚਨਾ ਕੀਤੀ ਹੈ, ਉਸੇ ਅੰਦਾਜ਼ ਵਿੱਚ ਉਸ ਦੇ ਸ਼ਬਦ ਸਾਡੀ ਚੇਤਨਾ ਅੰਦਰ ਉਤਰਦੇ ਚਲੇ ਜਾਂਦੇ ਹਨ। ਜਿੱਥੋਂ ਰਣਧੀਰ ਇਨ੍ਹਾਂ ਕਵਿਤਾਵਾਂ/ਖ਼ਤਾਂ ਦੀ ਸਿਰਜਣਾ ਕਰ ਰਿਹਾ ਹੈ, ਉਥੋਂ ਤੀਕ ਰਸਾਈ ਨਾ ਕਰ ਸਕਣਾ ਮੈਨੂੰ ਬੇਚੈਨ ਕਰ ਦਿੰਦਾ ਹੈ। ਮੈਥੋਂ ਭੱਜ ਭੱਜ ਕੇ ਵੀ ਉਹਦੇ ਵਿਚਾਰਾਤਮਕ ਸਿਖਰਾਂ ਤੀਕ ਪੁੱਜ ਨਹੀਂ ਹੁੰਦਾ। ਇਹ ਮੇਰੀ ਬੌਧਿਕ ਪੱਧਰ ਦੀ ਘਾਟ ਹੈ ਜਾਂ ਇਨ੍ਹਾਂ ਕਵਿਤਾਵਾਂ ਬਾਰੇ ਇਹ ਧਾਰਨਾ ਕਿ ਇਨ੍ਹਾਂ ਕਵਿਤਾਵਾਂ/ਖ਼ਤਾਂ ਨੂੰ ਪੜ੍ਹਿਆ/ਮਾਣਿਆ ਜਾ ਸਕਦਾ ਹੈ, ਇਨ੍ਹਾਂ ਦੀ ਥਾਹ ਨਹੀਂ ਪਾਈ ਜਾ ਸਕਦੀ। ਮੈਂ ਇਸ ਨਿਬੰਧ ਵਿੱਚ ਉਸ ਦੀਆਂ ਕੁਝ ਕੁ ਕਵਿਤਾਵਾਂ ਦੇ ਭਾਵਾਂ ਵਿੱਚ ਉਤਰਨ ਦੀ ਕੋਸ਼ਿਸ਼ ਕਰਦਾ ਹਾਂ।

ਸ਼ਾਇਦ ਖ਼ਤਾਂ ਦਾ ਬਿੰਬ ਉਸਦੀ ਕਵਿਤਾ ਵਿੱਚ ਤਤਕਾਲੀ ਮੁੱਦਿਆਂ ਦੇ ਸੰਦਰਭ ਵਿੱਚ ਇਸਤੇਮਾਲ ਹੋਇਆ ਹੈ। ਕਵੀ ਨੇ ਇਕ ਕਵਿਤਾ ਵਿੱਚ ਉਨ੍ਹਾਂ ਖ਼ਤਾਂ ਦਾ ਵੀ ਜ਼ਿਕਰ ਕੀਤਾ ਹੈ, ਜੋ ਕੁਦਰਤ ਵੱਲੋਂ ਲਿਖੇ ਜਾ ਰਹੇ ਹਨ ਤੇ ਪੜ੍ਹੇ ਵੀ ਜਾ ਰਹੇ ਹਨ। ਅਸੀਂ ਇਸ ਕਿਤਾਬ ਦੇ ਸਿਰਲੇਖ ਵਾਲੀ ਕਵਿਤਾ 'ਖ਼ਤ ਜੋ ਲਿਖਣੋਂ ਰਹਿ ਗਏ' ਦੀ ਤਫ਼ਸੀਲ ਵਿੱਚ ਜਾ ਕੇ ਦੇਖਦੇ ਹਾਂ ਕਿ ਕਵੀ ਕਿਹੜੇ ਮੁੱਦਿਆਂ ਨੂੰ ਅਣਲਿਖੇ ਖ਼ਤਾਂ ਦੀ ਸ਼੍ਰੇਣੀ ਵਿੱਚ ਸ਼ੁਮਾਰ ਕਰਦਾ ਹੈ। ਇਸ ਕਵਿਤਾ ਵਿੱਚ ਪਹਿਲਾ ਸਵਾਲ ਉਸ ਅਗਿਆਤ ਧਿਰ ਦੀ ਪਛਾਣ ਦਾ ਹੈ, ਜਿਸ ਪ੍ਰਤੀ ਜਾਣਨ ਲਈ ਪਾਠਕ ਬਿਹਬਲ ਹੁੰਦਾ ਹੈ। ਕੀ ਪਾਠਕ ਖ਼ੁਦ ਵੀ ਉਸੇ ਧਿਰ ਦਾ ਨੁਮਾਇੰਦਾ ਤਾਂ ਨਹੀਂ, ਜਿਸ ਨੂੰ ਕਵੀ ਮੁਖ਼ਾਤਿਬ ਹੋ ਰਿਹਾ ਹੈ। ਇਸ ਧਿਰ ਨਾਲ ਜੋ ਬੇਇਨਸਾਫ਼ੀ ਹੋਈ ਹੈ, ਕਵੀ ਉਸ ਨੂੰ ਖ਼ਤ ਨਾ ਲਿਖੇ ਜਾ ਸਕਣ ਦੀ ਮਜਬੂਰੀ ਬਿਆਨ ਕਰਦਾ ਹੈ। ਉਹ ਬੋਲਣਾ ਚਾਹੁੰਦਾ ਵੀ ਸ਼ਬਦ ਨਹੀਂ ਬੋਲਦਾ। ਦੇਖਣਾ ਬਣਦਾ ਹੈ ਕਿ ਅਜਿਹੀ ਕੀ ਮਸਰੂਫੀਅਤ ਸੀ ਕਿ ਉਹ ਮਾਫ਼ੀਨਾਮੇ ਦਾ ਇੰਕਸ਼ਾਫ਼ ਕਰਦਾ ਹੈ ਅਤੇ ਆਪਣੀ ਅਰਧ ਚੇਤਨ ਅਵਸਥਾ ਦਾ ਵੀ ਇਜ਼ਹਾਰ ਕਰਦਾ ਹੈ। ਉਦੋਂ ਉਹ ਜੋਗੀ ਹੁੰਦਾ ਇਸ਼ਕ ਦੇ ਚੱਕਰ 'ਚ ਪਿਆ ਹੋਇਆ ਸੀ ਕਿ ਇਸ ਮਸਰੂਫੀਅਤ ਦੇ ਅਚੇਤਪੁਣੇ ਦੀ ਨੀਂਦ ਵਿੱਚ ਇਹ ਸਾਰਾ ਵਰਤਾਰਾ ਵਾਪਰ ਗਿਆ। ਅਗਲਾ ਸਵਾਲ ਜਾਗ ਆਉਣ 'ਤੇ ਭਾਈ ਘਨੱਈਏ ਜਿਹੀ ਸੇਵਾ ਭਾਵਨਾ ਵੇਲੇ ਵੀ ਦੋਸਤਾਂ/ਦੁਸ਼ਮਣਾਂ ਦੀ ਗਿਣਤੀ-ਮਿਣਤੀ ਵਿੱਚ ਪਏ ਰਹਿਣ ਦਾ ਹੈ ਕਿ ਉਸ ਵੱਲੋਂ ਬੋਲੇ ਜਾਣ ਵਾਲੇ ਸ਼ਬਦ ਜਾਂ ਲਿਖੇ ਜਾਣ ਵਾਲੇ ਖ਼ਤਾਂ ਦਾ ਕਾਫ਼ਲਾ ਰੁਕ ਜਾਂਦਾ ਹੈ। ਅਗਲਾ ਸਵਾਲ ਜਦੋਂ ਉਹ ਖ਼ਤ ਲਿਖਣ ਦੀ ਸਹੀ ਸਥਿਤੀ ਦੇ ਸਿਰੇ 'ਤੇ ਪੁੱਜਦਾ ਹੈ ਤਾਂ ਅੰਨ੍ਹੀ ਭੀੜ ਦਾ ਹਿੱਸਾ ਬਣ ਕੇ ਖ਼ਤ ਲਿਖਣੋਂ ਖੁੰਝ ਜਾਂਦਾ ਹੈ। ਨਿਰਸੰਦੇਹ ਕਵੀ ਘਟ ਗਿਣਤੀ ਨਾਲ ਚੁਰਾਸੀ ਦੇ ਦੰਗਿਆਂ ਵੇਲੇ ਦੀ ਨਸਲਕੁਸ਼ੀ ਬਾਬਤ ਗੱਲ ਕਰਦਾ ਹੈ। ਤੇ ਇਹ ਵੀ ਸੱਚ ਹੈ ਕਿ ਭੀੜਤੰਤਰ ਦਿਸ਼ਾਹੀਣ ਹੁੰਦਾ ਹੈ। ਉਹ ਮਕਾਨ ਢਾਹੁੰਦਾ ਹੈ, ਅਬਲਾਵਾਂ ਦੀ ਪੱਤ ਰੋਲਦਾ ਹੈ, ਬੱਚਿਆਂ ਨੂੰ ਯਤੀਮ ਕਰਦਾ ਹੈ। ਅੰਨ੍ਹੀ ਭੀੜ ਦਾ ਹਿੱਸਾ ਹੋਣ ਕਾਰਨ ਜਨ ਸਾਧਾਰਣ ਆਪਣੀ ਆਵਾਜ਼ ਨੂੰ ਦਬਾਅ ਲੈਂਦਾ ਹੈ। ਕਈ ਵਾਰ ਉਹ ਭੀੜਤੰਤਰ ਦੇ ਜਾਹੋ-ਜਲਾਲ ਨਾਲ ਚੁੰਧਿਆਇਆ ਨਿਰਦੋਸ਼ੇ ਬੰਦਿਆਂ ਨੂੰ ਗਲ਼ਾਂ 'ਚ ਟਾਇਰ ਪਾ ਕੇ ਸਾੜਨ ਤੱਕ ਦੇ ਛੜਤੰਤਰ ਦਾ ਵੀ ਸ਼ਿਕਾਰ ਹੋ ਜਾਂਦਾ ਹੈ। ਇਹੋ ਵਜ੍ਹਾ ਖ਼ਤ ਨਾ ਲਿਖ ਸਕਣ ਦੀ ਮਸਰੂਫ਼ੀਅਤ ਬਣ ਜਾਂਦੀ ਹੈ। ਅਜਿਹੇ ਹਾਲਾਤ ਅੰਦਰ ਖ਼ਤ ਕਿੱਥੇ ਲਿਖੇ ਜਾਂਦੇ ਹਨ! ਉਨ੍ਹਾਂ ਖ਼ਤਾਂ ਦੇ ਸ਼ਬਦ ਹੀ ਗੁਆਚ ਜਾਂਦੇ ਹਨ।



ਰਣਧੀਰ

ਇਸ ਪ੍ਰਕਾਰ 'ਖ਼ਤ ਜੋ ਲਿਖਣੋਂ ਰਹਿ ਗਏ' ਇਕ ਗੰਭੀਰ ਮੁੱਦੇ ਬਾਰੇ ਸਵਾਲ ਖੜ੍ਹੇ ਕਰਨ ਵਾਲੀ ਮਾਰਮਿਕ ਕਵਿਤਾ ਹੈ, ਜਿਸ ਦਾ ਅੰਤ ਕਵੀ ਵੱਲੋਂ ਸਦੀ ਦੇ ਏਸ ਵਰ੍ਹੇ ਖ਼ਤ ਲਿਖਣ ਦੀ ਉਮੀਦ ਨਾਲ ਕੀਤਾ ਜਾਂਦਾ ਹੈ। ਇਸ ਤਰ੍ਹਾਂ ਖ਼ਤ ਭਾਵੇਂ ਲਿਖੇ ਨਹੀਂ ਜਾਂਦੇ, ਪਰ ਉਨ੍ਹਾਂ ਦੇ ਲਿਖੇ ਜਾਣ ਦੀ ਉਮੀਦ ਪ੍ਰਗਟ ਹੋ ਜਾਂਦੀ ਹੈ।

ਰਣਧੀਰ ਦੀ ਇਹ ਕਿਤਾਬ ਪੰਜਾਬੀ ਕਵਿਤਾ ਦੇ ਗੰਭੀਰ ਪਾਠਕ ਲਈ ਖ਼ੁਸ਼ਆਮਦੀਦ ਹੈ। ਉਸ ਦੀ ਇੱਕ ਨਿੱਕੀ ਜਿਹੀ ਕਵਿਤਾ 'ਗੱਲਾਂ' ਨੂੰ ਲਿਆ ਜਾਣਾ ਯੋਗ ਹੋ ਸਕਦਾ ਹੈ:

ਗੱਲਾਂ, ਜੋ ਤੂੰ ਤੇ ਮੈਂ
ਕਰ ਨਹੀਂ ਸਕੇ
ਹੁਣ ਕਵਿਤਾਵਾਂ ਨੇ ਮੇਰੀਆਂ।

ਇਸ ਕਵਿਤਾ ਵਿੱਚ 'ਤੂੰ ਤੇ ਮੈਂ' ਕੋਈ ਵੀ ਹੋ ਸਕਦੇ ਹਨ। ਗੱਲਾਂ ਸਿਰਫ਼ ਪਿਆਰ ਦੀਆਂ ਹੀ ਨਹੀਂ ਹੁੰਦੀਆਂ, ਹੋਰ ਵੀ ਹੋ ਸਕਦੀਆਂ ਨੇ, ਉਹ ਗੱਲਾਂ ਕਵੀ ਦੀਆਂ ਕਵਿਤਾਵਾਂ ਹਨ। ਦਰਅਸਲ ਇਹ ਕਵਿਤਾਵਾਂ ਨਹੀਂ, ਖ਼ਤ ਹੀ ਹਨ, ਜਿਨ੍ਹਾਂ ਨੂੰ ਉਸਦੇ ਚਹੇਤੇ ਪਾਠਕਾਂ ਨੇ ਪੜ੍ਹਨਾ ਹੈ। ਗੌਰਤਲਬ ਇਹ ਹੈ ਕਿ ਇਨ੍ਹਾਂ ਖ਼ਤਾਂ ਵਿਚਲੀ ਕਿਹੜੀ ਗੁਫ਼ਤਗੂ ਹੈ, ਜਿਸ ਨੇ ਪਾਠਕ ਨਾਲ ਸਾਂਝੀ ਹੋਣਾ ਹੈ।

ਕਵੀ ਦੀ 'ਆਖ਼ਰੀ ਪਨਾਹ' ਪਹਾੜਾਂ ਪਿੱਛੇ ਰਾਤ ਭਰ ਸੂਰਜ ਦੀ ਉਡੀਕ 'ਚ ਗੀਤ ਗਾਉਂਦੀ ਵਗਦੀ ਨਦੀ ਦੀ ਕੁੱਖ ਵਿੱਚ ਲੁਕੇ ਛੋਟੇ ਪੱਥਰ ਵਰਗੀ ਹੋ ਸਕਦੀ ਹੈ, ਪਰ ਕਵੀ ਦੇ ਸ਼ਬਦਾਂ ਵਿੱਚ ਪਾਠਕ ਵੀ ਤਾਂ ਆਪਣੀ ਆਖ਼ਰੀ ਪਨਾਹ ਭਾਲਦਾ ਹੈ। ਜ਼ਿੰਦਗੀ ਜੀਉਣ ਦੇ ਨਾਮ ਦੇ ਉਮਰ ਭਰ ਪਨਾਹ ਹੀ ਭਾਲੀ ਜਾਂਦੀ ਹੈ ਤੇ ਜਦੋਂ ਪਨਾਹ ਨਸੀਬ ਨਹੀਂ ਹੁੰਦੀ ਤਾਂ ਬੁਜ਼ਦਿਲੀ ਨਾਲ ਵਾਹ ਪੈ ਜਾਂਦਾ ਹੈ। ਆਖ਼ਰੀ ਪਨਾਹ ਦੇ ਭੁਲੇਖੇ 'ਚ ਫੁੱਲ ਦੇ ਰਸ 'ਚ ਭਿੱਜਿਆ ਭੌਰਾ ਭੱਜ ਕੇ ਕਿਤੇ ਨਹੀਂ ਜਾ ਸਕਦਾ। ਕਵੀ ਇਹੋ ਇਕਬਾਲੀਆ ਬਿਆਨ ਕਰਦਾ ਹੈ।

'ਅਵਾਰਾ ਪਲ' ਕਵਿਤਾ ਵਿਚਲਾ ਨਾਇਕ ਠਹਾਕੇ ਮਾਰ ਕੇ ਹੱਸਦਾ ਤੇ ਆਪਣੀ ਰੂਹ ਦਾ ਗੀਤ ਗਾਉਂਦਾ ਹੋਇਆ ਰੌਣਕੀ ਹੋ ਜਾਂਦਾ ਹੈ। ਉਸਦਾ ਧਰਤੀ ਨੂੰ ਜ਼ੋਰ ਨਾਲ ਘੁਮਾ ਕੇ ਸੂਰਜ ਦੇ ਮੋਢਿਆਂ 'ਤੇ ਚੜ੍ਹ ਜਾਣਾ ਉਹਦੀ ਆਜ਼ਾਦਾਨਾ ਫ਼ਿਤਰਤ ਦੀ ਗਵਾਹੀ ਹੈ। ਮਨੁੱਖ ਅਜਿਹੇ ਲਮਹਿਆਂ ਵਿੱਚ




ਦਬਾਅ ਰਹਿਤ ਵਿਚਰਨ ਦੀ ਅਵਸਥਾ ਵਿੱਚ ਪਿਆਰਾ ਲਗਣ ਲੱਗ ਜਾਂਦਾ ਹੈ। ਇਸ ਪ੍ਰਕਾਰ ਇਹ ਕਵਿਤਾ ਜਿੱਥੇ ਮਨੁੱਖ ਦੇ ਭਾਰ ਮੁਕਤ ਹੋ ਕੇ ਖ਼ੁਸ਼ਹਾਲ ਜ਼ਿੰਦਗੀ ਜੀਣ ਦੇ ਸਬੱਬ ਨੂੰ ਦਰਸਾਉਂਦੀ ਹੈ, ਉਥੇ ਕਵੀ ਦੇ ਜ਼ਿੰਦਗੀ ਪ੍ਰਤੀ ਨਜ਼ਰੀਏ ਨੂੰ ਵੀ ਦ੍ਰਿਸ਼ਟੀਗੋਚਰ ਕਰਵਾਉਂਦੀ ਹੈ।

ਰਣਧੀਰ ਕਵਿਤਾ ਦੀ ਪਰਿਭਾਸ਼ਾ 'ਇਉਂ ਹੈ' ਕਵਿਤਾ ਵਿੱਚ ਦਿੰਦਾ ਆਖਦਾ ਹੈ:

ਕਵਿਤਾ ਇਉਂ ਹੁੰਦੀ ਹੈ
ਜਿਵੇਂ ਨਦੀ ਤੁਰਦੀ ਹੈ
ਭੁੱਖ ਲਗਦੀ ਹੈ
ਤਾਰੇ ਟਿਮਟਿਮਾਉਂਦੇ ਹਨ
ਸੂਰਜ ਚਾਨਣ ਵੰਡਦਾ ਹੈ
ਜਾਂ ਜਿਵੇਂ ਅਸੀਂ ਸਾਹ ਲੈਂਦੇ ਹਾਂ।

ਸੋ ਕੁਦਰਤ ਦੀਆਂ ਸਹਿਜ ਕਿਰਿਆਵਾਂ ਵਾਂਗ ਜਾਂ ਮਨੁੱਖ ਦੇ ਸਾਹ ਲੈਣ ਦੀ ਸਹਿਜ ਪ੍ਰਕਿਰਿਆ ਵਾਂਗ ਹੀ ਕਵਿਤਾ ਹੁੰਦੀ ਹੈ। ਇਹ ਗੱਲ ਕਿੰਨੇ ਸਰਲ ਤਰੀਕੇ ਨਾਲ ਕਹਿ ਦਿੱਤੀ ਗਈ ਹੈ, ਦਰਅਸਲ ਇਸ ਤੋਂ ਵਧੀਆ ਕਵਿਤਾ ਦੀ ਹੋਰ ਪਰਿਭਾਸ਼ਾ ਹੋ ਵੀ ਕੀ ਸਕਦੀ ਹੈ? ਇੱਕ ਹੋਰ ਕਵਿਤਾ ਵਿੱਚ ਉਹ ਆਪਣੀ ਕਵਿਤਾ ਨੂੰ ਏਨੀ ਮਾਸੂਮ ਨਹੀਂ, 'ਤਿਗੜਮਬਾਜ਼' ਵੀ ਕਹਿ ਦਿੰਦਾ ਹੈ, ਜੋ ਸਿਆਣਿਆਂ ਦੇ ਸੁਝਾਏ ਅਰਥ ਭੁਲਾ ਦਿੰਦੀ ਹੈ।

'ਮਾਂ' ਬਾਰੇ ਹਰ ਕਵੀ ਕੁਝ ਨਾ ਕੁਝ ਜ਼ਰੂਰ ਲਿਖਦਾ ਹੈ। ਮਰਹੂਮ ਕਵੀ ਦੇਵਨੀਤ ਦਾ ਕਹਿਣਾ ਸੀ ਕਿ ਉਹ ਉਸਨੂੰ ਹਰੇਕ ਭੇਟ ਕੀਤੀ ਕਾਵਿ-ਪੁਸਤਕ ਵਿੱਚੋਂ ਪਹਿਲਾਂ ਕਵੀ ਦੁਆਰਾ ਮਾਂ ਬਾਰੇ ਲਿਖੀ ਹੋਈ ਕਵਿਤਾ ਲੱਭਦਾ ਹੈ। ਰਣਧੀਰ ਨੇ ਮਾਂ ਲਈ 'ਬੁਲਬਲਾ' ਕਵਿਤਾ ਸਮਰਪਿਤ ਕੀਤੀ ਹੈ। ਮਾਂ ਬੁਲਬਲਿਆਂ ਵਾਲੇ ਮੀਂਹ ਵਿੱਚ ਖ਼ੁਦ ਭਿੱਜਦੀ ਹੈ ਤੇ ਆਪਣੇ ਬੱਚਿਆਂ ਨੂੰ ਵੀ ਭਿੱਜਦੇ ਹੋਏ ਇਸ ਨੂੰ ਇੱਕ ਉਤਸਵ ਬਣਾ ਲੈਂਦੀ ਹੈ। ਕਣੀਆਂ ਦੇ ਬੁਲਬਲਿਆਂ ਦੇ ਥੁੜ੍ਹਚਿਰੇ ਜੀਵਨ ਦੀ ਗੱਲ ਨੂੰ ਭੁਲਾ ਕੇ ਭਿੱਜਣ ਨੂੰ ਜਸ਼ਨ ਵਿੱਚ ਤਬਦੀਲ ਕਰ ਲੈਣਾ ਮਾਂ ਨਾਲੋਂ ਬਿਹਤਰ ਕੌਣ ਜਾਣ ਸਕਦਾ ਹੈ।

'ਸਰਾਪੇ ਦੇਵ' ਕਵਿਤਾ ਵਿੱਚ ਰਣਧੀਰ ਖੇਤ ਦੇ ਦੇਵ ਨੂੰ ਸ਼ਰਾਬ ਦਾ ਅਧੀਆ ਪਿਲਾ ਆਉਂਦਾ ਹੈ। ਲੋਕ ਉਸਨੂੰ ਸ਼ਰਾਬੀ ਹੋਣ ਦੇ ਉਲ੍ਹਾਮੇ ਦਿੰਦੇ ਹਨ। ਕਵੀ ਆਖਦਾ ਹੈ ਕਿ ਨਸ਼ੇ 'ਚ ਧੁੱਤ ਹੋਏ ਦੇਵ ਨੂੰ ਕੀ ਪਤਾ ਕਿ 'ਬੰਦਾ' ਹੋਣ ਦੀ ਪੀੜ ਕੀ ਹੁੰਦੀ ਹੈ।

'ਹਰ ਵਰ੍ਹੇ' ਕਵਿਤਾ ਮਜ਼ਦੂਰ ਔਰਤ ਦੇ ਜਣੇਪੇ ਦੇ ਦਰਦ ਨੂੰ ਬਿਆਨ ਕਰਦੀ ਹੈ। ਔਰਤ ਦੀ ਜ਼ਿੰਦਗੀ ਹਰ ਵਰ੍ਹੇ ਚੀਕਾਂ, ਹੰਝੂਆਂ ਤੇ ਜੰਮਣ-ਪੀੜਾਂ ਸਹਿੰਦਿਆਂ ਗੁਜ਼ਰਦੀ ਹੈ। ਫਿਰ ਉਹ ਕਿਸੇ ਕਾਰਖ਼ਾਨੇ, ਦਫ਼ਤਰ, ਖੇਤ, ਭੱਠੇ 'ਤੇ ਕੰਮ ਕਰਨ ਲਈ ਮਜ਼ਬੂਰ ਹੁੰਦੀ ਹੈ। ਇਸ ਤਰ੍ਹਾਂ ਕਵਿਤਾ ਵਿਚਲੀ ਮਜ਼ਦੂਰ ਔਰਤ ਹਰ ਵਰ੍ਹੇ ਗਰਭਵਤੀ ਹੋਣ ਦਾ ਸੰਤਾਪ ਭੁਗਤਦੀ ਹੈ।

ਰਣਧੀਰ ਨੇ ਕਿਤਾਬ ਦੇ ਅਖ਼ੀਰ ਵਿੱਚ 'ਤਾਰੇ' ਦਾ ਸ਼ਬਦ ਚਿੱਤਰ ਪ੍ਰਸਤੁਤ ਕੀਤਾ ਹੈ। ਤਾਰਾ ਸੁਵਖ਼ਤੇ 'ਹੀਰ' ਗਾ ਕੇ ਲੋਕਾਂ ਨੂੰ ਹੈਰਾਨ ਕਰਦਾ ਹੈ। ਲੋਕ ਉਹਦੀ ਆਵਾਜ਼ ਸੁਣ ਕੇ ਘਰਾਂ ਦੀਆਂ ਬੱਤੀਆਂ ਬੁਝਾ ਦਿੰਦੇ ਹਨ। ਕਿਸੇ ਨੂੰ ਜਿਵੇਂ ਉਹ ਪਸੰਦ ਨਾ ਹੋਵੇ। ਕਿਸੇ ਲਈ ਜਿਵੇਂ ਉਹਦਾ ਕੋਈ ਅਰਥ ਨਾ ਹੋਵੇ। ਲੋਕਾਂ ਨੂੰ ਉਹਦੇ ਪਾਗ਼ਲਪੁਣੇ ਦੀ ਖਿਝ ਹੈ ਕਿ ਉਸ ਕੋਲੋਂ ਟਿਕ ਕੇ ਬੈਠ ਨਹੀਂ ਹੁੰਦਾ। ਐਵੇਂ ਅਵਾਰਾਗਰਦੀ ਕਰਦਾ ਰਹਿੰਦਾ ਹੈ। ਕਈ ਤਾਂ ਉਸ ਨਾਲ ਵਿਆਹਣ ਦੀ ਗੱਲ ਛੇੜ ਕੇ ਮਜ਼ਾਕ ਕਰਦੇ ਹਨ। ਇਸ ਗੱਲੋਂ ਭੱਜੇ ਜਾਂਦੇ ਤਾਰੇ ਦੇ ਦਿਲ 'ਤੇ ਕੀ ਵਾਪਰਦੀ ਹੈ, ਕੋਈ ਨਹੀਂ ਸੋਚਦਾ। ਕੋਈ ਉਹਨੂੰ ਗਾਲ੍ਹਾਂ ਕੱਢਦਾ, ਕੋਈ ਨਫ਼ਰਤ ਕਰਦਾ, ਪਰ ਕੋਈ ਹਮਦਰਦੀ ਵਜੋਂ ਰੋਟੀ ਦਾ ਟੁਕ ਵੀ ਦੇ ਦਿੰਦਾ ਹੈ। ਜ਼ਿਆਦਾਤਰ ਲੋਕ ਉਹਨੂੰ ਕਿਸੇ ਕੰਮ ਦਾ ਨਹੀਂ ਸਮਝਦੇ, ਕਿਉਂਕਿ ਉਹ ਨਾ ਉਨ੍ਹਾਂ ਦਾ ਪਾਣੀ ਭਰਦਾ ਹੈ, ਨਾ ਸਹੀ ਜੁਆਬ ਦਿੰਦਾ ਹੈ। ਫ਼ੱਕਰਾਂ ਵਾਂਗ ਉਹ ਲੋਕਾਂ ਲਈ ਪੇਸ਼ੀਨਗੋਈ ਵੀ ਨਹੀਂ ਕਰਦਾ। ਬੱਸ, ਸਵੇਰੇ-ਸਵੇਰੇ ਉਠ ਕੇ ਟੋਟਿਆਂ 'ਚ 'ਹੀਰ' ਗਾਉਣ ਲੱਗ ਜਾਂਦਾ ਹੈ। 'ਤਾਰਾ' ਸਦਾ ਪੂਰਬਾਂ, ਪੱਛਮਾਂ 'ਚ ਛਿਪਦਾ ਰਹਿੰਦਾ ਹੈ। ਗੂੜ੍ਹੀ ਨੀਂਦ ਸੁੱਤਿਆਂ ਲੋਕਾਂ ਨੂੰ ਤਾਰੇ ਨਾਲ ਕੋਈ ਸਰੋਕਾਰ ਨਹੀਂ ਹੈ। ਸੋ ਤਾਰੇ ਦਾ ਸ਼ਬਦ-ਚਿੱਤਰ ਵੀ ਇੱਕ ਅਜਿਹਾ ਖ਼ਤ ਹੀ ਹੈ, ਜੋ ਲਿਖਣੋਂ ਰਹਿ ਗਿਆ ਹੈ। ਸਾਡੇ ਸਮਾਜ ਵਿੱਚ ਅਜਿਹੇ ਕਿੰਨੇ ਹੀ ਤਾਰੇ ਹਨ, ਜਿਹੜੇ ਚੜ੍ਹਦੇ-ਅਸਤਦੇ ਰਹਿੰਦੇ ਹਨ, ਜਿਨ੍ਹਾਂ ਦੀ ਜ਼ਿੰਦਗੀ ਵੱਲ ਅਸੀਂ ਪਿੱਠ ਕਰਕੇ ਲੰਘ ਜਾਂਦੇ ਹਾਂ।

ਇਸ ਤਰ੍ਹਾਂ ਦੇਖਿਆ ਜਾਵੇ ਤਾਂ ਰਣਧੀਰ ਦੀ ਕਵਿਤਾ ਉਨ੍ਹਾਂ ਅਹਿਸਾਸਾਂ ਦੀ ਗੁਫ਼ਤਗੂ ਹੈ, ਜਿਹੜੇ ਅਣਡਿੱਠ ਕੀਤੇ ਜਾ ਰਹੇ ਹਨ। ਜੀਵਨ ਦੇ ਮਾਣਨੋਂ ਰਹਿ ਗਏ ਪਲਾਂ ਨੂੰ ਹੀ 'ਲਿਖਣੋਂ ਰਹਿ ਗਏ ਖ਼ਤ' ਸਮਝ ਕੇ ਪੁਨਰ ਯਾਦ ਕਰਨ ਦੀ ਲੋੜ ਹੈ। ਅਜਿਹੀ ਲਿਖ਼ਤ ਦੀ ਸਾਰਥਕਤਾ ਨੂੰ ਦਰਸਾਉਣ ਲਈ ਰਣਧੀਰ ਵਰਗੇ ਕਵੀ ਨੂੰ ਸ਼ਾਬਾਸ਼ ਕਹਿਣਾ ਬਣਦਾ ਹੈ।

---

# ਹਾਲ

ਸ਼ਬਦੋ ਵਣਜਾਰਿਓ

ਪਰਮਜੀਤ ਢੀਂਗਰਾ
ਫੋਨ:+91-8847610125



ਭਾਸ਼ਾ ਪਰਿਵਰਤਨਸ਼ੀਲ ਹੈ। ਹਰ ਭਾਸ਼ਾ ਦੂਜੀ ਭਾਸ਼ਾ ਨਾਲ ਲੈਣ-ਦੇਣ ਕਰਦੀ ਹੈ। ਇਹ ਆਦਾਨ-ਪ੍ਰਦਾਨ ਸੁਹਿਰਦਤਾ ਵਾਲਾ ਹੁੰਦਾ ਹੈ। ਹਰ ਭਾਸ਼ਾ ਦਾ ਆਪਣਾ ਬ੍ਰਹਿਮੰਡ ਹੁੰਦਾ ਹੈ, ਜਿਸ ਵਿੱਚ ਸ਼ਬਦ ਤਾਰਿਆਂ ਵਾਂਗ ਚਮਕਦੇ ਰੌਸ਼ਨੀ ਦਿੰਦੇ ਰਹਿੰਦੇ ਹਨ; ਕਿਸੇ ਦੀ ਚਮਕ ਵੱਧ ਹੁੰਦੀ ਹੈ ਤੇ ਕਿਸੇ ਦੀ ਘੱਟ। ਸ਼ਬਦਾਂ ਦੀ ਇੱਕ ਬ੍ਰਹਿਮੰਡ ਤੋਂ ਦੂਜੇ ਬ੍ਰਹਿਮੰਡ ਤੱਕ ਆਵਾਜਾਈ ਬੇ-ਰੋਕ ਤੇ ਬੇ-ਟੋਕ ਜਾਰੀ ਰਹਿੰਦੀ ਹੈ। ਸਦੀਆਂ ਤੋਂ ਭਾਸ਼ਾਵਾਂ ਵਿੱਚ ਇਹ ਮਿੱਤਰਤਾਈ ਕਾਇਮ ਹੈ। ਇਹੀ ਕਾਰਨ ਹੈ ਕਿ ਸ਼ਬਦ ਯਾਤਰਾ ਦਿਲਚਸਪ ਵੀ ਹੈ ਤੇ ਰੋਮਾਂਟਿਕ ਵੀ। ਜਦੋਂ ਅਸੀਂ ਕਿਸੇ ਨੂੰ ਪੁੱਛਦੇ ਹਾਂ ਕਿ ਕੀ ਹਾਲ ਐ? ਤਾਂ ਅਗਲਾ ਕਹਿੰਦਾ, 'ਠੀਕ ਐ, ਬੱਲੇ ਬੱਲੇ ਐ।' ਕੋਈ ਕਹਿੰਦਾ ਹੈ, 'ਰੱਬ ਦਾ ਸ਼ੁਕਰ ਐ, ਭਗਵਾਨ ਦੀ ਕਿਰਪਾ, ਅੱਲਾਹ ਨਿਗ੍ਹੇਬਾਨ ਐ।' ਇਹ ਹਾਲ ਸ਼ਬਦ ਬੜਾ ਮਾਨੀਖੇਜ਼ ਹੈ।

ਪੰਜਾਬੀ ਕੋਸ਼ ਅਨੁਸਾਰ ਹਾਲ ਦਾ ਅਰਥ ਹੈ- ਵਰਤਮਾਨ ਕਾਲ, ਦਸ਼ਾ, ਹਾਲਤ, ਖਬਰਸਾਰ, ਸਮਾਚਾਰ, ਬਿਰਤਾਂਤ, ਪ੍ਰੇਮ ਦੀ ਮਸਤੀ ਵਿੱਚ ਆ ਕੇ ਸਿਰ ਮਾਰਨ ਦੀ ਹਾਲਤ, ਵਜਦ ਵਿੱਚ ਆਉਣਾ, ਸੂਤਰ, ਹੁਣ, ਇਸ ਵੇਲੇ, ਪਹੀਏ ਉਤਲਾ ਲੋਹੇ ਦਾ ਚੱਕਰ ਜੋ ਉਸਦੀ ਹਿਫ਼ਾਜ਼ਤ ਲਈ ਚਾੜ੍ਹਿਆ ਹੁੰਦਾ ਹੈ। ਇਸ ਨਾਲ ਜੁੜੇ ਕਈ ਸ਼ਬਦ ਮਿਲਦੇ ਹਨ- ਹਾਲ-ਅਹਿਵਾਲ, ਹਾਲ-ਹਵਾਲ, ਹਾਲ-ਚਾਲ, ਹਾਲ-ਦੁਹਾਈ, ਹਾਲ ਵਿੱਚ, ਹਾਲਾਂ, ਹਾਲੀ, ਹਾਲੇ। ਇਸ ਨਾਲ ਜੁੜੇ ਕਈ ਮੁਹਾਵਰੇ ਵੀ ਮਿਲਦੇ ਹਨ: ਹਾਲ ਕੋਈ ਨਾ ਹੋਣਾ- ਹਾਲਤ ਖਰਾਬ ਹੋਣਾ; ਹਾਲ ਪਾਹਰਿਆ ਕਰਨੀ- ਰੋਣਾ, ਪਿੱਟਣਾ; ਹਾਲ ਪਤਲਾ ਜਾਂ ਮਾੜਾ ਹੋਣਾ- ਸਿਹਤ ਖਰਾਬ ਹੋਣੀ; ਹਾਲ ਬੁਰਾ ਹੋਣਾ- ਬੁਰੀ ਹਾਲਤ ਵਿੱਚੋਂ ਲੰਘਣਾ; ਹਾਲੋਂ ਬੇਹਾਲ ਹੋਣਾ- ਨਾਜ਼ੁਕ ਹਾਲਤ ਵਿੱਚ ਹੋਣਾ। ਨਵੇਂ ਮਹਾਨ ਕੋਸ਼ ਅਨੁਸਾਰ ਹੁਣ ਦਾ ਸਮਾਂ, ਬੀਤ ਰਿਹਾ ਸਮਾਂ, ਹਾਲਾਤ, ਅਵਸਥਾ, ਹੈਸੀਅਤ, ਤੌਰ ਤਰੀਕਾ, ਵਜਦ, ਜ਼ਿਕਰ, ਵਰਣਨ, ਦਮ, ਤਾਕਤ ਆਦਿ। ਗੁਰਬਾਣੀ ਵਿੱਚ ਵੀ ਇਹ ਸ਼ਬਦ ਮਿਲਦਾ ਹੈ- 'ਹਰਿ ਬਿਸਰਤ ਹੋਵਤ ਏਹ ਹਾਲ।' (ਪੰਨਾ 299); 'ਅੰਤਰਜਾਮੀ ਪੁਰਖ ਸੁਆਮੀ ਅਨਬੋਲਤ ਹੀ ਜਾਨਹੁ ਹਾਲ।' (ਪੰਨਾ 828); 'ਜਨੁ ਨਾਨਕੁ ਹਰਿ ਹਰਿ ਮਿਲੇ ਭਏ ਗਲਤਾਨ ਹਾਲ ਨਿਹਾਲ ਨਿਹਾਲ।' (ਪੰਨਾ 977); 'ਖੇਲਤ ਖੇਲਤ ਹਾਲ ਕਰਿ ਜੋ ਕਿਛੁ ਹੋਇ ਤ ਹੋਇ।' (ਪੰਨਾ 1377); 'ਹਾਲਿ-ਫਿਰਦਾ ਕਿਤੈ ਹਾਲਿ ਜਾ ਡਿਠਮੁ ਤਾ ਮਨੁ ਧ੍ਰਾਪਿਆ।' (ਪੰਨਾ 1096-97)

ਫ਼ਾਰਸੀ ਕੋਸ਼ ਅਨੁਸਾਰ ਹਾਲ ਦਾ ਅਰਥ ਹੈ: ਵਰਤਮਾਨ ਕਾਲ, ਮਸਤੀ ਦੀ ਹਾਲਤ, ਵਜਦ, ਮਸਤੀ ਦਾ ਨਾਚ, ਜ਼ਿਕਰ, ਤਾਕਤ, ਹਾਲਤ, ਤੌਰ ਤਰੀਕਾ, ਘਟਨਾ। ਇਸ ਨਾਲ ਜੁੜੇ ਕਈ ਹੋਰ ਸ਼ਬਦ ਵੀ ਮਿਲਦੇ ਹਨ: ਹਾਲ ਆਂ ਕਿਹ, ਹਾਲਾਂਕਿਹ: ਗੱਲ ਇਹ ਹੈ ਕਿ, ਹੁਣ ਜਦ ਕਿ, ਭਾਵੇਂ, ਬਾਵਜੂਦ ਇਸਦੇ; ਹਾਲਾ-ਇਸ ਵੇਲੇ, ਹੁਣੇ, ਅੱਗੇ ਤੋਂ; ਹਾਲ ਪੁਰਸੀ-ਕਿਸੇ ਦੀ ਸਿਹਤ ਬਾਰੇ ਪੁਛਣਾ; ਹਾਲ-ਏ-ਪੇਸ਼ੀਨ, ਹਾਲ-ਏ-ਸਾਬਿਕ=ਪਹਿਲੀ ਹਾਲਤ; ਹਾਲ-ਏ-ਦਿਗਰ, ਹਾਲ-ਏ-ਦਿਗਰਗੂਨ=ਭੈੜੀ ਦਸ਼ਾ; ਹਾਲ ਸਾਲ-ਏਹ ਸਾਲ, ਚਲਦਾ ਸਾਲ; ਹਾਲ-ਏ-ਸ਼ਿਕਸਤਾ=ਭੈੜੀ ਹਾਲਤ, ਬੁਰੀ ਹਾਲਤ; ਹਾਲੀਯਨ-ਏਸ ਵੇਲੇ; ਹਾਲਾਤ-ਹਾਲਤਾਂ; ਹਾਲਤ-ਹਾਲ, ਦਰਜਾ ਗਤੀ, ਦਸ਼ਾ, ਮਾਮਲਾ; ਹਾਲਤ-ਏ-ਮੌਜੂਦਾ=ਵਰਤਮਾਨ ਦਸ਼ਾ; ਹਾਲਤ-ਏ-ਨਾਖੁਸ਼ੀ=ਬਿਮਾਰੀ ਦੀ ਹਾਲਤ; ਹਾਲਤ-ਏ-ਨਜ਼ਅ=ਅੰਤ ਸਮੇਂ ਦੀ ਹਾਲਤ, ਦਮ ਤੋੜਨ ਦੀ ਹਾਲਤ। ਅਵਸਥਾ ਦੇ ਸੰਦਰਭ ਵਿੱਚ ਹਾਲ ਦਾ ਭਾਵ ਸਿਹਤ ਨਾਲ ਜੁੜਦਾ ਹੈ। ਬਕੌਲ ਗ਼ਾਲਿਬ- 'ਉਨਕੇ ਦੇਖਨੇ ਸੇ ਜੋ ਆ ਜਾਤੀ ਹੈ ਮੂੰਹ ਪੇ ਰੌਣਕ, ਵੋ ਸਮਝਤੇ ਹੈਂ ਕਿ ਬੀਮਾਰ ਕਾ ਹਾਲ ਅੱਛਾ ਹੈ।'


ਹਾਲ ਸ਼ਬਦ ਅਰਬੀ-ਫ਼ਾਰਸੀ ਵੱਲੋਂ ਭਾਰਤੀ ਭਾਸ਼ਾਵਾਂ ਵਿੱਚ ਆਇਆ ਹੈ। ਅਗੇਤਰ ਲੱਗਣ ਨਾਲ ਹਾਲ ਤੋਂ ਕਈ ਸ਼ਬਦ ਬਣਦੇ ਹਨ, ਜਿਵੇਂ-ਬੇਹਾਲ, ਬਦਹਾਲ ਆਦਿ। ਅਰਬੀ ਹਾਲ ਬਣਿਆ ਹੈ, ਸੈਮਟਿਕ ਧਾਤੂ 'ਹੱਲ' ਤੋਂ ਜਿਸ ਵਿੱਚ ਪਰਿਵਰਤਨ, ਅਦਲਾ-ਬਦਲੀ ਦੇ ਭਾਵ ਹਨ। 'ਹੱਲ' ਤੋਂ ਬਣੇ ਹਾਲ ਸ਼ਬਦ ਵਿੱਚ ਅਵਸਥਾ, ਦਿਸ਼ਾ ਦਾ ਭਾਵ ਹੈ। ਇਸ ਵਿੱਚ ਅਤੀਤ ਤੋਂ ਵਰਤਮਾਨ ਵਿਚ ਤਬਦੀਲੀ ਦਾ ਭਾਵ ਹੈ, ਜਿਵੇਂ 'ਕੀ ਹਾਲ ਐ?' ਇਸ ਵਿੱਚ ਕਿਸੇ ਵਸਤੂ, ਮਨੁੱਖ, ਸਥਾਨ ਵਿੱਚ ਆਈ ਤਬਦੀਲੀ ਦੇ ਭਾਵ ਹਨ। ਹਾਲਤ ਤੇ ਹਾਲਾਤ ਇਸੇ ਕੜੀ ਦੇ ਸ਼ਬਦ ਹਨ।

ਹਾਲ ਦਾ ਹੀ ਇੱਕ ਰੂਪ ਹਵਾਲ ਹੈ, ਜੋ ਫ਼ਾਰਸੀ ਵਿੱਚ ਹਵਾਲਾ ਬਣ ਜਾਂਦਾ ਹੈ। ਮੁਦਰਾ ਦੇ ਲੈਣ-ਦੇਣ ਵਿੱਚ ਹਵਾਲਾ ਸ਼ਬਦ ਬੜਾ ਪ੍ਰਸਿੱਧ ਹੈ। ਇਹਦੀ ਵਰਤੋਂ ਗ਼ੈਰ-ਕਾਨੂੰਨੀ ਆਰਥਕ ਲੈਣ-ਦੇਣ ਵਿੱਚ ਵਧੇਰੇ ਹੁੰਦੀ ਹੈ। ਕਾਲੇ ਧਨ ਨੂੰ ਦੇਸ਼ ਵਿੱਚੋਂ ਬਾਹਰ ਭੇਜਣ ਲਈ ਕਾਲੇ ਬਜ਼ਾਰੀਏ ਤੇ ਸੱਟੇਬਾਜ਼ ਹਵਾਲਾ ਵਿਵਸਥਾ ਦਾ ਸਹਾਰਾ ਲੈਂਦੇ ਹਨ। ਹਵਾਲਾ ਸ਼ਬਦ ਅੱਜ ਦੁਨੀਆ ਭਰ ਵਿੱਚ ਕਾਲੇ ਬੱਜ਼ਾਰ ਵਜੋਂ ਪ੍ਰਚਲਤ ਹੈ। ਭਾਰਤੀ ਭਾਸ਼ਾਵਾਂ ਵਿਚ ਹਵਲਦਾਰ, ਹੌਲਦਾਰ ਸ਼ਬਦ ਵੀ ਪ੍ਰਸਿੱਧ ਹਨ। ਪੁਲਿਸ ਮਹਿਕਮੇ ਵਿੱਚ ਕਾਂਸਟੇਬਲ ਨੂੰ ਹੌਲਦਾਰ ਕਿਹਾ ਜਾਂਦਾ ਹੈ। ਪੁਰਾਣੇ ਸਮਿਆਂ ਵਿੱਚ ਹਵਲਦਾਰ, ਹਵਾਲਦਾਰ, ਹੌਲਦਾਰ ਅਸਲ ਵਿੱਚ ਸ਼ਾਸਨ ਵਲੋਂ ਕਰ ਵਸੂਲੀ ਕਰਨ ਵਾਲੇ ਕਾਰਿੰਦੇ ਵਜੋਂ ਤਾਇਨਾਤ ਕੀਤੇ ਜਾਂਦੇ ਸਨ। ਫੌਜ ਵਿੱਚ ਵੀ ਹੌਲਦਾਰ ਹੁੰਦੇ ਹਨ, ਜਿਨ੍ਹਾਂ ਦੇ ਸਪੁਰਦ ਇੱਕ ਛੋਟੀ ਟੁਕੜੀ ਹੁੰਦੀ ਹੈ। ਹਵਾਲਾ ਵਿਵਸਥਾ ਵਿੱਚ ਹੀ ਹਵਾਲਾਤ ਵਰਗਾ ਸ਼ਬਦ ਵੀ ਆਉਂਦਾ ਹੈ, ਜਿਸਦਾ ਅਰਥ ਹੈ- ਕਿਸੇ ਨੂੰ ਆਪਣੀਆਂ ਨਜ਼ਰਾਂ ਹੇਠ ਰੱਖਣਾ। ਇਸ ਵਿੱਚ ਕੈਦ ਦਾ ਭਾਵ ਵੀ ਹੈ। ਹਵਾਲਾਤ ਆਮ ਤੌਰ 'ਤੇ ਥਾਣੇ ਦਾ ਹਿੱਸਾ ਹੁੰਦੀ ਹੈ, ਜਿੱਥੇ ਕੈਦੀ ਨੂੰ ਪਹਿਰੇ ਹੇਠ ਰੱਖਿਆ ਜਾਂਦਾ ਹੈ। ਉਸਨੂੰ ਹਵਾਲਾਤੀ ਕਹਿੰਦੇ ਹਨ। ਹਾਲ ਹਵਾਲ ਦੀ ਸਕੀਰੀ ਅਰਬੀ ਦੀ ਪ੍ਰਸਿੱਧ ਉਕਤੀ- 'ਲਾਹੌਲ ਵਿਲਾ ਕੁਵੱਤ' ਨਾਲ ਵੀ ਹੈ। ਅੱਲ੍ਹਾ ਦੀ ਪ੍ਰਸ਼ੰਸਾ ਵਿਚ ਕਹੀ ਗਈ ਇਹ ਉਕਤੀ ਹਦੀਸ ਵਿੱਚ ਮਿਲਦੀ ਹੈ। ਅਰਬੀ ਵਿੱਚ ਇਹਦਾ ਪੂਰਾ ਵਾਕ ਹੈ- 'ਲਾ ਹੌਲ ਵਾ ਲਾ ਕੁਵੱਤਾ ਇੱਲਾ ਬੀ ਅਲਾਹ।' ਇਹਦਾ ਅਰਥ ਹੈ ਕਿ ਅੱਲਹ ਦੀ ਮਰਜ਼ੀ ਤੋਂ ਬਿਨਾ ਕੁਝ ਨਹੀਂ ਹੋ ਸਕਦਾ। ਨਾ ਕੋਈ ਚੀਜ਼ ਆਪਣੇ ਆਪ ਵਿੱਚ ਸਮਰੱਥਾਵਾਨ ਹੋ ਸਕਦੀ ਹੈ, ਨਾ ਉਹਦਾ ਰੂਪ ਬਦਲ ਸਕਦਾ ਹੈ। ਇੱਥੇ 'ਲਾ ਹੌਲ' ਦੀ ਸਕੀਰੀ ਹਾਲ, ਹਵਾਲਾ ਨਾਲ ਹੈ ਭਾਵ ਅੱਲਹ ਦੀ ਮਰਜ਼ੀ ਤੋਂ ਬਿਨਾ ਕੋਈ ਤਬਦੀਲੀ ਨਹੀਂ ਹੋ ਸਕਦੀ। ਹਾਲ ਸਾਧਨਾ ਦੀ ਉਚ ਅਵਸਥਾ ਹੈ। ਸੂਫੀਆਂ, ਸਾਧਕਾਂ ਨੂੰ ਅਕਸਰ ਹਾਲ ਪੈਂਦੇ ਹਨ। ਜਦੋਂ ਸੂਫ਼ੀ, ਸਾਧਕ ਆਪਣੇ ਆਪ ਨੂੰ ਉਸ ਪ੍ਰਭੂ ਨਾਲ ਜੋੜ ਲੈਂਦੇ ਹਨ ਤਾਂ ਉਹ ਹਾਲ ਦੀ ਅਵਸਥਾ ਵਿਚ ਪਹੁੰਚ ਜਾਂਦੇ ਹਨ। ਇਸ ਤਰ੍ਹਾਂ ਹਾਲ ਸ਼ਬਦ ਦੀ ਆਪਣੀ ਸੱਤਾ ਹੈ, ਜੋ ਸਦੀਆਂ ਤੋਂ ਕਾਇਮ ਹੈ।


# 'ਨਾਮ੍ਹਾ ਫਾਂਸੀ ਵਾਲਾ' ਦਾ ਪਿੰਡ ਫਤਿਹਗੜ੍ਹ

## ਪਿੰਡ ਵਸਿਆ (8)

ਵਿਜੈ ਬੰਬੇਲੀ
ਫੋਨ: +91-9463439075



***ਪਾਠਕਾਂ ਦੀ ਜਾਣਕਾਰੀ ਲਈ ਅਸੀਂ ਕਾਲਮ 'ਪਿੰਡ ਵਸਿਆ' ਸ਼ੁਰੂ ਕੀਤਾ ਹੈ, ਜਿਸ ਵਿੱਚ ਸਿਰਫ ਪਿੰਡ ਵੱਸਣ ਦੀ ਹੀ ਬਾਤ ਪਾਈ ਜਾਵੇਗੀ। ਪਿੰਡ ਦਾ ਇਤਿਹਾਸ ਲਿਖਣ ਦੀ ਵੱਡੀ ਕਠਿਨਾਈ ਇਹ ਹੈ ਕਿ ਇਹ ਕਿਸੇ ਵੀ ਰੂਪ 'ਚ ਲਿਖਤੀ ਨਹੀਂ ਮਿਲਦਾ। ਕਿਸੇ-ਕਿਸੇ ਪਿੰਡ ਦੇ ਵੱਸਣ-ਰਸਣ ਦੀ, ਉਹ ਵੀ ਨਾ-ਮਾਤਰ, ਗਜ਼ਟੀਅਰ'ਜ਼, ਮਾਲ ਰਿਕਾਰਡ ਜਾਂ ਕਿਸੇ ਦਸਤਾਵੇਜ਼ ਵਿੱਚ ਸਤਹੀ ਜਿਹਾ ਵਰਨਣ ਜਾਂ ਕਨਸੋਅ ਮਿਲਦੀ ਸੀ/ਹੈ, ਜਿਹੜਾ ਸਥਾਨਕ ਇਤਿਹਾਸ ਦੀ ਮਹੱਤਤਾ ਨਾ ਬੁੱਝਣ ਕਾਰਨ ਸਾਂਭਿਆ ਨਹੀਂ ਗਿਆ। ਪੇਸ਼ ਹੈ, 'ਨਾਮ੍ਹਾ ਫਾਂਸੀ ਵਾਲਾ' ਦੇ ਪਿੰਡ ਫਤਿਹਗੜ੍ਹ ਬਾਰੇ ਸੰਖੇਪ ਵੇਰਵਾ...***



ਨਾਮ੍ਹਾ

***26 ਮਈ 1917 ਵਾਲੇ ਦਿਨ ਹੀ ਕੈਨੇਡਾ ਦੇ ਗਦਰੀ ਯੋਧੇ ਹਰਨਾਮ ਸਿੰਘ ਉਰਫ ਨਾਮ੍ਹਾ, ਬਾਬੂ ਅਤੇ ਸੁਰਜਨ ਸਿੰਘ ਫਤਿਹਗੜ੍ਹ (ਹੁਸ਼ਿਆਰਪੁਰ) ਫੇਰੂ ਮੁਕੱਦਮੇ ਵਿਚ ਫਾਂਸੀ ਦੇ ਰੱਸੇ ਚੁੰਮ ਕੇ ਸ਼ਹੀਦ ਹੋ ਗਏ। ਨਾਮ੍ਹੇ ਅਤੇ ਬਾਬੂ 'ਤੇ ਇਹ ਦੋਸ਼ ਵੀ ਸੀ ਕਿ ਉਹ ਮੰਡੀ ਦੇ ਰਾਜੇ ਦੇ ਭਤੀਜੇ ਠਾਕਰ ਜਵਾਹਰ ਸਿੰਘ ਨੂੰ ਗਦਰ ਪਾਰਟੀ ਨਾਲ ਜੁੜਨ ਵਾਸਤੇ ਕਹਿੰਦੇ ਸਨ।***

ਸੈਂਟਰਲ ਜੇਲ੍ਹ ਲਾਹੌਰ ਵਿੱਚੋਂ ਜਨਵਰੀ 1917 ਦੀ ਤਾਰੀਖ 8 ਨੂੰ ਇੱਕ ਖ਼ਤ ਹੁਸ਼ਿਆਰਪੁਰ ਨੂੰ ਘੱਲਿਆ ਗਿਆ, ਇਬਾਰਤ ਸੀ:

"ਲਾਹੌਰ, ਸੈਂਟਰਲ ਜੇਲ੍ਹ 8.1.17 ਨਾਮ੍ਹਾ ਫਾਂਸੀ ਵਾਲਾ

ਭਾਈ ਸਾਹਿਬ ਦੀਵਾਨ ਚੰਦ ਨਮਸਤੇ

ਮੁਝ ਕੋ 5 ਮਾਹ ਹਾਲ ਕਾ ਫਾਂਸੀ ਕਾ ਹੁਕਮ ਹੋ ਗਯਾ ਹੈ-

ਆਪ ਕਿਸੀ ਕਿਸਮ ਕਾ ਫਿਕਰ ਨਾ ਕਰੇ-

ਔਰ ਮੇਰੀ ਜ਼ੋਜਾ ਰੁਕਮਣੀ ਕੋ ਵਰਯਾਮਾ ਕੇ ਹੱਕ ਮੇਂ ਕਰ ਦੇਵੇ-

ਔਰ ਸਭ ਕੋ ਦਰਜਾ-ਬਾ-ਦਰਜਾ ਨਮਸਤੇ ਬੱਚੋਂ ਕੋ ਪਯਾਰ।"

ਕਾਰਡ ਦੇ ਦੂਜੇ ਪਾਸੇ ਸਰਨਾਮਾ ਹੈ:

ਬਾਕਾਮ ਫਤਿਹਗੜ੍ਹ

ਡਾਕਖਾਨਾ... ਜ਼ਿਲ੍ਹਾ ਹੁਸ਼ਿਆਰਪੁਰ

ਪਾਸ ਦੀਵਾਨ ਚੰਦ

ਇਸ ਕਾਰਡ ਉੱਤੇ ਲਾਹੌਰ ਦੇ ਕਿਸੇ ਡਾਕਖਾਨੇ ਦੀ ਧੀਮੀ ਮੋਹਰ ਹੈ, ਜਿਸ 'ਤੇ ਡਾਕ ਨਿਕਲਣ ਦਾ ਸਮਾਂ ਵੀ ਅੰਕਿਤ ਹੈ: 13-35, ਨਾਲ ਹੀ ਜੇਲ੍ਹ ਸੁਪਰਡੈਂਟ ਦੀ ਸੈਂਸਰ ਦੀ ਮੋਹਰ ਲੱਗੀ ਹੋਈ। ਜੇਲ੍ਹ ਨਿਯਮਾਂ ਅਤੇ ਵੇਲੇ ਦੇ ਹਾਲਾਤ 'ਚ ਕਿੰਨਾ ਕੁ ਲਿਖਿਆ ਜਾ ਸਕਦਾ ਸੀ, ਇਸ ਖਤ ਵਿੱਚ। ਫਿਰ ਵੀ, ਆਪਣੇ ਆਗੋਸ਼ ਵਿੱਚ ਬੜਾ ਕੁੱਝ ਸਾਂਭੀ ਬੈਠਾ ਹੈ ਇਹ ਤਵਾਰੀਖੀ ਖਤ। ਵਿਲੱਖਣ ਅਤੇ ਚਿਰਭਾਵੀ ਸ਼ਬਦਾਂ ਦੀ ਵਿਆਖਿਆ ਕਰਨ ਲੱਗੋ ਤਾਂ ਸਫ਼ਿਆਂ ਦੇ ਸਫ਼ੇ ਕਾਲੇ ਕੀਤੇ ਜਾ ਸਕਦੇ ਹਨ।

ਹਰਨਾਮ ਨਾਮ ਦੇ ਦੇਸ਼ ਭਗਤ ਕੈਦੀ ਤਾਂ ਹੋਰ ਵੀ ਸਨ, ਇਸ ਜੇਲ੍ਹ ਵਿੱਚ ਪਰ ਚਿੱਠੀ ਉਕਰਨ ਵੇਲੇ ਫਾਂਸੀ ਵਾਲੀ ਕੋਠੀ ਲੱਗਿਆ ਸਿਰਫ ਇੱਕੋ ਹੀ ਸੀ 'ਨਾਮ੍ਹਾ ਫਾਂਸੀ ਵਾਲਾ' ਉਰਫ ਹਰਨਾਮ ਚੰਦ ਫਤਿਹਗੜ੍ਹੀਆਂ। 'ਫਤਿਹਗੜ੍ਹ' ਹੁਣ ਵਾਲੇ ਵੱਡ ਅਕਾਰੀ ਹੁਸ਼ਿਆਰਪੁਰ ਦੇ ਹੋਰ ਮੁਹੱਲਿਆਂ ਵਾਂਗ ਬਣ ਜਾਣ ਵਾਲਾ ਇੱਕ ਅਦਨਾ ਜਿਹਾ ਮੁਹੱਲਾ। ਕਿੰਨਿਆਂ ਕੁ ਨੂੰ ਪਤਾ ਹੈ ਕਿ ਸਾਡੇ ਗ਼ਦਰੀ ਸ਼ਹੀਦਾਂ ਦਾ ਇਹ ਇੱਕ ਅਜਿਹਾ ਮਾਣਮੱਤਾ ਪਿੰਡ ਹੈ, ਜਿਹੜਾ ਹੁਣ ਸਾਡੇ ਚੇਤਿਆਂ ਵਿੱਚੋਂ, ਸਮੇਂ ਦੇ ਵਹਿਣ ਨੇ, ਦੇਰ ਦਾ ਗੁੰਮ ਕਰ ਦਿੱਤਾ ਹੈ। ਕਦੇ ਸੂਤੈਹਰੀ ਦੇ ਫਤਿਹ ਮੁਹੰਮਦ ਦਾ ਵਾੜਾ ਹੁੰਦਾ ਸੀ ਏਥੇ, ਜਿਹੜਾ ਨੇੜੇ-ਨੇੜੇ ਵਸਦੇ ਕੁੱਝ ਹੋਰ ਪਿੰਡਾਂ ਦੀ ਬਦੌਲਤ ਤਿੰਨ ਕੁ ਸਦੀਆਂ ਪਹਿਲਾਂ ਖੁਦ ਪਿੰਡ ਬਣ ਗਿਆ। ਸੁਤੰਤਰਤਾ ਸੰਗਰਾਮ ਸਮੇਂ ਆਪਣੇ ਫਰਜ਼ੰਦਾਂ ਕਾਰਨ ਤਿੰਨ ਜਾਤਾਂ ਬਹੁਤ ਚਰਚਿਤ ਹੋਈਆਂ ਸਨ ਇਸਦੀਆਂ। ਉਹ ਸਨ: ਸੈਣੀ, ਘੁਮਿਹਾਰ ਅਤੇ ਪਠਾਣ।

ਹੁਸ਼ਿਆਰਪੁਰ ਸ਼ਹਿਰ ਦੀ ਇੱਕ ਮੁੱਖ ਸੜਕ ਸੂਤੈਹਰੀ ਰੋਡ ਬਹੁਤ ਮਸ਼ਹੂਰ ਹੈ। ਸੈਸ਼ਨ ਚੌਂਕ ਦੇ ਪਿੱਛਿਓਂ ਸ਼ੁਰੂ ਹੋ ਕੇ ਇਹ, ਸਰਕਾਰੀ ਕਾਲਜ ਦਾ ਫਗਵਾੜਾ ਚੌਰਾਹਾ ਟੱਪ, ਪ੍ਰਭਾਤ ਚੌਂਕ ਦੀਆਂ ਬਰੂਹਾਂ ਛੋਹ ਲੈਂਦੀ ਹੈ; ਪਰ ਦੱਖਣ-ਪੱਛੋਂ ਨੂੰ ਇਸ ਸੂਤੈਹਰੀ ਦਾ ਕਿੰਨਾ ਕੁ ਰਕਬਾ ਹੋਵੇਗਾ, ਬਾਰੇ ਪੁਖਤਾ ਸਬੂਤ ਨਹੀਂ ਮਿਲੇ। ਸੂਤੈਹਰੀ ਮੁਸਲਿਮ ਪਠਾਣਾਂ ਦੀ ਸੀ, ਇਨ੍ਹਾਂ 'ਚੋਂ ਹੀ ਫਤਿਹ ਮੁਹੰਮਦ ਹੋਇਆ ਜਿਸਦਾ ਹੁਣ ਵਾਲੇ ਫਤਿਹਗੜ੍ਹ ਦੀ ਜੂਹ ਵਿੱਚ ਵਾੜਾ ਸੀ। ਸੂਤੈਹਰੀ ਦੇ ਲਫ਼ਜ਼ੀ ਅਰਥ ਹਨ- ਹਿੱਕ ਦੇ ਜ਼ੋਰ ਨਾਲ ਸੱਤ ਵਾਰ ਵਾਹ ਕੇ ਕਬਜ਼ਾ ਕੀਤੀ ਹੋਈ ਭੋਇੰ। ਸਿਤਮ ਵੇਖੋ! ਸਦੀਆਂ ਪੁਰਾਣੀ ਸੂਤੈਹਰੀ ਆਪ ਤਾਂ ਪਿੰਡ ਨਾ ਬਣ ਸਕੀ, ਫਤਿਹ ਮੁਹੰਮਦ ਦਾ ਵਾੜਾ ਬਣ ਗਿਆ। ਪਠਾਣ ਤਾਂ ਹੋਣੇ ਹੀ ਸਨ ਫਤਿਹਗੜ੍ਹ ਵਿੱਚ, ਪਰ ਇਸੇ ਸੂਤੈਹਰੀ ਦੀ ਪੱਛੋਂ ਦੀ ਬਾਹੀ ਨਾਲ ਖਹਿੰਦੇ ਪ੍ਰੇਮੇ ਸੈਣੀ ਦੇ ਪ੍ਰੇਮ ਗੜ੍ਹ, ਜਿਹੜਾ ਹੁਣ ਹੁਸ਼ਿਆਰਪੁਰ ਦਾ ਗਹਿਗੱਜਵਾਂ ਕੇਂਦਰੀ ਮੁਹੱਲਾ ਹੈ, ਵਿੱਚੋਂ ਇਥੇ ਸੈਣੀ ਵੀ ਆ ਵਸੇ। ਇਹੀ ਨਹੀਂ, ਹੁਸ਼ਿਆਰਪੁਰ ਤੋਂ ਕਿਤੇ ਪਹਿਲਾਂ ਵਸਿਆ ਬਜਵਾੜਾ ਕਸਬਾ, ਲੋਅਰ ਹਿਮਾਚਲ ਦਾ ਦੱਰਾ ਜਿੱਥੋਂ ਅਪਰ ਹਿਮਾਚਲ ਮੰਡੀ-ਲੇਹ ਲਦਾਖ ਅਤੇ ਧੁਰ ਸਮਰਕੰਦ ਤੱਕ ਆਪਣੀਆਂ ਖੱਚਰਾਂ ਨਾਲ ਮਾਲ-ਅਸਬਾਬ ਢੋਣ ਵਾਲੇ, ਦੇ ਘੁਮਿਹਾਰਾਂ ਨੇ ਵੀ ਨੇੜੇ ਪੈਂਦੇ ਇਸੇ ਫਤਿਹਗੜ੍ਹ ਰੈਣ ਵਸੇਰਾ ਕਰ ਲਿਆ। ਦੱਸਣਾ ਕੁਥਾਂ ਨਹੀਂ ਹੋਵੇਗਾ ਕਿ ਜੰਗ-ਏ-ਆਜ਼ਾਦੀ ਵਿੱਚ ਸੂਹੀ ਤੰਦ ਰੱਖਦੇ 'ਮੰਡੀ ਸਾਜਿਸ਼ ਕੇਸ ਦੀਆਂ ਪੀਡੀਆਂ ਤੰਦਾਂ ਇਸੇ ਫਤਿਹਗੜ੍ਹ ਦੇ ਘੁਮਿਹਾਰਾਂ ਨਾਲ ਜਕੜਬੰਦ ਹਨ।

ਨਿਰੋਲ ਕਾਮਾ ਜਾਤਾਂ ਵਿੱਚੋਂ ਫਤਿਹਗੜ੍ਹ ਦੇ ਚਾਰ ਗ਼ਦਰੀ ਦੇਸ਼ ਭਗਤ ਸੁਤੰਤਰਤਾ ਤਾਰੀਖ ਵਿੱਚ ਬੜੇ ਉੱਘੇ ਹਨ। ਹਰਨਾਮ ਚੰਦ ਸੈਣੀ ਉਰਫ 'ਨਾਮਾ ਫਾਂਸੀ ਵਾਲਾ' ਮਗਰੋਂ ਵਤਨ ਖਾਤਿਰ 1917 ਨੂੰ ਜਿਹੜਾ ਇੱਕ ਹੋਰ ਫਾਂਸੀ ਲੱਗਾ ਉਹ ਸੀ 'ਫੈਰੂ ਸ਼ਹਿਰ ਸਾਕਾ' ਵਾਲਾ ਸੂਰਜਨ ਪੁੱਤਰ ਬੂਟਾ ਘੁਮਿਹਾਰ। ਇਸੇ ਪਿੰਡ ਦਾ ਇੱਕ ਹੋਰ ਸੂਰਮਾ ਗ਼ਦਰੀ ਬਾਬੂ ਰਾਮ ਪੁੱਤਰ ਗਾਂਧੀ ਘੁਮਿਹਾਰ ਵੀ ਤੀਜੇ ਲਾਹੌਰ ਸਾਜਿਸ਼ ਕੇਸ ਵਿੱਚ ਗੋਰਿਆਂ ਨੇ ਫਾਹੇ ਟੰਗ ਦਿੱਤਾ ਸੀ। ਇਸੇ ਕੇਸ ਵਿੱਚ ਇੱਥੋਂ ਦੇ ਫਜ਼ਲਦੀਨ ਪੁੱਤਰ ਨੂਰਾ ਪਠਾਣ ਫਤਿਹਗੜ੍ਹ ਨੂੰ 'ਤਾਅ ਜਾਇਦਾਦ ਜਬਤ' ਸਮੇਤ ਬਾ-ਮੁਸ਼ੱਕਤ 'ਉਮਰ ਕੈਦ ਸਖ਼ਤ' ਹੋਈ। ਲਾ ਤਾਂ ਉਸਨੂੰ ਵੀ ਫਾਹੇ ਦੇਣਾ ਸੀ, ਪਰ ਘੱਟ ਉਮਰ ਆੜੇ ਆ ਗਈ, ਜਿਹੜਾ ਤਾ-ਉਮਰ ਆਪਣੇ ਹਿੰਦੂ ਹਮਸਾਇਆ ਨੂੰ ਝੂਰਦਾ ਰਿਹਾ। ਅਫਸੋਸ! ਸੰਤਾਲੀ ਦੇ ਮਹਾਂ-ਸੰਤਾਪ ਵੇਲੇ; ਉਨ੍ਹਾਂ ਫਿਰਕੂਆਂ ਜਿਨ੍ਹਾਂ ਸੁਤੰਤਰਤਾ ਸੰਗਰਾਮ 'ਚ ਭੋਰਾ ਹਿੱਸਾ ਨਹੀਂ ਪਾਇਆ, ਨੇ ਉਸ 'ਦੇਸ਼ਭਗਤ' ਨੂੰ ਇਹ ਫਤਵਾ ਦਿੰਦਿਆਂ ਪਰਾਈ ਧਰਤ ਨੂੰ ਸਦੀਵੀ ਪ੍ਰਸਥਾਨ ਕਰਨ ਲਈ ਮਜ਼ਬੂਰ ਕਰ ਦਿੱਤਾ, 'ਅਖੇ! ਉਹ ਤਾਂ ਮੁਸਲਮਾਨ ਹੈ।'

## ਵਰਤਮਾਨ ਸਮੇਂ ਦੇ ਸਰੋਕਾਰਾਂ ਦਾ ਸ਼ੀਸ਼ਾ ਹੈ

# 'ਖਿਆਲ ਤੋਂ ਤਹਿਰੀਰ ਤੱਕ'

ਡਾ. ਧਰਮਪਾਲ ਸਾਹਿਲ
ਫੋਨ: +91-9876156964

ਪ੍ਰਸਿੱਧ ਸਿੱਖਿਆ ਸ਼ਾਸਤਰੀ, ਕੁਸ਼ਲ ਪ੍ਰਬੰਧਕ ਅਤੇ ਸਥਾਪਿਤ ਖੋਜੀ ਨਿਬੰਧਕਾਰ ਡਾ. ਅਰਵਿੰਦਰ ਸਿੰਘ ਮੁੱਖ ਤੌਰ 'ਤੇ ਸਮਾਜਕ, ਸਿਆਸਤ, ਫ਼ਲਸਫ਼ੇ, ਸਿੱਖਿਆ ਅਤੇ ਵਰਤਮਾਨ ਸਰੋਕਾਰਾਂ ਨੂੰ ਆਪਣੀਆਂ ਕਿਰਤਾਂ ਦਾ ਵਿਸ਼ਾ ਬਣਾਉਂਦੇ ਹਨ। ਦਰਜਨਾਂ ਮਿਆਰੀ ਪੁਸਤਕਾਂ ਦੇ ਰਚੇਤਾ ਡਾ. ਅਰਵਿੰਦਰ ਸਿੰਘ ਦਾ ਤਾਜ਼ਾ ਲੇਖ ਸੰਗ੍ਰਹਿ 'ਖਿਆਲ ਤੋਂ ਤਹਿਰੀਰ ਤੱਕ' ਪ੍ਰਕਾਸ਼ਿਤ ਹੋ ਪਾਠਕਾਂ ਦੇ ਤੀਕ ਪੁੱਜਾ ਹੈ। ਲੇਖਕ ਨੇ ਪੁਸਤਕ ਦੇ ਸਮੁੱਚੇ ਕੰਟੈਂਟ ਨੂੰ ਚਾਰ ਭਾਗਾਂ ਵਿੱਚ ਵੰਡਿਆ ਹੈ। ਪਹਿਲੇ ਭਾਗ 'ਮਜ਼ਹਬ ਅਤੇ ਮਨੁੱਖ' ਵਿੱਚ 9 ਲੇਖ, 'ਪੰਥ ਅਤੇ ਪੰਜਾਬ ਦੀ ਅਧੋਗਤੀ ਦੀ ਪੜਚੋਲ' ਵਿੱਚ 11, ਤੀਸਰੇ 'ਸਿੱਖਿਆ ਸੰਸਾਰ ਸੰਬੰਧੀ ਸਰੋਕਾਰ' ਦੇ ਚਾਰ ਲੇਖ ਅਤੇ 'ਜ਼ਿੰਦਗੀ ਦੀ ਚਾਲ, ਦਿਸ਼ਾ ਅਤੇ ਦਿਸ਼ਾ' 11 ਲੇਖ ਸ਼ਾਮਿਲ ਕੀਤੇ ਗਏ ਹਨ।

ਡਾ. ਅਰਵਿੰਦਰ ਸਿੰਘ ਗੁਰੂ ਨਾਨਕ ਸਾਹਿਬ ਦੇ ਫ਼ਲਸਫ਼ੇ ਦੇ ਪੈਰੋਕਾਰ ਹਨ। ਉਨ੍ਹਾਂ ਦਾ ਜ਼ਿੰਦਗੀ, ਸਮਾਜ ਅਤੇ ਰਾਜਨੀਤੀ ਪ੍ਰਤੀ ਨਜ਼ਰੀਆ ਗੁਰੂ ਨਾਨਕ ਸਾਹਿਬ ਦੇ ਆਦਰਸ਼ ਅਤੇ ਸੰਕਲਪ ਵਾਲਾ ਹੈ। ਇਸੇ ਲਈ ਉਹ ਪੁਸਤਕ ਦੇ ਪਹਿਲੇ ਪੜਾਅ 'ਮਜ਼ਹਬ ਅਤੇ ਮਨੁੱਖ' ਵਿੱਚ ਗੁਰੂ ਨਾਨਕ ਸਾਹਿਬ ਦੀ ਫਿਲਾਸਫ਼ੀ ਨੂੰ ਆਧਾਰ ਬਣਾ ਕੇ ਸਮਾਜ ਤੇ ਅਜੋਕੇ ਸੱਚੇ ਸਿੱਖ ਦੀ ਵਿਆਖਿਆ ਕਰਦੇ ਹਨ ਅਤੇ ਗੁਰੂ ਨਾਨਕ ਨੂੰ ਧਿਆਉਣ ਤੋਂ ਲੈ ਕੇ ਉਸ ਦੀ ਮੰਨਣ ਵਿਚਾਲੇ ਦਿਨ ਪ੍ਰਤੀ ਦਿਨ ਵਧਦੇ ਜਾਂਦੇ ਫ਼ਾਸਲੇ ਦੀ ਨਿਸ਼ਾਨਦੇਹੀ ਕਰਦੇ ਹਨ। ਉਨ੍ਹਾਂ ਨੇ 'ਹਿੰਦ ਦੀ ਚਾਦਰ' ਗੁਰੂ ਤੇਗ ਬਹਾਦਰ ਦੇ ਲੋਕਤੰਤਰੀ ਸਰੋਕਾਰਾਂ ਅਤੇ ਲੁਕਾਈ ਲਈ ਲਾਸਾਨੀ ਸ਼ਹਾਦਤ ਦੇ ਅਰਥ ਸਮਝਾਏ ਹਨ। ਇਨ੍ਹਾਂ ਮਹਾਮਾਨਵਾਂ ਦੇ ਅਦਰਸ਼ਾਂ ਨੂੰ ਜ਼ਿੰਦਗੀ ਵਿੱਚ ਢਾਲਣ ਦੀ ਪ੍ਰੇਰਣਾ ਦਿੱਤੀ ਹੈ।

'ਸਿੱਖਿਆ ਸੰਸਾਰ ਸੰਬੰਧੀ ਸਰੋਕਾਰ' ਵਾਲੇ ਪੜਾਅ ਵਿੱਚ ਭਾਰਤ ਵਿੱਚ ਉਚੇਰੀ ਸਿੱਖਿਆ ਦੇ ਖੇਤਰ ਨੂੰ ਦਰਪੇਸ਼ ਚੁਣੌਤੀਆਂ, ਰੁਜ਼ਗਾਰਯੋਗਤਾ ਅਤੇ ਭਾਰਤ ਵਿੱਚ ਉਚੇਰੀ ਸਿੱਖਿਆ ਦੀ ਮੌਜੂਦਾ ਸਥਿਤੀ, ਨਾਲ ਹੀ ਅਸਮਾਨਤਾਵਾਂ ਦੀ ਮਾਰ ਝੱਲ ਰਹੇ ਭਾਰਤੀ ਸਿੱਖਿਆ ਤੰਤਰ ਦੀ ਆਪਣੇ ਤਜ਼ਰਬਿਆਂ ਦੇ ਆਧਾਰ 'ਤੇ ਖੁਰਦਬੀਨੀ ਪੜਚੋਲ ਕੀਤੀ ਹੈ। ਉਚੇਰੀ ਵਿਦਿਆ ਦੇ ਖੇਤਰ ਦੇ ਬਹੁਤ ਸਾਰੇ ਅਣਗੌਲੇ ਅਤੇ ਧਿਆਨ ਮੰਗਦੇ ਤੱਥ ਉਜਾਗਰ ਕੀਤੇ ਹਨ।

ਪੁਸਤਕ ਦੇ 'ਜ਼ਿੰਦਗੀ ਦੀ ਚਾਲ, ਦਿਸ਼ਾ ਅਤੇ ਦਸ਼ਾ' ਰਾਹੀਂ ਡਾ. ਅਰਵਿੰਦਰ ਸਿੰਘ ਨੇ ਮਨੁੱਖੀ ਜੀਵਨ ਸ਼ੈਲੀ, ਨੈਤਿਕਤਾ, ਜ਼ਿੰਦਗੀ ਜਿਊਣ ਦੇ ਸ਼ਊਰ, ਅਜੋਕੇ ਬਦਲਦੇ ਯੁੱਗ ਵਿੱਚ ਸਾਡੀ ਤਰਜ਼-ਏ-ਜ਼ਿੰਦਗੀ, ਦਾਨਿਸ਼ਮੰਦੀ ਦੇ ਮਹੱਤਵ, ਖੁਸ਼ੀਆਂ ਨੂੰ ਹਾਸਿਲ ਕਰਨ ਅਤੇ ਉਸ ਨੂੰ ਮਾਨਣ ਦੇ ਢੰਗ, ਖ਼ਾਮੋਸ਼ ਰਹਿਣ ਦਾ ਹੁਨਰ ਤੇ ਉਸ ਦਾ ਪ੍ਰਭਾਵ, ਖਾਹਿਸ਼ਾਂ ਦੇ ਚੱਕਰਵਿਊ ਵਿੱਚ ਫਸਿਆ ਇਨਸਾਨ ਗਰੂਰ ਤੋਂ ਬੱਚ ਕੇ ਜਿਊਣ ਦੀ ਕਲਾ ਅਤੇ ਜ਼ਿੰਦਗੀ ਵਿਚਲੀ ਸੰਕਰੀਣਤਾ ਨੂੰ ਖ਼ਤਮ ਕਰਕੇ ਜੀਉ ਤੇ ਜਿਊਣ ਦਿਉ ਦੇ ਫ਼ਲਸਫ਼ੇ 'ਤੇ ਅਮਲ ਰਾਹੀਂ ਆਪਣੀ ਜ਼ਿੰਦਗੀ ਦੀ ਦਿਸ਼ਾ ਅਤੇ ਦਸ਼ਾ ਨੂੰ ਨਿਰਧਾਰਤ ਕਰਨ ਦਾ ਉਦੇਸ਼ ਪੂਰਣ ਸੁਨੇਹਾ ਦਿੱਤਾ ਹੈ।

ਪੁਸਤਕ ਦਾ ਚੌਥਾ ਅਤੇ ਸਭ ਤੋਂ ਜ਼ਿਆਦਾ ਪ੍ਰਭਾਵਸ਼ਾਲੀ ਤੇ ਸਮਕਾਲੀ ਪੜਾਅ ਹੈ, 'ਪੰਥ ਅਤੇ ਪੰਜਾਬ ਦੀ ਅਧੋਗਤੀ ਦੀ ਪੜਚੋਲ' ਵਿਚਲੇ 11 ਲੇਖ। ਇਨ੍ਹਾਂ ਵਿੱਚ ਲੇਖਕ ਨੇ ਸਿੱਖ ਕੌਮ ਅਤੇ ਅਜੋਕੇ ਪੰਜਾਬ ਨਾਲ ਜੁੜੇ ਬਹੁਤ ਹੀ ਅਹਿਮ ਮੁੱਦਿਆਂ 'ਤੇ ਬੇਬਾਕ, ਤਰਕ ਆਧਾਰਿਤ, ਨਿਰਪੱਖ ਮੂਲੰਕਣ ਕਰਦਿਆਂ ਅਜਿਹਾ ਅਕਸ ਵਿਖਾਇਆ ਹੈ ਕਿ ਪੰਜਾਬੀ ਪਾਠਕ ਨੂੰ ਪੰਜਾਬ ਦੇ ਸਮਾਜਕ, ਧਾਰਮਿਕ, ਰਾਜਨੀਤਿਕ, ਆਰਥਿਕ ਅਤੇ ਸਭਿਆਚਾਰਕ ਪਰਿਦ੍ਰਿਸ਼ ਵਿਚਲਾ ਖੋਖਲਾਪਣ ਸਪੱਸ਼ਟ ਨਜਰ ਆਉਣ ਲੱਗਦਾ ਹੈ। ਲੇਖਕ ਨੇ ਬਹੁਤ ਹੀ ਸੰਜੀਦਾ ਹੋ ਕੇ ਨਿਰਪੱਖ ਢੰਗ ਨਾਲ ਅਜੋਕੀ ਵਿਵਸਥਾ ਦੀ ਜਿਹੜੀ ਪੜਚੋਲ ਕੀਤੀ ਹੈ, ਉਸ ਵਿੱਚ ਸਿੱਖ ਕੌਮ ਦੇ ਮਸਲਿਆਂ, ਉਸ ਦੇ ਏਜੰਡੇ, ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੀ ਸਾਰਥਕਤਾ ਨੂੰ ਆਪਣੇ ਨੁਕਤੇ-ਨਿਗਾਹ ਤੋਂ ਪੇਸ਼ ਕਰਨ ਦਾ ਉਪਰਾਲਾ ਕੀਤਾ ਹੈ। ਇਨ੍ਹਾਂ ਨਿਬੰਧਾਂ ਵਿੱਚ ਲੇਖਕ ਬੇਹੱਦ ਫਿਕਰਮੰਦ ਨਜ਼ਰ ਆਉਂਦਾ ਹੈ, ਅਜੋਕਾ ਸਿੱਖ, ਪੰਥ ਤੋਂ ਬੇਮੁੱਖ ਹੋ ਰਿਹਾ ਹੈ। ਉਸ ਨੂੰ ਗੁਰੂਆਂ ਦੀ ਵਰਸੋਈ ਧਰਤੀ, ਪੰਜਾਬ ਦੇ ਪੌਣ-ਪਾਣੀ, ਪੰਜਾਬ ਦੇ ਸਭਿਆਚਾਰ, ਪੰਜਾਬ ਦੇ ਮਹੱਤਵਪੂਰਨ ਮਸਲਿਆਂ ਪ੍ਰਤੀ ਗੈਰ-ਸੰਜੀਦਗੀ, ਪੰਜਾਬ ਦੇ ਦਰਦ ਦੀ ਅਣਦੇਖੀ ਨੂੰ ਸ਼ਿੱਦਤ ਨਾਲ ਮਹਿਸੂਸ ਕਰਦਾ ਹੈ।

ਲੇਖਕ ਬਿਨਾ ਉਲਾਰ ਹੋਇਆਂ ਬਹੁਤ ਹੀ ਸੰਤੁਲਤ ਤੇ ਸਕਾਰਾਤਮਕ ਪਹੁੰਚ ਅਪਣਾਉਂਦਾ ਹੋਇਆ ਪੰਜਾਬ ਦੀਆਂ ਅਜੋਕੀ ਪ੍ਰਸਥਿਤੀਆਂ ਦੀ ਪਰਖ ਪੜਚੋਲ ਕਰਦਾ ਹੈ ਅਤੇ ਨਾਲੋ-ਨਾਲ ਪੰਜਾਬੀਆਂ ਨੂੰ ਨਸੀਹਤਾਂ ਵੀ ਦਿੰਦਾ ਜਾਂਦਾ ਹੈ। ਦਰਅਸਲ ਲੇਖਕ ਵੱਲੋਂ ਲਿਖੇ ਇਨ੍ਹਾਂ ਸ਼ਬਦਾਂ ਵਿਚਲਾ ਦਰਦ, ਫ਼ਿਕਰ, ਹਰ ਉਸ ਸੱਚੇ ਪੰਜਾਬੀ ਦੇ ਦਿਲ ਦੀ ਹੂਕ ਹੈ, ਜਿਹੜਾ ਪੰਜਾਬ ਦੇ ਇਸ ਬਦਲਦੇ ਸਰੂਪ ਤੋਂ ਦੁਖੀ ਅਤੇ ਪ੍ਰੇਸ਼ਾਨ ਹੈ। ਇਨ੍ਹਾਂ ਲੇਖਾਂ ਨੂੰ ਪੜ੍ਹਦਿਆਂ ਡਾ. ਅਰਵਿੰਦਰ ਸਿੰਘ ਦੀ ਸਿੱਖ ਧਰਮ, ਪੰਥ, ਪੰਜਾਬ ਦੀ ਇਤਿਹਾਸਕ, ਭੂਗੋਲਿਕ, ਧਾਰਮਿਕ, ਅਧਿਆਤਮਕ, ਆਰਥਿਕ, ਰਾਜਨੀਤਕ ਸੰਬੰਧੀ ਵਿਸ਼ਾਲ ਅਤੇ ਡੂੰਘੇ ਗਿਆਨ ਦਾ ਪਤਾ ਚਲਦਾ ਹੈ। ਲੇਖਕ ਨਾਲੋ-ਨਾਲ ਪੰਜਾਬ ਦੇ ਗੌਰਵਮਈ ਇਤਿਹਾਸ, ਵਿਲੱਖਣ ਧਾਰਮਿਕ ਅਤੇ ਸਭਿਆਚਾਰਕ ਵਿਰਾਸਤ, ਪੰਜਾਬੀ ਜੀਵਨ ਦੀਆਂ ਰਹੁ-ਰੀਤਾਂ, ਰਵਾਇਤਾਂ ਦਾ ਅਹਿਸਾਸ ਵੀ ਕਰਾਉਂਦਾ ਜਾਂਦਾ ਹੈ, ਯਾਨਿ ਇੱਕ






ਤੁਲਨਾਤਮਕ ਵਿਸ਼ਲੇਸ਼ਣ ਵੀ ਹੁੰਦਾ ਜਾਂਦਾ ਹੈ। ਪਾਠਕ ਨੂੰ ਪੁਰਾਤਨ ਅਤੇ ਅਜੋਕੇ ਸਰੋਕਾਰਾਂ ਵਿਚਲਾ ਅੰਤਰ ਵੀ ਸਪਸ਼ਟ ਹੁੰਦਾ ਜਾਂਦਾ ਹੈ।

ਲੇਖਕ ਨੇ ਸਮੁੱਚੇ ਪੰਜਾਬੀਆਂ ਸਾਹਮਣੇ ਕਈ ਮਹੱਤਵਪੂਰਨ ਪ੍ਰਸ਼ਨ ਵੀ ਖੜ੍ਹੇ ਕੀਤੇ ਹਨ। ਉਨ੍ਹਾਂ ਨੂੰ ਚੇਤੰਨ ਵੀ ਕੀਤਾ ਹੈ ਤੇ ਸਾਵਧਾਨ ਵੀ। ਵਿਸ਼ੇਸ਼ ਕਰਕੇ ਪੰਜਾਬ ਦਾ ਬੁੱਧੀਜੀਵੀ ਵਰਗ ਜਿਹੜਾ ਸਭ ਕੁੱਝ ਵੇਖਦਾ, ਸੁਣਦਾ ਤੇ ਸਮਝਦਾ ਹੋਇਆ ਵੀ ਅਪਣੀ ਜ਼ਿੰਮੇਵਾਰੀ ਤੋਂ ਪਾਸਾ ਵੱਟਿਆ ਜਾਪਦਾ ਹੈ। ਲੇਖਕ ਨੇ ਬੜੇ ਹੀ ਸਪੱਸ਼ਟ ਢੰਗ ਨਾਲ ਪੰਜਾਬ ਨਾਲ ਹੋਈਆਂ ਬੇਇਨਸਾਫੀਆਂ, ਜਾਣੇ-ਅਣਜਾਣੇ ਕੀਤੀਆਂ ਅਣਗਹਿਲੀਆਂ ਤੇ ਇਤਿਹਾਸਕ ਗਲਤੀਆਂ ਲਈ ਵਕਤ ਦੇ ਹਾਕਮਾਂ ਨੂੰ ਸਵਾਲ ਕੀਤੇ ਹਨ ਤੇ ਉਨ੍ਹਾਂ ਨੂੰ ਸੰਕੀਰਣ, ਸਵਾਰਥੀ, ਸੱਤਾ ਦੀ ਭੁੱਖ ਨੂੰ ਲਾਂਭੇ ਰੱਖ ਕੇ ਪੰਜਾਬ ਦੇ ਸਾਊ ਪੁੱਤ ਬਣ ਕੇ ਆਪਣੇ ਫ਼ਰਜ਼ਾਂ ਦੀ ਪੂਰਤੀ ਲਈ ਪ੍ਰੇਰਿਤ ਕੀਤਾ ਹੈ।

ਡਾ. ਅਰਵਿੰਦਰ ਸਿੰਘ ਦੀ ਪ੍ਰਵਾਹਮਈ, ਸਪੱਸ਼ਟ, ਸਟੀਕ ਅਤੇ ਸੰਵੇਦਨਸ਼ੀਲ ਸ਼ੈਲੀ ਨੇ ਸੋਨੇ 'ਤੇ ਸੁਹਾਗੇ ਵਾਲਾ ਕੰਮ ਕੀਤਾ ਹੈ। ਸ਼ਬਦਾਂ ਦੀ ਚੋਣ, ਢੁਕਵੇਂ ਮੁਹਾਵਰੇ, ਦ੍ਰਿਸ਼ਟਾਂਤ ਅਤੇ ਉਦਾਹਰਣਾਂ ਨੇ ਇਨ੍ਹਾਂ ਨਿਬੰਧਾਂ ਨੂੰ ਰੌਚਕਤਾ ਬਖਸ਼ੀ ਹੈ। ਇਸ ਬਿਰਤਾਂਤਕ ਸ਼ੈਲੀ ਰਾਹੀਂ ਲੇਖਕ ਪਾਠਕੀ ਸੋਚ ਨੂੰ ਹਲੂਣਨ ਵਿੱਚ ਸਮਰੱਥ ਹੈ। ਇੱਕ ਵਾਰ ਤਾਂ ਪਾਠਕ ਸੋਚੀ ਪੈ ਜਾਂਦਾ ਹੈ। ਪਾਠਕ ਨੂੰ ਝੰਜੋੜ ਕੇ ਉਸ ਨੂੰ ਜਗਾਉਣਾ ਤੇ ਸੋਚਣ ਲਈ ਮਜਬੂਰ ਕਰ ਦੇਣਾ ਡਾ. ਅਰਵਿੰਦਰ ਸਿੰਘ ਦੀ ਲੇਖਣੀ ਦਾ ਕਮਾਲ ਹੈ ਅਤੇ ਇਨ੍ਹਾਂ ਲੇਖਾਂ ਦਾ ਹਾਸਿਲ ਹੈ। ਲੇਖਕ ਪਾਸ ਨਾ ਸਿਰਫ਼ ਸ਼ਬਦਾਂ ਦਾ ਖ਼ਜਾਨਾ ਹੈ, ਸਗੋਂ ਉਸ ਪਾਸ ਜਾਣਕਾਰੀ ਅਤੇ ਸੂਚਨਾਵਾਂ ਦਾ ਵਿਸ਼ਾਲ ਭੰਡਾਰ ਹੈ। ਇਹ ਸਭ ਉਸਨੂੰ ਆਪਣੇ ਮਨੋਭਾਵਾਂ ਦੇ ਪ੍ਰਗਟਾਅ ਲਈ ਮਦਦਗਾਰ ਸਾਬਿਤ ਹੁੰਦਾ ਹੈ। ਸਮੇਂ ਦੇ ਯਥਾਰਥ ਨੂੰ ਸਮਝਣਾ, ਉਸ ਦੀ ਨਿਸ਼ਾਨਦੇਹੀ ਕਰਨਾ, ਪੁਰਾਤਨ ਨਾਲ ਤੁਲਨਾ ਕਰਨੀ, ਵਿਸ਼ਲੇਸ਼ਣ ਮਗਰੋਂ ਸਿੱਟਿਆਂ ਨੂੰ ਨਾਪ-ਤੋਲ ਕੇ ਸੰਤੁਲਤ ਢੰਗ ਨਾਲ ਸਕਾਰਾਤਮਕ ਪਹੁੰਚ ਅਪਣਾਉਂਦਿਆਂ ਪ੍ਰਭਾਵਸ਼ਾਲੀ ਰੌਚਕ ਸ਼ੈਲੀ ਵਿੱਚ ਪੇਸ਼ ਕਰਨਾ ਇਹ ਸੌਖਾ ਕਾਰਜ ਨਹੀਂ ਹੈ, ਜਿਸ ਨੂੰ ਲੇਖਕ ਨੇ ਬੜੇ ਹੀ ਸਿਰੜ ਤੇ ਸਿਦਕ ਨਾਲ ਅੰਜ਼ਾਮ ਦਿੱਤਾ ਹੈ। ਲੇਖਕ ਦਾ ਅਨੁਭਵ ਤੋਂ ਅਨੁਭੂਤੀ ਦਾ ਇਹ ਸਫ਼ਰ ਬਹੁਤ ਤਸੱਦਦ ਭਰਿਆ ਹੈ।

ਪੁਸਤਕ 'ਖ਼ਿਆਲ ਤੋਂ ਤਹਿਰੀਰ ਤੱਕ' ਮਨੁੱਖੀ ਖ਼ਿਆਲ ਦੀ ਉਪਜ ਤੋਂ ਲੈ ਕੇ ਵਿਸਥਾਰ ਗ੍ਰਹਿਣ ਕਰਕੇ ਕਾਗਜ਼ ਦੇ ਕੈਨਵਸ ਤੇ ਸ਼ਬਦਾਂ, ਗਿਆਨ ਤੇ ਅਨੁਭਵ ਦੇ ਰੰਗਾਂ ਰਾਹੀਂ ਪੰਜਾਬ ਦਾ ਯਥਾਰਥਮਈ ਚਿੱਤਰਣ ਡਾ. ਅਰਵਿੰਦਰ ਸਿੰਘ ਵਰਗੇ 'ਇੰਮਪ੍ਰੇਸ਼ਨਿਸ਼ਟ ਕਲਾਕਾਰ' ਦੀ ਕਲਮ ਤੋਂ ਹੀ ਸੰਭਵ ਹੋ ਸਕਿਆ ਹੈ। ਯੂਨੀਸਟਾਰ ਪਬਲੀਕੇਸ਼ਨ ਵਲੋਂ ਪ੍ਰਕਾਸ਼ਿਤ ਇਹ ਪੁਸਤਕ ਦਾ ਸਰਵਰਕ ਆਕਰਸ਼ਕ ਹੈ। ਪ੍ਰਿੰਟਿਗ ਪੱਖੋਂ ਮਿਆਰੀ ਹੈ। ਇੱਕ ਬਾਮਕਸਦ ਤੇ ਸਾਰਥਕ ਪੁਸਤਕ ਦੀ ਸਿਰਜਣਾ ਲਈ ਡਾ. ਅਰਵਿੰਦਰ ਸਿੰਘ ਵਧਾਈ ਦੇ ਹੱਕਦਾਰ ਹਨ। ਮੈਂ ਪੰਜਾਬ ਦੇ ਸੱਚੇ ਹਿਤੈਸ਼ੀਆਂ ਨੂੰ ਇਹ ਪੁਸਤਕ ਪੜ੍ਹਨ ਦੀ ਸਿਫਾਰਸ਼ ਕਰਦਾ ਹਾਂ।

# ਕੁਝ ਰੁੱਖ ਲਗਦੇ ਮਾਵਾਂ... ਜਿਉਣ ਰੁੱਖਾਂ ਦੀਆਂ ਛਾਵਾਂ

**ਪੰਜਾਬ ਦਾ ਫਿਕਰ**

**ਤਰਲੋਚਨ ਸਿੰਘ ਭੱਟੀ**
ਸਾਬਕਾ ਪੀ.ਸੀ.ਐਸ. ਅਧਿਕਾਰੀ
ਫੋਨ:91-9876502607



ਪੰਜਾਬ, 50362 ਵਰਗ ਕਿਲੋਮੀਟਰ ਦੇ ਭੂਗੋਲਿਕ ਖੇਤਰ ਵਾਲਾ ਭਾਰਤ ਦੇ ਛੋਟੇ ਰਾਜਾਂ ਵਿੱਚੋਂ ਇੱਕ ਹੈ ਅਤੇ 23 ਜਿਲ੍ਹੇ 12,858 ਪਿੰਡ, 234 ਸ਼ਹਿਰੀ/ ਕਸਬਿਆਂ ਵਾਲਾ ਰਾਜ ਹੈ, ਜਿਸ ਵਿੱਚ ਜੰਗਲਾਂ ਅਧੀਨ ਕਾਨੂੰਨੀ ਤੌਰ 'ਤੇ 3058 ਵਰਗ ਕਿਲੋਮੀਟਰ ਜਾਂ ਕੁੱਲ ਭੂਗੋਲਿਕ ਖੇਤਰ ਦਾ ਲਗਭਗ 6.1% ਜੰਗਲਾਤ ਹੈ। ਇਸ ਵਿੱਚ ਲਗਭਗ ਅੱਧੇ ਜੰਗਲੀ ਖੇਤ ਰਾਖਵੇਂ ਸੁਰੱਖਿਅਤ ਜੰਗਲ ਵਜੋਂ ਸੂਚੀਬੱਧ ਹਨ। ਮੁੱਖ ਤੌਰ 'ਤੇ ਪੰਜਾਬ ਵਿੱਚ ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ (ਪੰਜਾਬ ਸਰਕਾਰ) ਪੰਜਾਬ ਵਿੱਚ ਰੁੱਖ ਲਗਾਉਣ ਜੰਗਲਾਂ ਅਤੇ ਜੰਗਲੀ ਜੀਵ ਸੁਰੱਖਿਆ ਲਈ ਜ਼ਿੰਮੇਵਾਰ ਹੈ। ਇਸ ਦੇ ਦੋ ਵਿੰਗ- ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਹਨ। ਜਿੱਥੋਂ ਤੱਕ ਜੰਗਲਾਂ ਦਾ ਸਬੰਧ ਹੈ, ਜੰਗਲਾਤ ਵਿੰਗ ਪੰਜਾਬ ਲੈਂਡ ਪ੍ਰੀਜ਼ਰਵੇਸ਼ਨ ਐਕਟ 1900 ਨੂੰ ਲਾਗੂ ਕਰਕੇ ਪੰਜਾਬ ਰਾਜ ਵਿੱਚ ਪੰਜਾਬ ਵਿੱਚ ਜੰਗਲੀ ਖੇਤਰਾਂ ਦੀ ਸੁਰੱਖਿਆ ਲਈ ਜ਼ਿੰਮੇਵਾਰ ਹੈ- ਇੰਡੀਅਨ ਫਾਰੈਸਟ ਐਕਟ 1927, ਜੰਗਲਾਤ ਸੰਭਾਲ ਐਕਟ 1980; ਹੋਰ ਐਕਟਾਂ ਅਤੇ ਨਿਯਮਾਂ ਨੂੰ ਲਾਗੂ ਕਰਨਾ ਜੰਗਲਾਤ ਵਿੰਗ ਦੇ ਅਧੀਨ ਹੈ।

ਸੂਚੀਬੱਧ ਰਾਖਵੇਂ ਸੁਰੱਖਿਅਤ ਜੰਗਲ ਤੋਂ ਇਲਾਵਾ ਬਾਕੀ ਬਚੇ ਜੰਗਲਾਤ ਦਾ ਪ੍ਰਬੰਧਨ ਪੰਜਾਬ ਭੂਮੀ ਸੁਰੱਖਿਆ ਐਕਟ 1900 ਅਧੀਨ ਕੀਤਾ ਜਾਂਦਾ ਹੈ। ਜੰਗਲੀ ਜੀਵ ਵਿੰਗ ਜੰਗਲੀ ਜੀਵ ਦੀ ਸੁਰੱਖਿਆ, ਸੰਭਾਲ ਅਤੇ ਪ੍ਰਬੰਧਨ ਲਈ ਜ਼ਿੰਮੇਵਾਰ ਹੈ। ਸਰੱਖਿਆ ਕਾਰਜਾਂ ਵਿੱਚ ਜੰਗਲੀ ਜੀਵ ਅਪਰਾਧਾਂ ਦਾ ਪਤਾ ਲਗਾਉਣਾ, ਅਦਾਲਤਾਂ ਵਿੱਚ ਉਨ੍ਹਾਂ ਦੇ ਮੁੱਕਦਮੇ ਚਲਾਉਣਾ ਅਤੇ ਜੰਗਲੀ ਜੀਵ (ਸੁਰੱਖਿਆ ਐਕਟ 1972) ਨੂੰ ਲਾਗੂ ਕਰਨਾ ਸ਼ਾਮਲ ਹੈ। ਜੰਗਲੀ ਜੀਵ ਸੁਰੱਖਿਆ ਦੇ ਨਾਲ ਨਾਲ ਜੀਵਾਂ ਦੇ ਕੁਦਰਤੀ ਨਿਵਾਸ ਅਸਥਾਨਾਂ ਚਿੜੀਆਂ ਘਰਾਂ ਅਤੇ ਮਿੰਨੀ ਚਿੜੀਆਂ ਘਰਾਂ ਦਾ ਪ੍ਰਬੰਧਨ ਦੇ ਨਾਲ ਨਾਲ ਪੰਛੀਆਂ ਅਤੇ ਜਾਨਵਰਾਂ ਦੀਆਂ ਦੁਰਲਭ ਅਤੇ ਕਤਰੇ ਵਾਲੀਆਂ ਕਿਸਮਾਂ ਦੀ ਸੁਰੱਖਿਆ ਵੀ ਸ਼ਾਮਲ ਹੈ। ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ ਦੀ ਮੁੱਖ ਜ਼ਿੰਮੇਵਾਰੀ ਪੰਜਾਬ ਵਿੱਚ ਰੁੱਖ ਲਗਾਉਣ ਲਈ ਸਿਹਤਮੰਦ ਅਤੇ ਚੰਗੀ ਕਿਸਮਾਂ ਦੇ ਰੁੱਖ ਲਗਾਉਣ ਲਈ ਆਮ ਲੋਕਾਂ ਅਤੇ ਸੰਸਥਾਵਾਂ ਨੂੰ ਵਾਜਬ ਕੀਮਤਾਂ 'ਤੇ ਆਪਣੀਆਂ ਨਰਸਰੀਆਂ/ਬੂਟੇ ਉਪਲਬੱਧ ਕਰਵਾਉਣਾ ਹੈ। ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ ਬਾਰੇ ਵੇਰਵਾ ਦੇਣ ਤੋਂ ਸਾਡਾ ਮਕਸਦ ਇਸ ਵਿਭਾਗ (ਪੰਜਾਬ ਸਰਕਾਰ) ਦੀ ਜ਼ਿੰਮੇਵਾਰੀਆਂ ਬਾਰੇ, ਪੰਜਾਬ ਵਿੱਚ ਰੁੱਖ ਲਗਾਉਣਾ ਅਤੇ ਉਨ੍ਹਾਂ ਦੀ ਸਾਂਭ-ਸੰਭਾਲ ਬਾਰੇ ਪੰਜਾਬ ਦੇ ਲੋਕਾਂ ਨੂੰ ਜਾਗਰੂਕ ਕਰਨਾ ਹੈ।

ਜ਼ਿਕਰਯੋਗ ਹੈ ਕਿ ਭਾਰਤ ਦੇ ਸੰਵਿਧਾਨ ਦੇ ਭਾਗ 4 (ਰਾਜ ਦੀ ਨੀਤੀ ਦੇ ਨਿਰਦੇਸ਼ਕ ਸਿਧਾਂਤ) ਦੇ ਆਰਟੀਕਲ 48 (ੳ) ਰਾਹੀਂ ਵਿਵਸਥਾ ਕੀਤੀ ਗਈ ਹੈ ਕਿ ਰਾਜ, ਦੇਸ਼ ਦੇ ਵਾਤਾਵਰਣ ਦੀ ਹਿਫ਼ਾਜ਼ਤ, ਬੇਹਤਰੀ, ਜੰਗਲਾਂ ਅਤੇ ਜੰਗਲੀ ਜੀਵਾਂ ਦੀ ਸਰੁੱਖਿਆ ਲਈ ਉੱਦਮ ਕਰੇਗਾ। ਇਸ ਤਰ੍ਹਾਂ ਸੰਵਿਧਾਨ ਦੇ ਭਾਗ ਚਾਰ (ੳ) (ਮੂਲ ਕਰਤਵਾਂ) ਆਰਟੀਕਲ ਨੰ. 51 ਰਾਹੀਂ ਭਾਰਤ ਦੇ ਹਰੇਕ ਨਾਗਰਿਕ ਦੀਆਂ ਹੋਰ ਮੁੱਢਲੀਆਂ ਜ਼ਿੰਮੇਵਾਰੀਆਂ ਦੇ ਨਾਲ ਨਾਲ ਇਹ ਵੀ ਜ਼ਿੰਮੇਵਾਰੀ ਹੈ ਕਿ ਉਹ ਕੁਦਰਤੀ ਵਾਤਾਵਰਣ ਦੀ, ਜਿਸ ਵਿੱਚ ਜੰਗਲ, ਝੀਲਾਂ, ਦਰਿਆਂ ਅਤੇ ਜੰਗਲੀ ਜੀਵਨ ਸ਼ਾਮਲ ਹੈ, ਦੀ ਰੱਖਿਆ ਅਤੇ ਬਿਹਤਰੀ ਕਰਨ ਦੇ ਨਾਲ ਨਾਲ ਜਾਨਦਾਰ ਜੰਤੂਆਂ ਉਤੇ ਦਇਆ ਕਰੇਗਾ। ਸੰਵਿਧਾਨ ਵਿੱਚ ਦਰਸਾਏ ਗਏ ਕੇਂਦਰੀ ਅਤੇ ਰਾਜ ਸਰਕਾਰਾਂ ਨੂੰ ਦਿੱਤੇ ਗਏ ਸੰਵਿਧਾਨਕ ਨਿਰਦੇਸ਼ ਅਤੇ ਭਾਰਤ ਦੇ ਹਰੇਕ ਨਾਗਰਿਕ ਲਈ ਰੁੱਖਾਂ, ਜੰਗਲਾਂ, ਝੀਲਾਂ, ਦਰਿਆਵਾਂ ਆਦਿ ਦੀ ਸੰਭਾਲ ਕਰਨੀ ਸਰਕਾਰਾਂ ਅਤੇ ਨਾਗਰਿਕਾਂ ਦੀਆਂ ਇਖਲਾਕੀ ਜ਼ਿੰਮੇਵਾਰੀਆਂ ਹਨ, ਜਿਨ੍ਹਾਂ ਨੂੰ ਅਦਾਲਤਾਂ ਦੇ ਹੁਕਮਾਂ ਰਾਹੀਂ ਲਾਗੂ ਨਹੀਂ ਕਰਵਾਇਆ ਜਾ ਸਕਦਾ। ਰੁੱਖਾਂ, ਜੰਗਲਾਂ ਅਤੇ ਜੰਗਲੀ ਜੀਵਾਂ ਦੀ ਸੰਭਾਲ ਲਈ ਸਰਕਾਰਾਂ ਅਤੇ ਲੋਕਾਂ ਨੂੰ ਢੁਕਵੀਂ ਲੋਕ ਰਾਏ ਅਤੇ ਸਮਾਜਿਕ ਦਬਾਅ ਬਣਾ ਕੇ ਪ੍ਰੇਰਤ ਕਰਨ ਦੇ ਨਾਲ ਨਾਲ ਮਜ਼ਬੂਰ ਵੀ ਕੀਤਾ ਜਾ ਸਕਦਾ ਹੈ ਕਿ ਆਪਣੇ ਆਪਣੇ ਖੇਤਰ ਵਿੱਚ ਨਵੇਂ ਰੁੱਖ ਲਗਾਉਣ ਅਤੇ ਲਗਾਏ ਗਏ ਰੁੱਖ, ਵਣਾਂ ਦੀ ਸਾਂਭ-ਸੰਭਾਲ ਜਰੂਰ ਕਰਨਾ।

ਅੰਤਰਰਾਸ਼ਟਰੀ ਪੈਨਲ ਆਨ ਕਲਾਈਮੇਟ ਚੇਂਜ ਦੀ 2018 ਦੀ ਰਿਪੋਰਟ ਅਨੁਸਾਰ ਜਲਵਾਯੂ ਤਬਦੀਲੀ ਨੂੰ ਰੋਕਣ ਲਈ ਸਭ ਤੋਂ ਵਧੀਆ ਅਤੇ ਅਸਾਨ ਤਰੀਕਾ ਰੁੱਖ ਲਗਾਉਣਾ ਅਤੇ ਜੰਗਲਾਤ ਖੇਤਰ ਨੂੰ ਵਧਾਉਣਾ ਹੈ। ਨਵੇਂ ਰੁੱਖ ਲਗਾਉਣਾ ਅਤੇ ਪੁਰਾਣੇ ਲੱਗੇ ਰੁੱਖਾਂ ਦੀ ਸਾਂਭ-ਸੰਭਾਲ ਕਰਨ ਨਾਲ ਜਿੱਥੇ ਲੋਕਾਂ ਨੂੰ ਸਾਫ ਹਵਾ, ਸਾਫ ਪਾਣੀ, ਬੈਠਣ ਲਈ ਛਾਂ, ਗਰਮੀ ਤੋਂ ਰਾਹਤ, ਸਥਿਰ ਜਲਵਾਯੂ, ਜੈਵ ਵਿਭਿੰਨਤਾ, ਸਿਹਤ ਵਧਾਉਣਾ, ਸਥਾਨਕ ਭਾਈਚਾਰਾ ਅਤੇ ਸਕਾਰਾਤਮਕ ਸਮਾਜਿਕ ਪ੍ਰਭਾਵ ਪਾਉਣਾ, ਮਕਾਨ ਉਸਾਰੀ ਲਈ ਸਮਗਰੀ, ਖਾਣਾ ਪਕਾਉਣ ਲਈ ਬਾਲਣ ਆਦਿ ਉਪਲੱਬਧ ਕਰਵਾਉਣਾ ਹੈ।

ਹਰੇਕ ਸਾਲ ਬਰਸਾਤੀ ਮੌਸਮ ਸਮੇਂ (ਜੁਲਾਈ, ਅਗਸਤ, ਸਤੰਬਰ ਦੌਰਾਨ) ਪੰਜਾਬ ਵਿੱਚ ਸਰਕਾਰੀ ਅਤੇ



ਗੈਰ-ਸਰਕਾਰੀ ਪੱਧਰ, ਵਿਅਕਤੀਗਤ ਤੌਰ 'ਤੇ ਅਤੇ ਸਮੂਹਿਕ ਤੌਰ 'ਤੇ ਵਣ ਉਤਸਵ ਮਨਾਉਂਦੇ ਹੋਏ ਬੂਟੇ ਇਸ ਆਸ ਅਤੇ ਮਕਸਦ ਨਾਲ ਲਗਾਏ ਜਾਂਦੇ ਹਨ ਕਿ ਇਹ ਬੂਟੇ ਵੱਡੇ ਹੋ ਕੇ ਰੁੱਖ ਬਨਣਗੇ, ਜਿਸ ਦੀ ਛਾਂ ਹੇਠ ਲੋਕ ਆਪਣੇ ਵਿਹਲੇ ਸਮੇਂ ਦੌਰਾਨ ਸੱਥਾਂ ਲਗਾਉਣਗੇ। ਭਾਵੇਂ ਬੂਟੇ ਲਗਾਉਣ ਵਾਲੀਆਂ ਸੰਸਥਾਵਾਂ ਅਤੇ ਵਿਅਕਤੀਗਤ ਬੂਟੇ ਲਗਾਉਂਦੇ ਸਮੇਂ ਫੋਟੋ ਸੈਸ਼ਨ ਦੌਰਾਨ ਅੰਕੜੇ ਵੀ ਸਾਂਝੇ ਕਰਦੇ ਹਨ, ਪਰ ਅਫਸੋਸ ਹੈ ਕਿ ਅਜੇ ਤੱਕ ਕੋਈ ਐਸਾ ਵਿਭਾਗ ਜਾਂ ਸੰਸਥਾ ਸਾਡੀ ਨਜ਼ਰ ਨਹੀਂ ਪਈ, ਜਿਸ ਨੇ ਇਹ ਅਧਿਐਨ ਕੀਤਾ ਹੋਵੇ ਕਿ ਕਿਸ ਖੇਤਰ ਵਿੱਚ ਕਿਸੇ ਸੰਸਥਾ ਵਲੋਂ ਜਿਹੜੇ ਜਿਹੜੇ ਬੂਟੇ ਲਗਾਏ ਗਏ ਸਨ ਅਤੇ ਉਨ੍ਹਾਂ ਵਿੱਚੋਂ ਕਿੰਨੇ ਬੂਟੇ ਰੁੱਖ ਬਣ ਗਏ ਹਨ।

ਸਾਲ 2024 ਦੇ ਬਰਸਾਤੀ ਸੀਜ਼ਨ ਦੌਰਾਨ ਵੀ ਬਹੁਤ ਸਾਰੇ ਵਿਭਾਗਾਂ ਅਤੇ ਸੰਸਥਾਵਾਂ ਨੇ ਸੋਸ਼ਲ ਮੀਡੀਆ ਪਲੇਟਫਾਰਮਾਂ ਉਤੇ ਬੂਟੇ ਲਗਾਉਂਦੇ ਸਮੇਂ ਦੀਆਂ ਤਸਵੀਰਾਂ ਅਤੇ ਅੰਕੜੇ ਜਾਰੀ ਕੀਤੇ ਹਨ। ਮਸਲਨ ਪੰਜਾਬ ਪੁਲਿਸ ਵੱਲੋਂ ਸੋਸ਼ਲ ਮੀਡੀਆ ਪੋਸਟਾਂ ਰਾਹੀਂ ਦੱਸਿਆ ਗਿਆ ਹੈ ਕਿ ਪੰਜਾਬ ਪੁਲਿਸ ਵੱਲੋਂ 12 ਜੁਲਾਈ 2024 ਨੂੰ ਰੁੱਖ ਲਗਾਉਣ ਦੀ ਮੁਹਿੰਮ ਸ਼ੁਰੂ ਕੀਤੀ ਹੈ, ਜਿਸ ਅਧੀਨ ਆਰਮਡ ਬਟਾਲੀਅਨ, ਰੇਲਵੇ ਪੁਲਿਸ, ਜੇਲ੍ਹ ਵਿਭਾਗ, ਜ਼ਿਲ੍ਹਾ ਪੁਲਿਸ ਸਟੇਸ਼ਨਾਂ ਸਮੇਤ ਸਾਰੀਆਂ ਯੂਨਿਟਾਂ ਵੱਲੋਂ 10,000 ਤੋਂ ਵੱਧ ਰੁੱਖ ਲਗਾ ਕੇ ਪੂਰੇ ਉਤਸ਼ਾਹ ਨਾਲ ਭਾਗ ਲਿਆ। ਪੁਲਿਸ ਵੱਲੋਂ ਲਗਾਏ ਗਏ 10,000 ਬੂਟਿਆਂ ਵਿੱਚੋਂ ਕਿੰਨੇ ਸੁਰਖਿਅਤ ਰਹਿ ਕੇ ਰੁੱਖ ਬਣਦੇ ਹਨ, ਇਹ ਤਾਂ ਸਮਾਂ ਹੀ ਦੱਸੇਗਾ।

ਇਸੇ ਤਰ੍ਹਾਂ ਰਾਜ ਸਭਾ ਮੈਂਬਰ ਸੰਤ ਬਲਵੀਰ ਸਿੰਘ ਸੀਚੇਵਾਲ ਵੱਲੋਂ ਦਾਅਵਾ ਕੀਤਾ ਗਿਆ ਹੈ ਕਿ ਬੂਟੇ ਲਗਾਉਣ ਦੀ ਮੁਹਿੰਮ ਦੀ ਸ਼ੁਰੂਆਤ ਦੇ ਪਹਿਲੇ ਪੜਾਅ ਦੌਰਾਨ ਇੱਕ ਲੱਖ ਦੇ ਕਰੀਬ ਬੂਟੇ ਚਾਹਵਾਨ ਲੋਕਾਂ ਨੂੰ ਵੰਡੇ ਗਏ। ਪੰਜਾਬ ਦੇ ਜੰਗਲਾਤ ਮੰਤਰੀ ਵੱਲੋਂ ਦਾਅਵਾ ਕੀਤਾ ਗਿਆ ਹੈ ਕਿ ਉਨ੍ਹਾਂ ਦੇ ਵਿਭਾਗ ਵੱਲੋਂ 3 ਕਰੋੜ ਰੁੱਖ ਲਗਾਏ ਜਾ ਰਹੇ ਹਨ। ਭਾਰਤ ਸਰਕਾਰ ਵੱਲੋਂ ਵੀ ਸਾਲ 2016 ਵਿੱਚ ਦਾਅਵਾ ਕੀਤਾ ਸੀ ਕਿ ਭਾਰਤ ਵਿੱਚ ਨਾਗਰਿਕਾਂ ਦੀ ਮਦਦ ਨਾਲ ਇੱਕ ਦਿਨ ਵਿੱਚ 50 ਮਿਲੀਆਨ ਰੁੱਖ ਲਗਾ ਕੇ ਵਿਸ਼ਵ ਰਿਕਾਰਡ ਬਣਾਇਆ ਸੀ। ਸਰਕਾਰਾਂ ਦੇ ਦਾਅਵੇ ਸਰਕਾਰਾਂ ਨੂੰ ਮੁਬਾਰਕ। ਰੁੱਖਾਂ ਬਾਰੇ ਪੰਜਾਬੀਆਂ ਵਿੱਚ ਇਹ ਇੱਕ ਪ੍ਰਚਲਤ ਵਿਖਿਆਨ ਹੈ, "ਆਇਆ ਸੌਣ ਦਾ ਮਹੀਨਾ, ਰੁੱਖ ਲਾਉਣ ਦਾ ਮਹੀਨਾ।"

ਉੱਘੇ ਰੁੱਖ ਵਿਗਿਆਨੀ ਡਾ. ਬਲਵਿੰਦਰ ਸਿੰਘ ਲੱਖੇਵਾਲ ਵੱਲੋਂ ਪੰਜਾਬ ਵਿਚਲੇ ਰੁੱਖਾਂ ਦਾ ਵਰਗੀਕਰਨ ਅਤੇ ਯੋਜਨਾਬੰਦੀ ਕੀਤੀ ਗਈ ਹੈ। ਪੰਜਾਬ ਵਿੱਚ ਲੁਪਤ ਹੋ ਰਹੇ ਰੁੱਖਾਂ ਦਾ ਵੇਰਵਾ, ਗੁਰੂ ਗ੍ਰੰਥ ਸਾਹਿਬ ਵਿੱਚ ਰੁੱਖਾਂ ਦਾ ਜ਼ਿਕਰ, ਸੜਕਾਂ ਉਤੇ ਲਗਾਏ ਜਾਣ ਵਾਲੇ ਰੁੱਖਾਂ, ਟਿਊਬਵੈਲਾਂ ਅਤੇ ਖੇਤਾਂ ਵਿਚਾਲੇ ਲਗਾਏ ਜਾਣ ਵਾਲੇ ਰੁੱਖਾਂ, ਫੁਲਾਂ ਵਾਲੇ ਅਤੇ ਸੁੰਦਰ ਦਿਖਣ ਵਾਲੇ ਰੁੱਖਾਂ, ਸੁਗੰਧੀ ਵਾਲੇ ਰੁੱਖਾਂ, ਦਵਾਈਆਂ ਵਿੱਚ ਵਰਤੇ ਜਾਣ ਵਾਲੇ ਰੁੱਖਾਂ ਦੀ ਪਛਾਣ ਕੀਤੀ ਹੈ। ਪੰਜਾਬ ਦੇ ਲੋਕਾਂ ਨੂੰ ਐਸੀ ਵਿਲੱਖਣ ਜਾਣਕਾਰੀ ਤੋਂ ਫਾਇਦਾ ਲੈਣਾ ਚਾਹੀਦਾ ਹੈ।

ਸਾਨੂੰ ਸਦਾ ਯਾਦ ਰੱਖਣਾ ਚਾਹੀਦਾ ਹੈ ਕਿ ਜੇਕਰ ਪੰਜਾਬ ਨੂੰ ਬਚਾਉਣਾ ਹੈ ਤਾਂ ਰੁੱਖ ਲਗਾਉਣੇ ਜਰੂਰੀ ਹਨ। ਵਿਦੇਸ਼ ਵਿੱਚ ਭਾਈਚਾਰਾ ਪੰਜਾਬ ਰਹਿੰਦੇ ਆਪਣੇ ਪਰਿਵਾਰਾਂ ਵੱਧ ਤੋਂ ਵੱਧ ਰੁੱਖ ਲਾਉਣ ਲਈ ਪ੍ਰੇਰ ਸਕਦਾ ਹੈ। ਸ਼ਿਵ ਕੁਮਾਰ ਬਟਾਲਵੀ ਨੇ ਰੁੱਖ ਦੀ ਬੜੀ ਖੂਬਸੂਰਤੀ ਨਾਲ ਵਿਆਖਿਆ ਕੀਤੀ ਹੈ:

ਕੁੱਝ ਰੁੱਖ ਮੈਨੂੰ ਪੁੱਤ ਲਗਦੇ ਨੇ, ਕੁੱਝ ਰੁੱਖ ਲਗਦੇ ਮਾਵਾਂ

ਕੁੱਝ ਰੁੱਖ ਨੂੰਹਾਂ ਧੀਆਂ ਲੱਗਦੇ, ਕੁੱਝ ਰੁੱਖ ਵਾਂਗ ਭਰਾਵਾਂ...

ਰੁੱਖ ਤਾਂ ਮੇਰੀ ਮਾਂ ਵਰਗੇ ਨੇ, ਜਿਉਣ ਰੁੱਖਾਂ ਦੀਆਂ ਛਾਵਾਂ

ਆਓ ! ਫਿਰ ਪੰਜਾਬ ਬਚਾਈਏ, ਰੁੱਖ ਲਗਾਈਏ।

---

## ਤਸਵੀਰਾਂ ਦੀ ਜ਼ੁਬਾਨੀ

# ਮੈਡੀਸਨ, ਵਿਸਕਾਨਸਿਨ 'ਚ ਲੱਗੀਆਂ 'ਤੀਆਂ' ਦੀਆਂ ਰੌਣਕਾਂ











Sponsored Space


Federation of Indian Associations
FIA-CHICAGO 501 (C)(3) IL
ANIL LOOMBA
630.745.9640
HMSI
INNOVATIVE MORTGAGE
Banquet Chairman
F.I.A
FEDERATION OF INDIAN ASSOCIATIONS CHICAGO
GHOMAN GROUP
Amarbir Singh Ghoman
Harsharan Singh Ghoman
CELEBRATES
FIA 15TH ANNIVERSARY
STAR AWARDS NIGHT WITH INDIA'S INDEPENDENCE DAY
VENUE: THE MATRIX CLUB
808 South Route 59, Naperville, IL 60540
Ticket: $75, $150
Meet & Greet: $250 & VIP
JAYA PRADA
LEGENDARY BOLLYWOOD SUPERSTAR
SPECIAL GUEST OF HONOR
16th August, 2024
At 07:00pm
Sparsh Shah - Motivational Speaker
MARKETING & MEDIA PARTNER
OUTLAND MEDIA
Desi Junction
For More Details, Please Contact:
SUNIL SHAH 847-309-4462
PRATIBHA JAIRATH 630-222-1248
NEIL KHOT 847-340-0123
VINITA GULABANI 630-915-0658
ReliaCare 630-960-5100 www.reliacareltd.com
OROCHEM Molecular Purification by Design
MAFS metropolitan asian family services
INDIACO
MALABAR GOLD & DIAMONDS
Reliance
Ameriprise Financial
Ami Financial Group
PINKY & DINESH THAKKAR
ASHIMA WASHINGTON
CORE EXTERIORS
SUGA BUILDERS & CONSTRUCTION
COMMERCIAL & RESIDENTIAL
JASBIR SUGA 708-715-1734
Manish & Shailja Gandhi
STANDARD HOME CARE
Medstar
PHOTOGRAPHY
RAMESH PUNATAR
USA FILM PRODUCTIONS
847-778-7722
Crossroads Animal Hospital
DR. BHUPINDER BERI - 815-609-5444
NUMARK CREDIT UNION
Media OZA
3D LED DANCE FLOOR
VINAKOM
ITExpertUS
ICO
American STAR REALTY
WORLDWIDE LOGISTIC PARTNERS, INC.
Ashyana
SHRI Bistro
REDBERRI
POWERVOLT
The Power for your System



ਸ਼ੇਰ-ਏ-ਪੰਜਾਬ ਸਪੋਰਟਸ ਕਲੱਬ
(ਮਿਡਵੈਸਟ) ਸ਼ਿਕਾਗੋ
SHER-E-PUNJAB SPORTS CLUB CHICAGO MIDWEST
ਸ਼ਿਕਾਗੋ ਕਬੱਡੀ ਕੱਪ
ਖੇਡ ਅਤੇ ਸੱਭਿਆਚਾਰਕ ਮੇਲਾ
ਕਬੱਡੀ, ਵਾਲੀਬਾਲ ਤੇ ਰੱਸਾਕਸ਼ੀ ਦੇ ਮੁਕਾਬਲੇ ਹੋਣਗੇ
ਬੱਚਿਆਂ ਦੀਆਂ ਖੇਡਾਂ ਵੀ ਕਰਵਾਈਆਂ ਜਾਣਗੀਆਂ
ਪਹਿਲੀ ਸਤੰਬਰ 2024
ਐਤਵਾਰ, ਸਵੇਰੇ 10:30 ਤੋਂ ਦੇਰ ਸ਼ਾਮ ਤੱਕ
ਬਸੀ ਵੁੱਡਜ਼ ਫਾਰੈਸਟ ਪ੍ਰੀਜ਼ਰਵ, ਐਲਕ ਗਰੂਵ (ਇਲੀਨਾਏ)
ਅਮਰਜੀਤ ਸਿੰਘ ਢੀਂਡਸਾ
ਮੁੱਖ ਮਹਿਮਾਨ
ਲਖਬੀਰ ਸਿੰਘ ਢੀਂਡਸਾ
ਮੁੱਖ ਮਹਿਮਾਨ
ਗੁਰਿੰਦਰਜੀਤ ਸਿੰਘ ਗਰੇਵਾਲ
ਡਾਇਰੈਕਟਰ ਆਫ ਈਵੈਂਟ
ਬਲਦੇਵ ਸਿੰਘ ਸੱਲ੍ਹਾਂ
ਚੇਅਰਮੈਨ
ਹਰਜੀਤ ਹਰਮਨ ਗਾਇਕੀ ਦੇ ਖੁੱਲ੍ਹੇ ਅਖਾੜੇ ਰਾਹੀਂ ਮਨੋਰੰਜਨ ਕਰੇਗਾ
Free Entry, Free Food
and Free Parking
ਪਰਿਵਾਰਾਂ ਨਾਲ ਆਓ
ਮੇਲੇ ਦੀ ਰੌਣਕ ਵਧਾਓ
ਸਭ ਨੂੰ ਖੁੱਲ੍ਹਾ ਸੱਦਾ
ਲਖਵਿੰਦਰ ਸਿੰਘ
ਪ੍ਰਧਾਨ
815-690-0941
ਜਸਰੂਪ ਸਿੰਘ
ਮੀਤ ਪ੍ਰਧਾਨ
224-578-2939
ਅੰਮ੍ਰਿਤਪਾਲ ਮਾਂਗਟ
ਖਜ਼ਾਨਚੀ
847-890-0704
ਅੰਮ੍ਰਿਤਪਾਲ ਸਿੰਘ
ਗਿੱਲ
920-460-1001
ਹਰਦੀਪ ਸਿੰਘ
ਬੰਦੇਸ਼ਾ
815-546-0525
ਗੁਰਦੇਵ ਸਿੰਘ
ਗਿੱਲ
847-271-7451
ਪਰਮਿੰਦਰ ਸਿੰਘ
ਵਾਲੀਆ
847-477-1613
ਅਮਰਦੇਵ ਸਿੰਘ
ਬੰਦੇਸ਼ਾ
708-612-7963
ਬਲਵਿੰਦਰ ਸਿੰਘ
ਚੱਠਾ
630-523-3412
ਦਰਸ਼ਨ ਸਿੰਘ
ਪੰਮਾਂ
847-561-7101
ਅਮਰਜੀਤ ਸਿੰਘ
ਬੰਦੇਸ਼ਾ
815-474-5424
ਮਨਜਿੰਦਰ ਸਿੰਘ
ਚੀਮਾ
815-261-2148
Design by Kuljeet Dyalpuri